@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 22 December 2024

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਐਤਵਾਰ 22 ਦਸੰਬਰ 2024, 8 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 42. qpatrika@gmail.com ਫੋਨ : 9971359517 www.qaumipatrika.org

## ਕੇਜਰੀਵਾਲ ਵਲੋਂ ਵਿਦਿਆਰਥੀਆਂ ਲਈ ਅੰਬੇਡਕਰ ਸਕਾਲਰਸ਼ਿਪ ਦਾ ਐਲਾਨ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 21 ਦਸੰਬਰ। ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਿੱਲੀ 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ਨੀਵਾਰ ਨੂੰ ਸ਼ਹਿਰ ਦੇ ਦਲਿਤ ਵਿਦਿਆਰਥੀਆਂ ਦੀ ਵਿਦੇਸ਼ ਵਿਚ ਮੁਫ਼ਤ ਪੜ੍ਹਾਈ ਲਈ ਅੰਬੇਡਕਰ ਸਕਾਲਰਸ?ਿਪ ਦਾ ਐਲਾਨ ਕੀਤਾ। ਕੇਜਰੀਵਾਲ ਨੇ ਕਿਹਾ ਕਿ ਡਾ. ਅੰਬੇਡਕਰ ਸਨਮਾਨ ਸਕਾਲਰਸ?ਿਪ ਭਾਜਪਾ ਵਲੋਂ ਅੰਬੇਡਕਰ ਦੇ 'ਅਪਮਾਨ' ਦਾ ਜਵਾਬ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਨੇ 'ਆਪ' ਦੇ ਹੈੱਡਕੁਆਰਟਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ ਵਿਚ ਬਾਬਾ ਸਾਹਿਬ ਅੰਬੇਡਕਰ ਦਾ ਅਪਮਾਨ ਕੀਤਾ ਅਤੇ ਉਨ੍ਹਾਂ ਦਾ ਮਖੌਲ ਉਡਾਇਆ ਹੈ। ਅੰਬੇਡਕਰ ਨੂੰ ਚਾਹੁਣ ਵਾਲੇ ਕਰੋੜਾਂ ਲੋਕਾਂ ਨੂੰ ਇਸ ਤੋਂ ਬਹੁਤ ਦੁੱਖ ਪਹੁੰਚਿਆ ਹੈ।



ਕੇਜਰੀਵਾਲ ਨੇ ਕਿਹਾ ਕਿ ਅੰਬੇਡਕਰ ਨੇ ਕਿਹਾ ਸੀ ਕਿ ਸਿੱਖਿਆ ਹੀ ਅੱਗੇ ਵਧਣ ਦਾ ਰਸਤਾ ਹੈ ਅਤੇ ਉਨ੍ਹਾਂ ਨੇ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਅਮਰੀਕਾ ਤੋਂ ਦੀ ਡਿਗਰੀ ਹਾਸਲ ਕੀਤੀ। 'ਆਪ' ਮੁਖੀ ਨੇ ਕਿਹਾ ਕਿ ਇਹ ਸਕਾਲਰਸ਼ਿਪ ਭਾਜਪਾ ਵੱਲੋਂ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਦੇ ਅਪਮਾਨ ਦਾ ਜਵਾਬ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਦਿੱਲੀ ਦਾ ਕੋਈ ਵੀ ਦਲਿਤ ਵਿਦਿਆਰਥੀ ਵਿਦੇਸੀ ਯੂਨੀਵਰਸਿਟੀਆਂ 'ਚ ਸਿੱਖਿਆ ਹਾਸਲ ਕਰ ਸਕੇਗਾ। ਜੇਕਰ ਉਹ ਅਜਿਹੀ ਕਿਸੇ ਵੀ ਯੂਨੀਵਰਸਿਟੀ 'ਚ ਦਾਖਲਾ ਲੈਂਦੇ ਹਨ ਤਾਂ ਉਨ੍ਹਾਂ ਦੀ ਪੜ੍ਹਾਈ, ਯਾਤਰਾ ਅਤੇ ਰਿਹਾਇਸ ਦਾ ਸਾਰਾ ਖਰਚਾ ਦਿੱਲੀ ਸਰਕਾਰ ਚੁੱਕੇਗੀ। ਕੇਜਰੀਵਾਲ ਨੇ ਕਿਹਾ ਕਿ ਸਰਕਾਰੀ ਕਰਮੀਆਂ ਦੇ ਬੱਚੇ ਵੀ ਇਸ ਯੋਜਨਾ ਦੇ ਯੋਗ ਹੋਣਗੇ। ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਇਹ ਸਕਾਲਰਸ਼ਿਪ ਕਦੋਂ ਅਤੇ ਕਿਵੇਂ ਦਿੱਤੀ ਜਾਵੇਗੀ।

## ਭਾਜਪਾ ਸੰਸਦ ਮੈਂਬਰ ਨੇ ਪ੍ਰਿਅੰਕਾ ਗਾਂਧੀ ਨੂੰ ਗਿਫਟ ਕੀਤਾ '1984' ਲਿਖਿਆ ਬੈਗ

ਨਵੀਂ ਦਿੱਲੀ 21 ਦਸੰਬਰ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਸਦ ਮੈਂਬਰ ਅਪਰਾਜਿਤਾ ਸਾਰੰਗੀ ਨੇ ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਨੂੰ ਇਕ ਬੈਗ ਤੋਹਫੇ ਵਿਚ ਦਿੱਤਾ, ਜਿਸ 'ਤੇ ਲਾਲ ਰੰਗ ਵਿਚ '1984' ਲਿਖਿਆ ਹੋਇਆ ਹੈ। ਸਾਰੰਗੀ ਨੇ ਪ੍ਰਿਅੰਕਾ ਨੂੰ ਇਹ ਬੈਗ ਅਜਿਹੇ ਸਮੇਂ 'ਚ ਦਿੱਤਾ ਹੈ, ਜਦੋਂ ਕੁਝ ਦਿਨ ਪਹਿਲਾਂ ਕਾਂਗਰਸੀ ਸੰਸਦ ਮੈਂਬਰ ਫਲਸਤੀਨ ਅਤੇ ਬੰਗਲਾਦੇਸ 'ਤੇ ਲਿਖੇ ਸੰਦੇਸ ਵਾਲਾ ਬੈਗ ਲੈ ਕੇ ਸੰਸਦ ਭਵਨ ਪਹੁੰਚੇ ਸਨ। ਭੁਵਨੇਸਵਰ ਤੋਂ ਭਾਜਪਾ ਸੰਸਦ ਮੈਂਬਰ ਸਾਰੰਗੀ ਨੇ ਸੰਸਦ ਦੇ ਗਲਿਆਰੇ 'ਚ ਪ੍ਰਿਅੰਕਾ ਗਾਂਧੀ ਨੂੰ ਇਹ ਬੈਗ ਦਿੱਤਾ। ਸਾਰੰਗੀ ਨੇ ਇਹ ਬੈਗ ਉਸ ਸਮੇਂ ਕਾਂਗਰਸੀ ਆਗੂ ਨੂੰ ਸੌਂਪਿਆ ਜਦੋਂ ਉਹ ਸੰਸਦ ਦੇ ਗਲਿਆਰੇ ਵਿੱਚੋਂ ਲੰਘ ਰਹੀ ਸੀ। ਪ੍ਰਿਅੰਕਾ ਨੇ ਸਾਰੰਗੀ ਤੋਂ ਬੈਗ ਲਿਆ ਅਤੇ ਅੱਗੇ ਵਧ ਗਈ। ਭਾਜਪਾ ਆਗੂ ਨੇ ਕਿਹਾ ਕਿ ਬੈਗ 'ਤੇ "1984" ਲਿਖਿਆ ਹੋਇਆ ਸੀ। ਉਸ ਨੇ ਕਿਹਾ ਕਿ ਇਹ ਵੀ ਇੱਕ ਮੁੱਦਾ ਹੈ ਜੋ ਕਾਂਗਰਸੀ ਆਗੂ ਨੂੰ ਉਠਾਉਣਾ ਚਾਹੀਦਾ ਹੈ ਕਿਉਂਕਿ ਉਹ ਆਪਣੇ ਬੈਗ 'ਤੇ ਬਿਆਨ ਦੇ ਰਹੀ ਹੈ। ਫਲਸਤੀਨੀ ਲੋਕਾਂ ਦਾ ਸਮਰਥਨ ਕਰਦੇ ਹੋਏ, ਵਾਇਨਾਡ ਦੇ ਸੰਸਦ ਮੈਂਬਰ ਸੋਮਵਾਰ ਨੂੰ ਇੱਕ ਬੈਗ ਲੈ ਕੇ ਸੰਸਦ ਪਹੁੰਚੇ, ਜਿਸ 'ਤੇ "ਫਲਸਤੀਨ" ਲਿਖਿਆ ਹੋਇਆ ਸੀ। ਕਾਂਗਰਸੀ ਸੰਸਦ ਮੈਂਬਰ ਨੂੰ ਮੰਗਲਵਾਰ ਨੂੰ ਸੰਸਦ ਵਿਚ ਇਕ ਕਰੀਮ ਰੰਗ ਦਾ ਹੈਂਡਬੈਗ ਲੈ ਕੇ ਦੇਖਿਆ ਗਿਆ।

## ਗੈਰ-ਕਾਨੂੰਨੀ ਮਦਰੱਸਿਆਂ ਖਿਲਾਫ ਹੋਵੇਗੀ ਕਾਰਵਾਈ : ਧਾਮੀ

ਹਰਿਦੁਆਰ 21 ਦਸੰਬਰ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸਕਰ ਸਿੰਘ ਧਾਮੀ ਨੇ ਕਿਹਾ ਕਿ ਜੇਕਰ ਮਦਰੱਸੇ ਗੈਰ-ਕਾਨੂੰਨੀ ਪਾਏ ਗਏ ਤਾਂ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਥੇ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਧਾਮੀ ਨੇ ਕਿਹਾ ਕਿ ਉਹ ਪ੍ਰਦੇਸ਼ ਵਿਚ ਚਲ ਰਹੇ ਸਾਰੇ ਮਦਰੱਸਿਆਂ ਦੀ ਜਾਂਚ ਕਰਨ ਅਤੇ ਉਨ੍ਹਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਪੁਰਾਣਾ ਰਿਕਾਰਡ ਚੈੱਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਜਨਵਰੀ ਮਹੀਨੇ ਵਿਚ ਯੂਨੀਫਾਰਮ ਸਿਵਲ ਕੋਡ ਬਿੱਲ ਲਾਗੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 2022 ਦੀਆਂ ਚੋਣਾਂ ਵਿਚ ਉਨ੍ਹਾਂ ਨੇ ਜਨਤਾ ਨਾਲ ਵਾਅਦਾ ਕੀਤਾ ਸੀ ਕਿ ਸੂਬੇ ਵਿਚ ਯੂਨੀਫਾਰਮ ਸਿਵਲ ਕੋਡ ਦਾ ਕਾਨੂੰਨ ਲਿਆਂਦਾ ਜਾਵੇਗਾ। ਅਸੀਂ ਇਸ ਲਈ ਪਹਿਲਾਂ ਹੀ ਬਿੱਲ ਪਾਸ ਕਰ ਚੁੱਕੇ ਹਾਂ।

## ਬਾਬਾ ਸਾਹਿਬ ਦਾ ਨਾਂ ਗਲਤ ਢੰਗ ਨਾਲ ਲੈਣ ਲਈ ਮੁਆਫੀ ਮੰਗਣ ਕੇਂਦਰੀ ਗ੍ਰਹਿ ਮੰਤਰੀ : ਹਰਸਿਮਰਤ ਬਾਦਲ

ਚੰਡੀਗੜ੍ਹ 21 ਦਸੰਬਰ। ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬਠਿੰਡਾ ਦੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਅੱਜ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਸੰਸਦ 'ਚ ਸੰਵਿਧਾਨ 'ਤੇ ਬਹਿਸ ਦੌਰਾਨ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਦਾ ਨਾਂ ਗਲਤ ਢੰਗ



ਨਾਲ ਲੈਣ ਲਈ ਮੁਆਫੀ ਮੰਗਣੀ ਚਾਹੀਦੀ ਹੈ। ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕੋਈ ਵੀ ਵਿਅਕਤੀ ਜੇਕਰ ਆਪਣੀ ਗਲਤੀ ਮੰਨ ਲਵੇ ਤਾਂ ਇਸ ਨਾਲ ਉਸਦਾ ਕੱਦ ਹੋਰ ਉੱਚਾ ਹੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਦੇਖਿਆ ਹੈ ਕਿ ਕਿਵੇਂ ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਦਾ ਨਾਂ ਸੰਸਦ ਵਿਚ ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ ਕਰ ਕੇ ਲਿਆ ਗਿਆ। ਇਸ ਨਾਲ ਕਰੋੜਾਂ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਦੇ ਦਾਅਵੇ ਦੇ ਉਲਟ ਗ੍ਰਹਿ ਮੰਤਰੀ ਦੇ ਬਿਆਨ ਨਾਲ ਸਮਾਜ ਦੇ ਦੱਬੇ-ਕੁਚਲੇ ਲੋਕ ਜੋ ਡਾ. ਬੀ. ਆਰ. ਅੰਬੇਡਕਰ ਨੂੰ ਆਪਣੇ ਮੁਕਤੀ ਦਾਤਾ ਵਜੋਂ ਵੇਖਦੇ ਹਨ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਹ ਬਾਬਾ ਸਾਹਿਬ ਨੂੰ ਅਜਿਹੀ ਸਖਸੀਅਤ ਮੰਨਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸਮਾਜ ਵਿਚ ਬਰਾਬਰ ਅਧਿਕਾਰ ਦਿੱਤੇ, ਜੋ ਕਈ ਸਦੀਆਂ ਤੋਂ ਉਨ੍ਹਾਂ ਨੂੰ ਨਹੀਂ ਮਿਲੇ ਸਨ। ਬੀਬਾ ਬਾਦਲ ਨੇ ਕਿਹਾ ਕਿ ਸੰਵਿਧਾਨ ਦੇ ਨਿਰਮਾਤਾ ਨੂੰ ਸਤਿਕਾਰ ਵਜੋਂ ਬਾਬਾ ਸਾਹਿਬ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ ਕਹਿਣਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਮੁੱਦਾ ਇਹ ਹੈ ਕਿ ਦੇਸ ਵਿਚ ਸਰਵਉੱਚ ਅਹੁਦਿਆਂ 'ਤੇ ਬੈਠਣ ਵਾਲੇ ਲੋਕ ਬਾਬਾ ਸਾਹਿਬ ਨੂੰ ਕਿਵੇਂ ਵੇਖਦੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰਭਾਵ ਨਹੀਂ ਜਾਣਾ ਚਾਹੀਦਾ ਕਿ ਉੱਚ ਅਹੁਦਿਆਂ 'ਤੇ ਬੈਠੇ ਲੋਕਾਂ ਦੇ ਮਨਾਂ ਵਿਚ ਬਾਬਾ ਸਾਹਿਬ ਲਈ ਕੋਈ ਸਨਮਾਨ ਨਹੀਂ ਹੈ।

## ਭਾਰਤ 'ਚ ਬਾਇਓਟੈਕ ਸਟਾਰਟਅੱਪ ਦੀ ਗਿਣਤੀ 9,000 ਦੇ ਪਾਰ : ਜਤਿੰਦਰ ਸਿੰਘ

ਨਵੀਂ ਦਿੱਲੀ 21 ਦਸੰਬਰ। ਭਾਰਤ ਦਾ ਬਾਇਓਟੈਕ ਇਕੋਸਿਸਟਮ ਹੁਣ 9000 ਸਟਾਰਟਅੱਪ ਦੇ ਅੰਕੜੇ ਨੂੰ ਪਾਰ ਕਰ ਚੁੱਕਾ ਹੈ, ਜੋ 2014 ਵਿਚ ਸਿਰਫ 50 ਸੀ। ਪਿਛਲੇ ਇਕ ਦਹਾਕੇ ਵਿਚ ਬਾਇਓਇਕੋਨਾਮੀ ਵਿਚ ਭਾਰੀ ਵਾਧਾ ਵੇਖਿਆ ਗਿਆ ਹੈ। ਕੇਂਦਰੀ ਮੰਤਰੀ ਜਤਿੰਦਰ ਸਿੰਘ ਨੇ ਸ਼ੁੱਕਰਵਾਰ ਨੂੰ ਗ੍ਰੀਨ ਸਾਰਥੀ ਸ਼ਿਖਰ ਸੰਮੇਲਨ ਨੂੰ ਸੰਬੋਧਿਤ ਕਰਦਿਆਂ ਇਹ ਜਾਣਕਾਰੀ ਦਿੱਤੀ। ਮੰਤਰੀ ਨੇ ਦੱਸਿਆ ਕਿ ਭਾਰਤ ਦੀ ਬਾਇਓਇਕੋਨਾਮੀ ਜੋ 2014 ਵਿਚ 10 ਬਿਲੀਅਨ ਡਾਲਰ ਸੀ। ਹੁਣ ਵੱਧ ਕੇ 130 ਬਿਲੀਅਨ ਡਾਲਰ ਤੋਂ ਵੱਧ ਹੋ ਗਈ ਹੈ ਅਤੇ 2030 ਤੱਕ ਇਹ 300 ਬਿਲੀਅਨ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ। ਸਿੰਘ ਨੇ ਕਿਹਾ ਕਿ ਭਾਰਤ ਨੇ ਪ੍ਰਦੂਸਣ, ਜਲਵਾਯੂ ਚੁਣੌਤੀਆਂ ਅਤੇ ਹੋਰ ਗਲੋਬਲ ਸੰਕਟਾਂ ਦਾ ਸਾਹਮਣਾ ਕਰਦੇ ਹੋਏ ਸਥਿਰਤਾ ਨੂੰ ਆਪਣੀ ਪ੍ਰਮੁੱਖ ਤਰਜੀਹ ਦਿੱਤੀ ਹੈ। ਇਹ ਉਹ ਸਮਾਂ ਸੀ ਜਦੋਂ ਭਾਰਤ ਨੂੰ ਜਲਵਾਯੂ ਜਾਂ ਗ੍ਰੀਨ ਚਿੰਤਾਵਾਂ ਬਾਰੇ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ -26 ਵਿਚ ਐਲਾਨੇ ਗਏ 2070 ਤੱਕ ਸੁੱਧ ਜੀਰੋ ਟੀਚੇ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਨੇ ਉਨ੍ਹਾਂ ਦੇਸਾਂ ਲਈ ਇਕ ਮਾਡਲ ਸਥਾਪਤ ਕੀਤਾ ਹੈ, ਜੋ ਜਲਵਾਯੂ ਸੰਬੰਧੀ ਚਿੰਤਾਵਾਂ ਵੱਲ ਧਿਆਨ ਦੇ ਰਹੇ ਹਨ। ਜਤਿੰਦਰ ਸਿੰਘ ਨੇ ਪਿਛਲੇ ਕੁਝ ਸਾਲਾਂ 'ਚ ਸਥਿਰਤਾ ਲਈ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਵੀ ਚਾਨਣਾ ਪਾਇਆ। ਭਾਰਤ ਕੋਲ ਹੁਣ ਗ੍ਰੀਨ ਹਾਈਡ੍ਰੋਜਨ ਮਿਸਨ, ਇਕ ਜਲਵਾਯੂ ਪਰਿਵਰਤਨ ਮਿਸਨ ਅਤੇ ਇਕ ਜੈਵ ਵਿਭਿੰਨਤਾ ਮਿਸਨ ਹੈ, ਜਿਸ ਵਿਚ ਅਸੀਂ ਡੂੰਘੇ ਸਮੁੰਦਰੀ ਮਿਸਨ ਨੂੰ ਸੁਰੂ ਕਰਨ ਵਾਲੇ ਪਹਿਲੇ ਦੇਸਾਂ ਵਿਚੋਂ ਇੱਕ ਹਾਂ। ਮੰਤਰੀ ਨੇ ਇਹ ਵੀ ਕਿਹਾ ਕਿ ਭਾਰਤ ਦਾ ਸਮੁੰਦਰੀ ਤਲ, ਜੋ ਜੈਵਿਕ ਵਿਭਿੰਨਤਾ, ਖਣਿਜਾਂ ਅਤੇ ਧਾਤਾਂ ਨਾਲ ਭਰਪੂਰ ਹੈ, ਆਰਥਿਕ ਨਜਰੀਏ ਤੋਂ ਬਹੁਤ ਮਹੱਤਵਪੂਰਨ ਹੈ, ਕਿਉਂਕਿ ਇਹ ਦੇਸ ਦੇ ਆਰਥਿਕ ਵਿਕਾਸ ਵਿਚ ਮਦਦਗਾਰ ਸਾਬਤ ਹੋਵੇਗਾ।

## ਰਾਜਾ ਵੜਿੰਗ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨਾਲ ਕੀਤੀ ਮੁਲਾਕਾਤ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 21 ਦਸੰਬਰ। ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਰਤ ਦੇ ਉਪ ਰਾਸਟਰਪਤੀ ਅਤੇ ਪੰਜਾਬ



ਯੂਨੀਵਰਸਿਟੀ ਦੇ ਚਾਂਸਲਰ ਜਗਦੀਪ ਧਨਖੜ ਨਾਲ ਮੀਟਿੰਗ 'ਚ ਸੈਨੇਟ ਚੋਣਾਂ 'ਚ ਚੱਲ ਰਹੀ ਦੇਰੀ ਬਾਰੇ ਵਿਚਾਰ ਵਟਾਂਦਰਾ ਕੀਤਾ। ਸੈਨੇਟ ਚੋਣਾਂ 'ਚ ਵੜਿੰਗ ਨੇ ਯੂਨੀਵਰਸਿਟੀ ਦੇ ਜਮਹੂਰੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਅਤੇ ਸਾਰੇ ਹਿੱਸੇਦਾਰਾਂ ਲਈ ਨਿਰਪੱਖ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਚੋਣਾਂ ਦੀ ਅਹਿਮ ਮਹੱਤਤਾ 'ਤੇ ਜੋਰ ਦਿੱਤਾ। ਵੜਿੰਗ ਨੇ ਕਿਹਾ ਕਿ ਪੀ.ਯੂ. ਉਚੇਰੀ ਸਿੱਖਿਆ 'ਚ ਜਮਹੂਰੀ ਸਾਸਨ ਦੀ ਇਕ ਸੇਧ ਰਹੀ ਹੈ ਤੇ ਇਸ ਦੀ ਚੁਣੀ ਹੋਈ ਸੈਨੇਟ ਇਕ ਵਿਲੱਖਣ ਮਾਡਲ ਹੈ ਜੋ ਨਿਰਪੱਖਤਾ ਅਤੇ ਸਮਾਵੇਸ ਨੂੰ ਯਕੀਨੀ ਬਣਾਉਂਦਾ ਹੈ। ਸੈਨੇਟ ਚੋਣਾਂ ਸਿਰਫ ਪ੍ਰਕਿਰਿਆਤਮਕ ਨਹੀਂ ਹਨ ਬਲਕਿ ਸੰਸਥਾ ਦੇ ਕੁਸਲ ਕੰਮਕਾਜ ਲਈ ਅਟੁੱਟ ਹਨ, ਜੋ ਸਿੱਧੇ ਤੌਰ 'ਤੇ ਵਿਦਿਆਰਥੀਆਂ, ਫੈਕਲਟੀ ਅਤੇ ਯੂਨੀਵਰਸਿਟੀ ਦੇ ਭਵਿੱਖ ਦੇ ਮਾਰਗ ਨੂੰ ਪ੍ਰਭਾਵਤ ਕਰਦੀਆਂ ਹਨ। ਇਹ ਦੇਰੀ ਫੈਸਲੇ ਲੈਣ 'ਚ ਇਕ ਖਲਾਅ ਪੈਦਾ ਕਰਦੀ ਹੈ, ਜਿਸ ਨਾਲ ਨਾਜੁਕ ਮੁੱਦਿਆਂ ਦਾ ਹੱਲ ਨਹੀਂ ਹੁੰਦਾ। ਇਹ ਲਾਜਮੀ ਹੈ ਕਿ ਯੂਨੀਵਰਸਿਟੀ ਭਾਈਚਾਰੇ ਦੇ ਜਮਹੂਰੀ ਅਧਿਕਾਰਾਂ ਦਾ ਸਤਿਕਾਰ ਕੀਤਾ ਜਾਵੇ ਅਤੇ ਬਿਨਾਂ ਕਿਸੇ ਢਿੱਲ ਦੇ ਬਹਾਲ ਕੀਤਾ ਜਾਵੇ। ਜ?ਿਕਰਯੋਗ ਹੈ ਕਿ ਉਪ-ਰਾਸਟਰਪਤੀ ਧਨਖੜ ਸ਼ਨੀਵਾਰ ਨੂੰ ਪੰਜਾਬ ਯੂਨੀਵਰਸਿਟੀ ਦਾ ਦੌਰਾ ਕਰਨ ਵਾਲੇ ਹਨ, ਜਿਸ 'ਤੇ ਵੜਿੰਗ ਨੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਉਨ੍ਹਾਂ ਦੇ ਦੌਰੇ ਦੌਰਾਨ ਲਏ ਗਏ ਕਿਸੇ ਵੀ ਫੈਸਲੇ 'ਚ ਯੂਨੀਵਰਸਿਟੀ ਦੇ ਲੋਕਾਚਾਰ ਅਤੇ ਭਾਈਚਾਰੇ ਦੇ ਹਿੱਤਾਂ ਨੂੰ ਪਹਿਲ ਦਿੱਤੀ ਜਾਵੇ। ਪੰਜਾਬ ਕਾਂਗਰਸ ਪ੍ਰਧਾਨ ਨੇ ਆਸ ਪ੍ਰਗਟਾਈ ਕਿ ਚਾਂਸਲਰ ਧਨਖੜ ਦੇ ਦਖਲ ਨਾਲ ਇਸ ਮਾਮਲੇ 'ਚ ਬਹੁਤ ਜਰੂਰੀ ਸਪੱਸਟਤਾ ਅਤੇ ਤਤਕਾਲਤਾ ਆਵੇਗੀ।

## ਰਾਹੁਲ ਖਿਲਾਫ ਐੱਫਆਈਆਰ ਤੋਂ ਦਿੱਸਦਾ ਹੈ ਕਿ ਸੱਤਾ ਪੱਖ 'ਚ ਨਿਰਾਸ਼ਾ ਕਿਸ ਪੱਧਰ ਦੀ ਹੈ : ਪ੍ਰਿਯੰਕਾ ਗਾਂਧੀ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 21 ਦਸੰਬਰ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਖ?ਿਲਾਫ ਐੱਫਆਈਆਰ ਦਰਜ ਕਰਨ ਲਈ ਸੁੱਕਰਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਨਿਸਾਨਾ ਵਿੰਨ੍ਹਿਆ ਅਤੇ ਕਿਹਾ ਕਿ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਸੱਤਾ ਪੱਖ 'ਚ ਕਿਸ ਤਰ੍ਹਾਂ ਦੀ ਨਿਰਾਸ਼ਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਦੇ ਲੋਕ ਬਾਬਾ ਸਾਹਿਬ ਭੀਮਰਾਵ ਅੰਬੇਡਕਰ ਦਾ ਅਪਮਾਨ ਸਹਿਨ ਨਹੀਂ ਕਰਨਗੇ। ਦਿੱਲੀ ਪੁਲਸ ਨੇ ਸੰਸਦ ਕੰਪਲੈਕਸ 'ਚ ਹੋਈ 'ਧੱਕਾ-ਮੁੱਕੀ' ਦੇ ਸਿਲਸਿਲੇ 'ਚ ਕਾਂਗਰਸ ਨੇਤਾ ਰਾਹੁਲ ਗਾਂਧੀ ਖ?ਿਲਾਫ ਵੀਰਵਾਰ ਨੂੰ ਐੱਫ.ਆਈ.ਆਰ. ਦਰਜ ਕੀਤੀ। ਇਸ ਤੋਂ ਪਹਿਲੇ ਦਿਨ 'ਚ ਭਾਜਪਾ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਖ?ਿਲਾਫ ਪੁਲਸ ਨੂੰ ਇਕ ਸ਼ਿਕਾਇਤ ਦੇ ਕੇ ਉਨ੍ਹਾਂ 'ਤੇ ਸੰਸਦ ਕੰਪਲੈਕਸ 'ਚ 'ਧੱਕਾ-ਮੁੱਕੀ' ਦੌਰਾਨ 'ਸਰੀਰਕ ਹਮਲਾ ਅਤੇ ਉਕਸਾਵੇ' 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ।



ਰਾਹੁਲ ਗਾਂਧੀ ਖ?ਿਲਾਫ ਐੱਫ.ਆਈ.ਆਰ. ਬਾਰੇ ਪੁੱਛੇ ਜਾਣ 'ਤੇ ਪ੍ਰਿਯੰਕਾ ਗਾਂਧੀ ਨੇ ਪੱਤਰਕਾਰਾਂ ਨੂੰ ਕਿਹਾ,"ਅੱਜ ਪੂਰਾ ਦੇਸ ਦੇਖ ਰਿਹਾ ਹੈ ਕਿ ਭਾਜਪਾ ਦੇ ਲੋਕਾਂ ਨੇ ਰਾਹੁਲ ਗਾਂਧੀ ਜੀ 'ਤੇ ਕਈ ਮਾਮਲੇ ਦਰਜ ਕਰਵਾ ਰੱਖੇ ਹਨ। ਉਹ ਹਰ ਰੋਜ ਨਵੀਆਂ ਐੱਫਆਈਆਰ ਦਰਜ ਕਰਵਾਉਂਦੇ ਹਨ ਅਤੇ ਝੂਠ ਬੋਲਦੇ ਹਨ। ਇਹ ਉਨ੍ਹਾਂ ਦੀ ਨਿਰਾਸਾ ਦਾ ਪੱਧਰ ਦਰਸਾਉਂਦਾ ਹੈ।" ਪ੍ਰਿਯੰਕਾ ਗਾਂਧੀ ਨੇ ਦੋਸ ਲਗਾਇਆ,"ਇਹ ਸਰਕਾਰ 'ਅਡਾਨੀ' 'ਤੇ ਚਰਚਾ ਤੋਂ ਡਰਦੀ ਹੈ, ਕਿਸੇ ਵੀ ਚਰਚਾ ਤੋਂ ਡਰਦੀ ਹੈ। ਹੁਣ ਉਨ੍ਹਾਂ ਨੇ ਜੋ ਕੁਝ ਕੀਤਾ ਹੈ, ਉਨ੍ਹਾਂ ਦੇ ਮਨ 'ਚ ਅੰਬੇਡਕਰ ਜੀ ਦੇ ਪ੍ਰਤੀ ਜੋ ਅਸਲੀ ਭਾਵਨਾ ਸੀ, ਉਹ ਸਾਹਮਣੇ ਆ ਗਈ।" ਉਨ੍ਹਾਂ ਕਿਹਾ,"ਹੁਣ ਉਹ ਵਿਰੋਧੀ ਧਿਰ ਤੋਂ ਡਰ ਰਹੇ ਹਨ, ਕਿਉਂਕਿ ਹੁਣ ਇਸ ਮੁੱਦੇ ਨੂੰ ਚੁੱਕ ਰਹੇ ਹਾਂ।" ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਬਾਬਾ ਸਾਹਿਬ ਅੰਬੇਡਕਰ, ਭਾਰਤ ਦੀ ਜਨਤਾ ਅਤੇ ਆਜਾਦੀ ਦੀ ਲੜਾਈ ਦੀ ਦੇਣ ਹੈ। ਪ੍ਰਿਯੰਕਾ ਗਾਂਧੀ ਨੇ ਇਸ ਗੱਲ 'ਤੇ ਜੋਰ ਦਿੱਤਾ,"ਬਾਬਾ ਸਾਹਿਬ ਦਾ ਅਪਮਾਨ ਹਿੰਦੁਸਤਾਨ ਬਰਦਾਸ਼ਤ ਨਹੀਂ ਕਰੇਗਾ।"

## ਜੰਗਲ 'ਚ ਖੜ੍ਹੀ ਕਾਰ 'ਚੋਂ ਮਿਲਿਆ 52 ਕਿਲੋ ਸੋਨਾ

ਨੈਸ਼ਨਲ ਡੈਸਕ 21 ਦਸੰਬਰ। ਮੱਧ ਪ੍ਰਦੇਸ ਦੀ ਰਾਜਧਾਨੀ ਭੋਪਾਲ 'ਚ ਆਮਦਨ ਕਰ ਵਿਭਾਗ ਨੇ ਵੱਡੀ ਕਾਰਵਾਈ ਨੂੰ ਅੰਜਾਮ ਦਿੱਤਾ ਹੈ। ਇੱਥੇ ਆਈ.ਟੀ. ਦੀ ਛਾਪੇਮਾਰੀ ਵਿੱਚ 52 ਕਿਲੋ ਸੋਨਾ ਅਤੇ 10 ਕਰੋੜ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਇਹ ਰਕਮ ਜੰਗਲ ਵਿੱਚ ਖੜ੍ਹੀ ਇੱਕ ਕਾਰ ਵਿੱਚੋਂ ਬਰਾਮਦ ਕੀਤੀ ਗਈ। ਇੰਨੀ ਵੱਡੀ ਮਾਤਰਾ 'ਚ ਸੋਨਾ ਅਤੇ ਨਕਦੀ ਦੇਖ ਕੇ ਆਮਦਨ ਕਰ ਵਿਭਾਗ ਦੇ ਅਧਿਕਾਰੀ ਵੀ ਦੰਗ ਰਹਿ ਗਏ। ਫਿਲਹਾਲ ਇਸ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਇਹ ਛਾਪੇਮਾਰੀ ਭੋਪਾਲ ਨੇੜੇ ਸਥਿਤ ਮੈਂਡੋਰੀ ਦੇ ਜੰਗਲਾਂ 'ਚ ਇਕ ਕਾਰ 'ਤੇ ਕੀਤੀ ਗਈ। ਇਸ ਦੌਰਾਨ ਕਾਰ 'ਚੋਂ ਭਾਰੀ ਮਾਤਰਾ 'ਚ ਸੋਨਾ ਅਤੇ ਨਕਦੀ ਬਰਾਮਦ ਹੋਈ। ਭ੍ਰਿਸਟਾਚਾਰ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਆਮਦਨ ਕਰ ਵਿਭਾਗ ਦੀ ਟੀਮ ਨੇ ਛਾਪਾ ਮਾਰ ਕੇ ਕਾਰਵਾਈ ਕੀਤੀ। ਪੁਲਸ ਕਮਿਸਨਰ ਅਨੁਸਾਰ ਇਨੋਵਾ ਕਾਰ ਵਿੱਚੋਂ ਕੁੱਲ 10 ਕਰੋੜ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਆਮਦਨ ਕਰ ਵਿਭਾਗ ਦੀ ਇਸ ਕਾਰਵਾਈ ਵਿੱਚ 100 ਤੋਂ ਵੱਧ ਪੁਲਸ ਮੁਲਾਜਮਾਂ ਦੀ ਟੀਮ ਸਾਮਲ ਸੀ। ਇਹ ਛਾਪੇਮਾਰੀ ਲੋਕਾਯੁਕਤ ਅਤੇ ਆਮਦਨ ਕਰ ਵਿਭਾਗ ਦੀ ਸਾਂਝੀ ਕਾਰਵਾਈ ਦਾ ਹਿੱਸਾ ਸੀ ਜੋ ਦੋ ਦਿਨਾਂ ਤੋਂ ਜਾਰੀ ਸੀ। ਇਸ ਤੋਂ ਪਹਿਲਾਂ ਇਨਕਮ ਟੈਕਸ ਵਿਭਾਗ ਨੇ ਭੋਪਾਲ ਅਤੇ ਇੰਦੌਰ 'ਚ ਇਕ ਵੱਡੀ ਕੰਸਟ੍ਰਕਸਨ ਕੰਪਨੀ ਦੇ 51 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ। ਸੂਤਰਾਂ ਮੁਤਾਬਕ ਇਸ ਮਾਮਲੇ 'ਚ ਉਸਾਰੀ ਕੰਪਨੀ 'ਤੇ ਟੈਕਸ ਚੋਰੀ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸਾਮਲ ਹੋਣ ਦਾ ਦੋਸ ਹੈ। ਵਿਭਾਗ ਨੇ ਇਸ ਸਬੰਧੀ ਜਾਂਚ ਤੇਜ ਕਰ ਦਿੱਤੀ ਹੈ ਅਤੇ ਸਬੰਧਤ ਦਸਤਾਵੇਜਾਂ ਅਤੇ ਸਬੂਤਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਛਾਪੇਮਾਰੀ ਤੋਂ ਬਾਅਦ ਸੂਬੇ 'ਚ ਹਲਚਲ ਮਚ ਗਈ ਹੈ। ਅਧਿਕਾਰੀ ਹੁਣ ਇਹ ਪਤਾ ਲਗਾਉਣ ਦੀ ਕੋਸ?ਿਸ ਕਰ ਰਹੇ ਹਨ ਕਿ ਇੰਨੀ ਵੱਡੀ ਨਕਦੀ ਅਤੇ ਸੋਨਾ ਕਿੱਥੋਂ ਆਇਆ ਅਤੇ ਇਸ ਦੀ ਵਰਤੋਂ ਕਿਸ ਮਕਸਦ ਲਈ ਕੀਤੀ ਜਾਣੀ ਸੀ। ਇਸ ਤੋਂ ਇਲਾਵਾ ਲੋਕਾਯੁਕਤ ਨੇ ਭੋਪਾਲ ਵਿੱਚ ਸਾਬਕਾ ਆਰ.ਟੀ.ਓ. ਕਾਂਸਟੇਬਲ ਦੇ ਘਰ ਅਤੇ ਦਫਤਰ ਵਿੱਚ ਛਾਪਾ ਮਾਰਿਆ, ਜਿਸ ਵਿੱਚ 2 ਕਰੋੜ 85 ਲੱਖ ਰੁਪਏ ਦੀ ਨਕਦੀ ਅਤੇ 60 ਕਿਲੋ ਚਾਂਦੀ ਦੇ ਨਾਲ-ਨਾਲ 50 ਲੱਖ ਰੁਪਏ ਦੇ ਸੋਨੇ ਅਤੇ ਹੀਰੇ ਦੇ ਗਹਿਣੇ ਬਰਾਮਦ ਹੋਏ।


### ਰਾਜ ਯੋਗ ਅਥਾਰਟੀ ਦਾ ਦਫਤਰ, ਪੀਸੀ ਅਤੇ ਪੀਐਨਡੀਟੀ ਐਕਟ
### ਪਰਿਵਾਰ ਕਲਿਯਾਣ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ

DIRECTORATE OF FAMILY WELFARE GOVT. OF DELHI | बेटी बचाओ | NATIONAL HEALTH MISSION राष्ट्रीय स्वास्थ्य मिशन

'ਬੀ' ਅਤੇ 'ਸੀ' ਵਿੰਗ, 7ਵੀਂ ਮੰਜਿਲ, ਵਿਕਾਸ ਭਵਨ-2, ਮੈਟਕਾਫ ਹਾਊਸ ਨੇੜੇ, ਸਿਵਲ ਲਾਈਨਜ, ਦਿੱਲੀ-110054, ਫੋਨ ਨੰਬਰ 23813215, ਈਮੇਲ: spopcpndt@gmail.com

**ਜਨਤਕ ਨੋਟਿਸ**

**ਗਰਭ ਤੋਂ ਪਹਿਲਾਂ ਅਤੇ ਜਨਮ ਤੋਂ ਪਹਿਲਾਂ ਲਿੰਗ ਨਿਰਧਾਰਨ ਇੱਕ ਸਜਾਯੋਗ ਅਪਰਾਧ ਹੈ**



1. ਲਿੰਗ ਨਿਰਧਾਰਨ ਨੂੰ ਨਾਂਹ ਕਹੋ
2. ਗਰੱਭਸਥ ਸੀਸ਼ੂ ਦੇ ਲਿੰਗ ਨੂੰ ਨਿਰਧਾਰਤ ਕਰਨ ਦੇ ਉਦੇਸ਼ ਤੋਂ ਕੋਈ ਵੀ ਵਿਅਕਤੀ ਲਈ ਅਲਟਰਾਸੋਨੋਗ੍ਰਾਫੀ ਸਮੇਤ, ਕਿਸੇ ਵੀ ਜਨਮ ਤੋਂ ਪਹਿਲਾਂ ਦੀ ਡਾਇਗਨੌਸਟਿਕ ਤਕਨੀਕ ਦਾ ਸੰਚਾਲਨ ਨਹੀਂ ਕਰ ਸਕਦਾ।
3. ਕਿਸੀ ਔਰਤ ਦਾ ਰਿਸ਼ਤੇਦਾਰ, ਪਤੀ ਜਾਂ ਕੋਈ ਹੋਰ ਵਿਅਕਤੀ ਕਿਸੇ ਵੀ ਲਿੰਗ ਚੋਣ ਦੇ ਆਚਰਣ ਦੀ ਮੰਗ ਜਾਂ ਪ੍ਰੋਤਸਾਹਨ ਨਹੀਂ ਕਰ ਸਕਦਾ।
4. ਪੀਸੀ ਅਤੇ ਪੀਐਨਡੀਟੀ ਐਕਟ ਦੇ ਅਧੀਨ ਕੋਈ ਵੀ ਅਪਰਾਧ ਸਮਝੌਤਾਯੋਗ, ਗੈਰ-ਜਮਾਨਤੀ ਅਤੇ ਗੈਰ-ਸ਼ਮਨਯੋਗ ਹੈ।
5. ਕੋਈ ਵੀ ਵਿਅਕਤੀ ਜੋ ਲਿੰਗ ਚੋਣ ਦੇ ਉਦੇਸ਼ ਲਈ ਗਰਭ ਤੋਂ ਪਹਿਲਾਂ ਅਤੇ ਜਨਮ ਤੋਂ ਪਹਿਲਾਂ ਦੀ ਜਾਂਚ ਦੀਆਂ ਤਕਨੀਕਾਂ ਪ੍ਰਦਾਨ ਕਰਦਾ ਹੈ, ਉਸ ਨੂੰ 3-5 ਸਾਲ ਦੀ ਕੈਦ ਅਤੇ 10,000/- ਰੁਪਏ ਤੋਂ 50,000/- ਰੁਪਏ ਤੱਕ ਦੇ ਜੁਰਮਾਨੇ ਦੀ ਸਜਾ ਦਿੱਤੀ ਜਾਵੇਗੀ।
6. ਕੋਈ ਵੀ ਵਿਅਕਤੀ ਜੋ ਲਿੰਗ ਚੋਣ ਲਈ ਜਾਂ ਲਿੰਗ ਨਿਰਧਾਰਨ ਲਈ ਪ੍ਰੀ-ਨੈਟਲ ਡਾਇਗਨੌਸਟਿਕ ਤਕਨੀਕ ਕਰਵਾਉਣ ਲਈ ਸਹਾਇਤਾ ਦੀ ਮੰਗ ਕਰਦਾ ਹੈ, ਉਸ ਨੂੰ 3-5 ਸਾਲ ਦੀ ਕੈਦ ਅਤੇ 50,000/- ਰੁਪਏ ਤੋਂ 1 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਸਜਾ ਦਿੱਤੀ ਜਾਵੇਗੀ।
7. ਕਿਰਪਾ ਕਰਕੇ ਕਿਸੇ ਵੀ ਗੈਰ-ਰਜਿਸਟਰਡ ਮਸ਼ੀਨ/ਅਣ-ਰਜਿਸਟਰਡ ਕਲੀਨਿਕ/ਕੇਂਦਰ/ਹਸਪਤਾਲ ਅਤੇ ਲਿੰਗ ਨਿਰਧਾਰਨ ਦੀ ਗੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਕੋਈ ਵੀ ਵਿਅਕਤੀ ਹੇਠਾਂ ਦਿੱਤੇ ਪਤੇ 'ਤੇ ਜਿਲ੍ਹਾ ਸਮੁਚਿਤ ਪ੍ਰਾਧਿਕਾਰੀ ਜਾਂ ਰਾਜ ਸਮੁਚਿਤ ਪ੍ਰਾਧਿਕਾਰੀ ਨੂੰ ਸੁਚਿਤ ਕਰੋ।

| ਕ੍ਰ. ਸੰ. | ਉਪਯੁਕਤ ਪ੍ਰਾਧਿਕਾਰੀ | ਪਤਾ | ਸੰਪਰਕ ਵੇਰਵੇ |
|---|---|---|---|
| 1. | ਰਾਜ ਯੋਗ ਅਥਾਰਟੀ, ਪੀਸੀਪੀਐਨਡੀਟੀ- ਦਿੱਲੀ ਸਰਕਾਰ | ਪਰਿਵਾਰ ਕਲਿਯਾਣ ਨਿਦੇਸ਼ਲਾ, ਦਿੱਲੀ ਸਰਕਾਰ, 7ਵੀਂ ਮੰਜਿਲ, ਬੀ ਐਂਡ ਸੀ ਵਿੰਗ, ਵਿਕਾਸ ਭਵਨ-2, ਸਿਵਲ ਲਾਈਨਜ, ਦਿੱਲੀ-110054 | ਪੀਸੀ ਪੀਐਨਡੀਟੀ ਰਾਜ ਆਫਿਸ- ਫੋਨ 011-23813221, 23813477 ਈਮੇਲ: dirdfw@nic-in, spopcpndt@gmail.com |
| 2. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਉੱਤਰੀ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟਰੇਟ (ਉੱਤਰੀ) ਦਫਤਰ ਕੰਪਲੈਕਸ, ਜੀ.ਟੀ. ਕਰਨਾਲ ਰੋਡ, ਅਲੀਪੁਰ, ਦਿੱਲੀ-110036 | ਫੋਨ-011-27203048,011-27203393 ਈਮੇਲ: dcnorth@nic-in, pndtnorthdistrict02@gmail.com |
| 3. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਪੱਛਮੀ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟਰੇਟ (ਪੱਛਮੀ), ਪਲਾਟ ਨੰਬਰ 3, ਸ਼ਿਵਾਜੀ ਪੈਲੇਸ, ਰਾਜੌਰੀ ਗਾਰਡਨ, ਨਵੀਂ ਦਿੱਲੀ-110027 | ਫੋਨ-011-25107118, ਈਮੇਲ: dcwest@delhi.gov.in, ਪੀਸੀਪੀਐਨਡੀਟੀ ਸੈੱਲ ਫੋਨ-011-25170140 ਈਮੇਲ : pndtwestdistrict1@gmail.com |
| 4. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਦੱਖਣੀ ਪੱਛਮੀ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟਰੇਟ, (ਦੱਖਣੀ-ਪੱਛਮੀ ਜਿਲ੍ਹਾ), ਪੁਰਾਣੀ ਟਰਮੀਨਲ ਟੈਕਸ ਬਿਲਡਿੰਗ, ਕਾਪਾਸਹੇੜਾ, ਨਵੀਂ ਦਿੱਲੀ-110037 | ਫੋਨ-011-25069484, ਈਮੇਲ : dcsw@nic.in, pndtsouthwest@gmail.com |
| 5. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਉੱਤਰ ਪੂਰਵੀ ਜਿਲ੍ਹਾ | ਜਿਲ੍ਹਾ ਮੈਜਿਸਟ੍ਰੇਟ (ਉੱਤਰ ਪੂਰਬ), ਡੀਸੀ ਦਫਤਰ ਕੰਪਲੈਕਸ ਨੰਦ ਨਗਰੀ ਦਿੱਲੀ 94 | ਫੋਨ-011-22122732, ਈਮੇਲ: dcnortheast@nic.in, pndtnortheast@gmail.com |
| 6. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਪੂਰਵੀ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟਰੇਟ (ਪੂਰਬੀ), ਐਲ.ਐਮ. ਡੈਮ, ਸ਼ਾਸਤਰੀ ਨਗਰ, ਦਿੱਲੀ-31 | ਫੋਨ-22421656, ਈਮੇਲ: dceast@nic.in, pndteast@gmail.com |
| 7. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਸੇਂਟਰਲ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟ੍ਰੇਟ (ਕੇਂਦਰੀ) 14, ਦਰਿਆਗੰਜ, ਨਵੀਂ ਦਿੱਲੀ-110002 | ਫੋਨ - 011-23282903, ਈਮੇਲ : dccentral@nic.in, pndtcentral@gmail.com |
| 8. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਸ਼ਾਹਦਰਾ ਜਿਲਾ | ਦਫਤਰ ਜਿਲ੍ਹਾ ਮੈਜਿਸਟ੍ਰੇਟ (ਸ਼ਾਹਦਰਾ), ਈ ਬਲਾਕ, ਡੀਸੀ ਦਫਤਰ ਕੰਪਲੈਕਸ, ਨੰਦ ਨਗਰੀ, ਦਿੱਲੀ-94 | ਫੋਨ 011-22126305, ਈਮੇਲ : dcshahdara2014@gmail.com |
| 9. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਦੱਖਣੀ ਜਿਲਾ | ਦਫਤਰ ਜਿਲ੍ਹਾ ਮੈਜਿਸਟਰੇਟ (ਦੱਖਣੀ ਜਿਲ੍ਹਾ), ਐਮ.ਬੀ. ਰੋਡ, ਸਾਕੇਤ, ਨਵੀਂ ਦਿੱਲੀ-110068 | ਫੋਨ-011-29535025, ਈਮੇਲ: dcsouth@nic.in, pndtsouthdistrict1@gmail.com |
| 10. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਦੱਖਣੀ ਪੂਰਵੀ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟ੍ਰੇਟ (ਦੱਖਣ-ਪੂਰਬ), ਪੁਰਾਣੀ ਗਾਰਗੀ ਕਾਲਜ ਬਿਲਡਿੰਗ, ਲਾਜਪਤ | ਫੋਨ-011-26476402, ਈਮੇਲ : dcse.rev.delhi@nic.in , pndtsoutheast1@gmail.com |
| 11. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਨਵੀਂ ਦਿੱਲੀ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟ੍ਰੇਟ, 12/1, ਜਾਮ ਨਗਰ ਹਾਊਸ, ਸ਼ਾਹਜਹਾਂ ਰੋਡ, ਨਵੀਂ ਦਿੱਲੀ-110011 | ਫੋਨ-011-23386928, ਈਮੇਲ: dcnd@nic.inpndtnewdelhi1@gmail.com |
| 12. | ਜਿਲਾ ਉਪਾਯੁਕਤ/ਜਿਲ੍ਹਾ ਉਪਯੁਕਤ ਅਥਾਰਟੀ-ਉੱਤਰ ਪੱਛਮੀ ਜਿਲ੍ਹਾ | ਦਫਤਰ ਜਿਲ੍ਹਾ ਮੈਜਿਸਟ੍ਰੇਟ, (ਉੱਤਰ ਪੱਛਮੀ) ਕੰਝਾਵਾਲਾ ਚੌਕ, ਦਿੱਲੀ-110081 | ਫੋਨ-011-25953785, 011-25953380, ਈਮੇਲ : dcnw@nic.in pndtnorthwest3@gmail.com |

DIP/Shabdarth/Display/0053/24-25

# ਲੁਟੇਰਿਆਂ ਨੇ ਮੂੰਗਫਲੀ ਵੇਚਣ ਵਾਲਾ ਗਰੀਬ ਵੀ ਨਾ ਬਖਸ਼ਿਆ, ਕੁੱਟਮਾਰ ਕਰ ਕੇ ਮੋਬਾਈਲ ਤੇ ਨਕਦੀ ਖੋਹੀ

ਬਰਨਾਲਾ 21 ਦਸੰਬਰ। ਬਰਨਾਲਾ ਦੇ ਥਾਣਾ ਸਿਟੀ-2 ਖੇਤਰ 'ਚ ਇਕ ਹੋਰ ਲੁੱਟ-ਖੋਹ ਦੀ ਵਾਰਦਾਤ ਸਾਹਮਣੇ ਆਈ ਹੈ। ਮੂੰਗਫਲੀ ਵੇਚਣ ਵਾਲੇ ਇਕ ਵਿਅਕਤੀ ਸ਼ਿਵ ਕੁਮਾਰ ਤੋਂ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਕੁੱਟਮਾਰ ਕਰ ਕੇ ਉਸ ਦਾ ਮੋਬਾਈਲ ਅਤੇ 10 ਹਜਾਰ ਰੁਪਏ ਦੀ ਨਕਦੀ ਖੋਹ ਲਈ ਗਈ। ਸ਼ਿਵ ਕੁਮਾਰ, ਜੋ ਉੱਤਰ ਪ੍ਰਦੇਸ ਦੇ ਮੁਗਰਰ ਸਟੇਟ ਦਾ ਰਹਿਣ ਵਾਲਾ ਹੈ ਅਤੇ ਇਸ ਸਮੇਂ ਬਰਨਾਲਾ ਦੇ ਮੰਡਾਹਰ ਨਗਰ 'ਚ ਰਹਿੰਦਾ ਹੈ, ਨੇ ਦੱਸਿਆ ਕਿ 5 ਦਸੰਬਰ ਦੀ ਸਾਮ ਉਸ ਦੇ ਨਾਲ ਇਹ ਘਟਨਾ ਵਾਪਰੀ। ਪੀੜਤ ਮੂੰਗਫਲੀ ਵੇਚਣ ਦਾ ਕੰਮ ਕਰਦਾ ਹੈ ਅਤੇ ਘਟਨਾ ਦੇ ਸਮੇਂ ਆਪਣੇ ਅੱਡੇ 'ਤੇ ਮੌਜੂਦ ਸੀ। ਤਿੰਨ ਵਿਅਕਤੀ ਬਿਨਾਂ ਨੰਬਰ ਵਾਲੇ ਮੋਟਰਸਾਈਕਲ 'ਤੇ ਆਏ ਅਤੇ ਉਸ ਨੂੰ ਧਮਕੀਆਂ ਦੇਣ ਲੱਗੇ। ਉਕਤ ਵਿਅਕਤੀਆਂ ਨੇ ਲੋਹੇ ਦੀ ਗੰਡਾਸੀ ਉਸਦੇ ਗੱਲੇ 'ਤੇ ਰੱਖ ਕੇ ਕਿਹਾ ਕਿ ਜੇ ਪੈਸੇ ਨਾ ਦਿੱਤੇ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ। ਬਾਅਦ 'ਚ ਉਨ੍ਹਾਂ ਨੇ ਸ਼ਿਵ ਕੁਮਾਰ ਦੇ ਗੱਲੇ 'ਚੋਂ 4000 ਰੁਪਏ ਨਕਦ, ਗੂੱਗਲ ਪੇਅ ਪਾਸਵਰਡ ਦੀ ਮਦਦ ਨਾਲ 6000 ਰੁਪਏ ਕਢਵਾ ਲ ਅਤੇ ਉਸਦਾ ਮੋਬਾਈਲ ਫੋਨ ਵੀ ਖੋਹ ਲਿਆ। ਇਸ ਦੌਰਾਨ ਲੁਟੇਰਿਆਂ ਨੇ ਉਸਦੇ ਨਾਲ ਕੁੱਟਮਾਰ ਵੀ ਕੀਤੀ। ਇਸ ਘਟਨਾ ਨੇ ਬਰਨਾਲਾ ਦੇ ਥਾਣਾ ਸਿਟੀ-2 ਖੇਤਰ 'ਚ ਵੱਧ ਰਹੇ ਕ੍ਰਾਇਮ ਗ੍ਰਾਫ ਵੱਲ ਧਿਆਨ ਖਿੱਚਿਆ ਹੈ। ਬਦਮਾਸ ਘਟਨਾ ਤੋਂ ਬਾਅਦ ਆਈ.ਟੀ.ਆਈ. ਚੌਂਕ ਵੱਲ ਭੱਜ ਗਏ। ਇਹ ਪਹਿਲੀ ਵਾਰ ਨਹੀਂ ਹੈ ਕਿ ਇਲਾਕੇ 'ਚ ਇਸ ਤਰ੍ਹਾਂ ਦੀ ਵਾਰਦਾਤ ਹੋਈ ਹੈ। ਵਧ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਨੇ ਪੂਰੇ ਇਲਾਕੇ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸ਼ਿਵ ਕੁਮਾਰ ਨੇ ਮਾਮਲੇ ਦੀ ਸਿ਼ਕਾਇਤ ਦਰਜ ਕਰਵਾਈ ਹੈ ਅਤੇ ਇਨਸਾਫ ਦੀ ਮੰਗ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਲੁਟੇਰਿਆਂ ਵੱਲੋਂ ਕੀਤੇ ਨੁਕਸਾਨ ਦੀ ਭਰਪਾਈ ਹੋਣੀ ਚਾਹੀਦੀ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ ਅਤੇ ਮੁਲਜਮਾਂ ਨੂੰ ਜਲਦੀ ਕਾਬੂ ਕਰਨ ਦਾ ਭਰੋਸਾ ਦਿਵਾਇਆ ਹੈ। ਲੋਕਾਂ ਨੇ ਇਸ ਵਾਰਦਾਤ 'ਤੇ ਗੁੱਸਾ ਪ੍ਰਗਟਾਇਆ ਹੈ ਅਤੇ ਪੁਲਸ ਪ੍ਰਸਾਸਨ ਤੋਂ ਸਖਤ ਕਦਮ ਚੁੱਕਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਅਜਿਹੀਆਂ ਘਟਨਾਵਾਂ 'ਤੇ ਰੋਕ ਨਾ ਲਾਈ ਗਈ ਤਾਂ ਲੋਕਾਂ ਦਾ ਸਿਸਟਮ 'ਤੇ ਵਿਸਵਾਸ ਘਟ ਸਕਦਾ ਹੈ। ਥਾਣਾ ਸਿਟੀ-2 ਦੇ ਖੇਤਰ 'ਚ ਲੁੱਟ-ਖੋਹ ਦੀਆਂ ਵਧ ਰਹੀਆਂ ਵਾਰਦਾਤਾਂ ਪੁਲਸ ਦੀ ਕਾਰਜਸੈਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਰਹੀਆਂ ਹਨ। ਸੀਨੀਅਰ ਪੁਲਸ ਅਧਿਕਾਰੀਆਂ ਨੂੰ ਇਸ ਸਬੰਧ 'ਚ ਤੁਰੰਤ ਕਾਰਵਾਈ ਕਰਨ ਦੀ ਜਰੂਰਤ ਹੈ ਤਾਂ ਜੋ ਜਨਤਾ 'ਚ ਡਰ ਦਾ ਮਾਹੌਲ ਖਤਮ ਕੀਤਾ ਜਾ ਸਕੇ।



## ਰਿਪੇਅਰ ਲਈ ਆਈ ਕਾਰ ਨੂੰ ਅਚਾਨਕ ਲੱਗ ਗਈ ਅੱਗ

ਅਬੋਹਰ 21 ਦਸੰਬਰ। ਅਬੋਹਰ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਸੀਤੋ ਰੋਡ ਸਥਿਤ ਇਕ ਵਰਕਸ਼ਾਪ 'ਚ ਉਸ ਸਮੇਂ ਭਾਜੜਾਂ ਪੈ ਗਈਆਂ, ਜਦੋਂ ਰਿਪੇਅਰ ਲਈ ਆਈ ਇਕ ਕਾਰ 'ਚ ਅਚਾਨਕ ਅੱਗ ਲਈ। ਇਹ ਅੱਗ ਇੰਨੀ ਭਿਆਨਕ ਸੀ ਕਿ ਕਾਰ ਦੇਖਦੇ ਹੀ ਦੇਖਦੇ ਸੁਆਹ ਹੋ ਗਈ ਹੈ। ਜਾਣਕਾਰੀ ਅਨੁਸਾਰ ਹਰਿਆਣਾ ਦੇ ਪਿੰਡ ਜੰਡਵਾਲਾ ਬਿਸ਼ਨੋਈਆ ਦੇ ਰਹਿਣ ਵਾਲੇ ਸਰਵਣ ਕੁਮਾਰ ਆਪਣੀ ਆਲਟੋ ਕਾਰ ਠੀਕ ਕਰਵਾਉਣ ਲਈ ਗਿਆ ਸੀ। ਜਦੋਂ ਮਕੈਨਿਕ ਨੇ ਕਾਰ ਦਾ ਇਕ ਨਟ ਖੋਲ੍ਹਿਆ ਤਾਂ ਅਚਾਨਕ ਕਾਰ 'ਚ ਭਿਆਨਕ ਅੱਗ ਲੱਗ ਗਈ ਤੇ ਦੇਖਦੇ ਦੇਖਦੇ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਮਗਰੋਂ ਆਸਪਾਸ ਦੇ ਲੋਕਾਂ ਵੱਲੋਂ 112 ਨੰਬਰ 'ਤੇ ਕਾਲ ਕਰ ਕੇ ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਨੂੰ ਸੱਦਿਆ ਗਿਆ, ਜਿਸ ਮਗਰੋਂ ਟੀਮ ਨੇ ਆ ਕੇ ਅੱਗ 'ਤੇ ਕਾਫੀ ਮਿਹਨਤ ਮੁਸ਼ੱਕਤ ਮਗਰੋਂ ਕਾਬੂ ਪਾਇਆ। ਇਸ ਅੱਗ ਦਾ ਕਾਰਨ ਪੈਟਰੋਲ ਦੀ ਟੈਂਕੀ ਲੀਕ ਹੋਣਾ ਦੱਸਿਆ ਜਾ ਰਿਹਾ ਹੈ।

## ਧਾਰਮਿਕ ਅਸਥਾਨ 'ਤੇ ਜਾ ਰਹੇ ਸ਼ਰਧਾਲੂਆਂ ਨਾਲ ਬੱਸ ਦੀ ਵੈਨ ਨਾਲ ਭਿਆਨਕ ਟੱਕਰ

ਫਿਲੌਰ 21 ਦਸੰਬਰ। ਲੁਧਿਆਣਾ ਤੋਂ ਜਲੰਧਰ ਧਾਰਮਿਕ ਅਸਥਾਨ 'ਤੇ ਜਾ ਰਹੀ ਬੱਸ ਫਿਲੌਰ 'ਚ ਪਿਕਅਪ ਵੈਨ ਨਾਲ ਟਕਰਾਅ ਗਈ, ਜਿਸ ਕਾਰਨ 10 ਯਾਤਰੀ ਜ਼ਖਮੀ ਹੋ ਗਏ। ਇਹ ਹਾਦਸਾ ਉਸ ਸਮੇਂ ਹੋਇਆ, ਜਦ ਲੁਧਿਆਣਾ ਵਾਲੇ ਪਾਸਿਓਂ ਬੱਸ ਨੰਬਰ ਪੀ. ਬੀ. 13 ਬੀ. ਈ. 8011 ਤੇਜ਼ ਰਫਤਾਰ ਨਾਲ ਆ ਰਹੀ ਸੀ , ਜੋ ਫਿਲੌਰ ਦੇ ਪਿੰਡ ਖੈਹਰੀਆ ਭੱਟੀਆਂ ਕੋਲ ਫਲਾਈਓਵਰ 'ਤੇ ਖੜ੍ਹੀ ਇਕ ਪਿਕਅਪ ਵੈਨ ਨਾਲ ਟਕਰਾਅ ਗਈ। ਟੱਕਰ ਹੋਣ ਕਾਰਨ ਪਿਕਅਪ ਵੈਨ ਪਲਟ ਗਈ ਅਤੇ ਪਿੱਛੋਂ ਆ ਰਹੀ ਇਕ ਹੋਰ ਕਾਰ ਵੀ ਉਸ ਨਾਲ ਟਕਰਾ ਕੇ ਨੁਕਸਾਨੀ ਗਈ। ਬੱਸ 'ਚ ਸਵਾਰ



ਲਗਭਗ 10 ਯਾਤਰੀ ਦੀਪਕ, ਖੇਮ ਬਹਾਦਰ, ਵਿਮਲ, ਰਾਜੂ, ਭੀਮ ਬਹਾਦਰ, ਨਿਰਮਲਾ, ਸੁਖ ਮਾਲਾ, ਵੀਨਾ ਲਕਸ਼ਮੀ ਸਿਨਰ, ਚਨੀ ਕਾਲਾ, ਹਮ ਬਹਾਦਰ ਆਦਿ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸੜਕ ਸੁਰੱਖਿਆ ਫੋਰਸ ਦੇ ਕਰਮਚਾਰੀਆਂ ਨੇ ਇਲਾਜ ਲਈ ਸਿਵਲ ਹਸਪਤਾਲ ਫਿਲੌਰ 'ਚ ਦਾਖਲ ਕਰਵਾਇਆ। ਪਿਕਅਪ ਵੈਨ ਦੇ ਡਰਾਈਵਰ ਅਮਿਤ ਨੇ ਦੱਸਿਆ ਕਿ ਉਸ ਦੀ ਪਿਕਅਪ ਵੈਨ ਦਾ ਟਾਇਰ ਫਟ ਗਿਆ ਸੀ, ਜਿਸ ਨੂੰ ਉਹ ਬਦਲ ਰਹੇ ਸਨ ਕਿ ਪਿੱਛੋਂ ਆ ਰਹੀ ਬੱਸ ਬ੍ਰੇਕ ਨਾ ਲੱਗਣ ਕਾਰਨ ਵੈਨ ਨਾਲ ਟਕਰਾਅ ਗਈ। ਉਸ ਨੇ ਕਿਹਾ ਕਿ ਬੱਸ ਡਰਾਈਵਰ ਦੀ ਗਲਤੀ ਸੀ, ਇਸ ਲਈ ਉਹ ਹਾਦਸੇ ਤੋਂ ਬਾਅਦ ਭੱਜ ਗਿਆ।

## ਪੰਜਾਬ 'ਚ ਦਿਲ ਦਹਿਲਾ ਦੇਣ ਵਾਲੀ ਵਾਰਦਾਤ, ਜਿੰਦਾ ਸਾੜ 'ਤੀ ਔਰਤ, ਫਿਰ ਖੁਦ ਚੁੱਕ ਲਿਆ ਖੌਫਨਾਕ ਕਦਮ

ਬੁਢਲਾਡਾ 21 ਦਸੰਬਰ। ਬੁਢਲਾਡਾ ਤੋਂ ਦਿਲ ਦਹਿਲਾ ਦੇਣ ਵਾਲੀ ਵਾਰਦਾਤ ਸਾਹਮਣੇ ਆਈ ਹੈ। ਨਾਜਾਇਜ ਸੰਬੰਧ ਬਣਾਉਣ ਤੋਂ ਇਨਕਾਰ ਕਰਨ 'ਤੇ ਨੌਜਵਾਨ ਨੇ ਪਹਿਲਾਂ ਔਰਤ ਨੂੰ ਘਰ ਅੰਦਰ ਘੜੀਸਦਿਆਂ ਕਤਲ ਕੀਤਾ ਅਤੇ ਫਿਕ ਸਾੜ ਦਿੱਤਾ। ਇਸ ਦੇ ਬਾਅਦ ਉਸ ਨੇ ਖੁਦਕੁਸ਼ੀ ਵੀ ਕਰ ਲਈ। ਜਾਣਕਾਰੀ ਅਨੁਸਾਰ ਨੇੜਲੇ ਪਿੰਡ ਬੋੜਾਵਾਲ ਵਿਖੇ ਮਨਜੀਤ ਕੌਰ (40) ਦੇ ਪਤੀ ਬਲਜਿੰਦਰ ਸਿੰਘ ਨੇ ਪੁਲਸ0 ਨੂੰ ਦਿੱਤੇ ਬਿਆਨ ਅਨੁਸਾਰ ਦੱਸਿਆ ਕਿ ਬੋੜਾਵਾਲ ਦੇ ਮੇਜਰ ਸਿੰਘ ਨਾਂਅ ਦੇ ਵਿਅਕਤੀ ਨਾਲ ਮੇਰੀ ਪਤਨੀ ਦੀ ਗੱਲਬਾਤ ਸੀ ਪਰ ਉਹ ਹੁਣ ਉਸ ਤੋਂ ਨਫਰਤ ਕਰਦੀ ਸੀ ਪਰ ਮੇਜਰ ਸਿੰਘ ਉਸ ਦਾ ਖਹਿੜਾ ਨਹੀਂ ਛੱਡ ਰਿਹਾ ਸੀ। ਮੇਰੀ ਪਤਨੀ ਬੁਢਲਾਡਾ ਵਿਖੇ ਸਿਲਾਈ ਦਾ ਕੰਮ ਕਰਦੀ ਸੀ। ਕੱਲ੍ਹ



ਸ਼ਾਮ ਨੂੰ ਕੰਮ ਤੋਂ ਦੇਰੀ ਹੋਣ ਕਾਰਨ ਮੈਂ ਆਪਣੀ ਪਤਨੀ ਨੂੰ ਘਰੋਂ ਲੈਣ ਲਈ ਜਾ ਰਿਹਾ ਸੀ ਪਰ ਮੇਰੀ ਪਤਨੀ ਪੈਦਲ ਘਰ ਆ ਰਹੀ ਸੀ ਤਾਂ ਅਚਾਨਕ ਮੇਜਰ ਸਿੰਘ ਮੇਰੀ ਪਤਨੀ ਨੂੰ ਘੜੀਸ ਕੇ ਆਪਣੇ ਘਰ ਲੈ ਗਿਆ ਅਤੇ ਮੈਂ ਵੀ ਉਸ ਦੇ ਪਿੱਛੇ ਗਿਆ ਤਾਂ ਮੇਰੇ ਵੇਖਦੇ-ਵੇਖਦੇ ਮੇਜਰ ਸਿੰਘ ਨੇ ਟੂਟੀ ਵਾਲੀ ਪਾਈਪ ਮੇਰੀ ਪਤਨੀ ਦੇ ਸਿਰ 'ਤੇ ਮਾਰੀ ਅਤੇ ਉਹ ਬੇਹੋਸ਼ ਹੋ ਗਈ। ਫਿਰ ਉਸ ਨੇ ਤੇਲ ਵਾਲੀ ਕੈਨੀ ਵਿਚੋਂ ਤੇਲ ਪਾ ਕੇ ਮਨਜੀਤ ਕੌਰ ਅੱਗ ਲਗਾ ਦਿੱਤੀ, ਜਿਸ ਦੀ ਕਾਰਨ ਮੌਕੇ ਉਤੇ ਮੌਤ ਹੋ ਗਈ ਅਤੇ ਮੌਕੇ ਤੋਂ ਮੇਜਰ ਸਿੰਘ ਫਰਾਰ ਹੋ ਗਿਆ। ਪੁਲਸ ਨੇ ਮ੍ਰਿਤਕ ਮਨਜੀਤ ਕੌਰ ਦੇ ਪਤੀ ਬਲਜਿੰਦਰ ਸਿੰਘ ਦੇ ਬਿਆਨ ਮੇਜਰ ਸਿੰਘ ਖਿ਼ਲਾਫ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਉਧਰ ਦੇਰ ਰਾਤ ਮੇਜਰ ਸਿੰਘ ਨੇ ਆਪਣੇ ਘਰ ਆ ਕੇ ਖੁਦਕੁਸ਼ੀ ਕਰ ਲਈ।

# ਪੰਜਾਬ ਦੇ ਇਸ ਜਿਲ੍ਹੇ 'ਚ ਭਾਰੀ ਵਾਹਨਾਂ 'ਤੇ ਲੱਗੀ ਪਾਬੰਦੀ ! ਲਾਗੂ ਹੋਏ ਹੁਕਮ

ਬਠਿੰਡਾ 21 ਦਸੰਬਰ। ਜ਼ਿਲ੍ਹਾ ਮੈਜਿਸਟ੍ਰੇਟ ਨੇ ਬਠਿੰਡਾ ਸ਼ਹਿਰ ਅੰਦਰ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਵੀ ਕਮਰਸ਼ੀਅਲ ਵਾਹਨ (ਟਰੱਕ, ਟਰਾਲੇ, ਤੇਲ ਵਾਲੀਆਂ ਗੱਡੀਆਂ ਆਦਿ) ਦੀ ਸਵੇਰੇ 7 ਤੋਂ ਰਾਤ 8 ਵਜੇ ਤੱਕ ਸ਼ਹਿਰ ਅੰਦਰ ਦਾਖਲ ਹੋਣ 'ਤੇ ਪਾਬੰਦੀ ਲਗਾਈ ਗਈ ਹੈ। ਹੁਕਮਾਂ ਅਨੁਸਾਰ ਬਠਿੰਡਾ ਸ਼ਹਿਰ ਦੀ ਆਬਾਦੀ ਕਾਫੀ ਵੱਧ ਗਈ ਹੈ ਅਤੇ ਆਬਾਦੀ ਵੱਧਣ ਕਾਰਨ ਸ਼ਹਿਰ ਅੰਦਰ ਗੱਡੀਆਂ ਦੀ ਗਿਣਤੀ 'ਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅੰਦਰ ਕਾਫੀ ਗਿਣਤੀ 'ਚ ਭਾਰੀ ਕਮਰਸ਼ੀਅਲ ਵਾਹਨ ਵੀ ਦਾਖਲ ਹੁੰਦੇ ਹਨ, ਜਿਨ੍ਹਾਂ ਦੀ ਡਾਇਵਰਸ਼ਨ ਪਲਾਨ ਤਿਆਰ ਕੀਤਾ ਗਿਆ ਹੈ। ਹੁਕਮਾਂ ਅਨੁਸਾਰ ਮਾਨਸਾ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਆਈ. ਟੀ. ਆਈ. ਚੌਂਕ ਰਾਹੀਂ ਹੁੰਦਾ ਹੋਇਆ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਡੱਬਵਾਲੀ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਮਲੋਟ/ ਮੁਕਤਸਰ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਟੀ-ਪੁਆਇੰਟ ਰਿੰਗ ਰੋਡ ਤੋਂ ਆਈ. ਟੀ. ਆਈ. ਚੌਂਕ, ਘਨੱਈਆ ਚੌਂਕ ਤੇ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾ ਗੋਨਿਆਣਾ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਘਨੱਈਆ ਚੌਂਕ ਬਠਿੰਡਾ, ਟੀ-ਪੁਆਇੰਟ ਰਿੰਗ ਰੋਡ ਮਲੋਟ ਰੋਡ ਤੋਂ ਰਿੰਗ ਰੋਡ, ਘਨੱਈਆ ਚੌਂਕ ਤੋਂ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾਂ ਚੰਡੀਗੜ੍ਹ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਬੀਬੀਵਾਲਾ ਚੌਂਕ ਬਠਿੰਡਾ ਤੋਂ ਘਨੱਈਆ ਚੌਂਕ ਤੋਂ ਅੱਗੇ ਜਾਵੇਗਾ। ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵੱਲੋਂ ਪੱਤਰ ਰਾਹੀਂ ਫੂਡ ਗਰੇਨ ਦੇ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਲਈ ਛੋਟ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਫੂਡ ਗਰੇਨ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਤੋਂ ਪਹਿਲਾ, ਟਰੱਕ ਮਾਲਕਾਂ ਵੱਲੋਂ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਬਠਿੰਡਾ ਤੋਂ ਸਪੈਸ਼ਲ ਪਾਸ ਜਾਰੀ ਕਰਵਾਏ ਜਾਣਗੇ। ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਬਠਿੰਡਾ ਵੱਲੋਂ ਇਹ ਪਾਸ ਸੀਨੀਅਰ ਕਪਤਾਨ ਪੁਲਸ ਬਠਿੰਡਾ ਨਾਲ ਤਾਲਮੇਲ ਕਰ ਕੇ ਜਾਰੀ ਕੀਤੇ ਜਾਣਗੇ। ਇਹ ਹੁਕਮ 21 ਦਸੰਬਰ 2024 ਤੋਂ 7 ਫਰਵਰੀ 2025 ਤੱਕ ਲਾਗੂ ਰਹੇਗਾ।



## ਝਪਟਮਾਰਾਂ ਨੇ ਵਿਦਿਆਰਥੀ ਕੋਲੋਂ ਮੋਬਾਇਲ ਖੋਹਿਆ

ਫਿਰੋਜ਼ਪੁਰ 21 ਦਸੰਬਰ। ਫਿਰੋਜ਼ਪੁਰ ਦੇ ਕਿਲੇ ਵਾਲਾ ਚੌਂਕ ਨਜ਼ਦੀਕ ਝਪਟਮਾਰਾਂ ਵੱਲੋਂ ਇਕ ਵਿਦਿਆਰਥੀ ਦਾ ਝਪਟ ਮਾਰ ਕੇ ਮੋਬਾਇਲ ਫੋਨ ਖੋਹਣ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 3 ਅਣਪਛਾਤੇ ਨੌਜਵਾਨਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅੰਸ਼ ਪੁੱਤਰ ਗਗਨ ਕੁਮਾਰ ਵਾਸੀ ਮਕਾਨ ਨੰਬਰ 145-ਡੀ ਰਾਮ ਨਗਰ ਅੰਬਾਲਾ (ਹਰਿਆਣਾ) ਨੇ ਦੱਸਿਆ ਕਿ ਉਹ ਸਮੇਤ ਹੋਰ




ਵਿਦਿਆਰਥੀਆਂ ਨਾਲ ਦਾਸ ਐਂਡ ਬਰਾਊਂਨ ਸਕੂਲ ਬਾਰਡਰ ਰੋਡ ਵਿਖੇ ਖੇਡਾਂ ਵਿਚ ਹਿੱਸਾ ਲੈਣ ਲਈ ਆਇਆ ਸੀ। ਮਿਤੀ 6 ਦਸੰਬਰ 2024 ਨੂੰ ਕਰੀਬ ਸਾਢੇ 6 ਵਜੇ ਆਪਣੇ ਸਾਥੀਆਂ ਨਾਲ ਰੇਲਵੇ ਸਟੇਸ਼ਨ ਫਿਰੋਜ਼ਪੁਰ ਤੋਂ ਦਾਸ ਐਂਡ ਬਰਾਊਂਨ ਸਕੂਲ ਵਿਖੇ ਪੈਦਲ ਆ ਰਹੇ ਸੀ, ਜਦ ਉਹ ਕਿਲੇ ਵਾਲਾ ਚੌਂਕ ਤੋਂ ਥੋੜ੍ਹਾ ਅੱਗੇ ਪੁੱਜੇ ਤਾਂ ਇਕ ਮੋਟਰਸਾਈਕਲ 'ਤੇ ਤਿੰਨ ਨੌਜਵਾਨ ਆਏ, ਜਿਨ੍ਹਾਂ ਨੇ ਉਸ ਦਾ ਮੋਬਾਇਲ ਫੋਨ ਝਪਟ ਮਾਰ ਕੇ ਖੋਹ ਲਿਆ ਤੇ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਨੌਜਵਾਨਾਂ ਖਿ਼ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਟਰੈਕਟਰ ਦੀ ਲਪੇਟ 'ਚ ਆਉਣ ਕਾਰਨ ਚੌਥੀ ਜਮਾਤ ਦੇ ਵਿਦਿਆਰਥੀ ਦੀ ਮੌਤ

ਕੌਸਾਂਬੀ 21 ਦਸੰਬਰ। ਉੱਤਰ ਪ੍ਰਦੇਸ ਦੇ ਕੌਸਾਂਬੀ ਜਿ਼ਲੇ 'ਚ ਟਰੈਕਟਰ ਦੀ ਲਪੇਟ 'ਚ ਆਉਣ ਨਾਲ ਸਕੂਲ ਜਾ ਰਹੇ ਚੌਥੀ ਜਮਾਤ ਦੇ ਵਿਦਿਆਰਥੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਕ ਪੁਲਸ ਅਧਿਕਾਰੀ ਨੇ ਸੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਟਰੈਕਟਰ ਨੂੰ ਕਬਜੇ 'ਚ ਲੈ ਕੇ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਲਾਕਾ ਅਧਿਕਾਰੀ (ਸਿਰਥੂ) ਅਵਧੇਸ ਕੁਮਾਰ ਵਿਸਵਕਰਮਾ ਨੇ ਦੱਸਿਆ ਕਿ ਸੁੱਕਰਵਾਰ ਨੂੰ ਥਾਣਾ ਸਦਰ ਦੇ ਪਿੰਡ ਚੂਹਾਪੀਰਾਂ ਦੀ ਰਹਿਣ ਵਾਲੀ ਨੈਨਾ (12) ਘਰ ਤੋਂ ਸਕੂਲ ਜਾ ਰਹੀ ਸੀ ਕਿ ਝੋਨੇ ਦੀ ਕਟਾਈ ਕਰਨ ਵਾਲੇ ਟਰੈਕਟਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਉਸ ਨੇ ਦੱਸਿਆ ਕਿ ਟੱਕਰ ਲੱਗਣ ਕਾਰਨ ਨੈਨਾ ਸੜਕ 'ਤੇ ਡਿੱਗ ਪਈ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਟਰੈਕਟਰ ਨੂੰ ਕਬਜੇ 'ਚ ਲੈ ਕੇ ਡਰਾਈਵਰ ਨੂੰ ਹਿਰਾਸਤ 'ਚ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਜਾਅਲੀ ਦਸਤਾਵੇਜ ਤਿਆਰ ਕਰ ਕੇ ਆਪਣੇ ਨਾਂ 'ਤੇ ਕਾਰ ਰਜਿਸਟਰਡ ਕਰਵਾਉਣ ਦਾ ਮਾਮਲਾ ਦਰਜ

ਲੁਧਿਆਣਾ 21 ਦਸੰਬਰ। ਜਾਅਲੀ ਦਸਤਾਵੇਜ ਤਿਆਰ ਕਰ ਕੇ ਮਾਲਕ ਦੀ ਕਾਰ ਆਪਣੇ ਨਾਂ ਕਰਵਾਉਣ ਦੇ ਦੋਸ 'ਚ ਥਾਣਾ ਡਵੀਜਨ ਨੰ. 5 ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਉਮੇਸ ਅਰੋੜਾ ਪੁੱਤਰ ਸੁਰਿੰਦਰ ਕੁਮਾਰ ਅਰੋੜਾ ਵਾਸੀ ਨਿਊ ਲਾਜਪਤ ਨਗਰ ਦੇ ਬਿਆਨਾਂ 'ਤੇ ਹਰਬੰਸਪੁਰਾ ਦੇ ਰਹਿਣ ਵਾਲੇ ਅਮਿਤ ਥਾਪਰ ਖਿਲਾਫ ਵਿਸਵਾਸ ਤੋੜਨ ਅਤੇ ਜਾਅਲੀ ਦਸਤਾਵੇਜ ਤਿਆਰ ਕਰਨ ਦੇ ਦੋਸ ਹੇਠ ਕੇਸ ਦਰਜ ਕਰ ਲਿਆ ਹੈ। ਮੁਲਜਮ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ। ਸਿ਼ਕਾਇਤਕਰਤਾ ਉਮੇਸ ਅਰੋੜਾ ਨੇ ਡੀ. ਜੀ. ਪੀ. ਪੰਜਾਬ ਨੂੰ ਦਿੱਤੀ ਸਿ਼ਕਾਇਤ 'ਚ ਦੱਸਿਆ ਕਿ ਉਕਤ ਮੁਲਜਮ ਨੇ ਆਪਣੀ ਪਛਾਣ ਕਥਿਤ ਪੱਤਰਕਾਰ ਵਜੋਂ ਦੱਸੀ, ਜੋ ਪਹਿਲਾਂ ਉਸ ਨਾਲ ਕੰਮ ਕਰਦਾ ਸੀ ਅਤੇ ਉਸ ਨੇ ਕੰਮ ਕਰਨ ਲਈ ਮੁਲਜਮ ਨੂੰ ਕਾਰ ਵੀ ਦਿੱਤੀ ਸੀ ਪਰ ਕੁਝ ਸਮੇਂ ਬਾਅਦ ਮੁਲਜਮ ਅਮਿਤ ਥਾਪਰ ਨੇ ਜਾਅਲੀ ਦਸਤਖਤ ਕਰ ਕੇ ਹਲਫੀਆ ਬਿਆਨ ਤਿਆਰ ਕਰਵਾ ਲਿਆ ਅਤੇ ਕਾਰ ਆਪਣੇ ਨਾਂ 'ਤੇ ਰਜਿਸਟਰਡ ਕਰਵਾ ਲਈ। ਜਦੋਂ ਉਸ ਨੇ ਇਸ ਦਾ ਵਿਰੋਧ ਕੀਤਾ ਤਾਂ ਮੁਲਜਮ ਨੇ ਉਸ ਨੂੰ ਧਮਕੀਆਂ ਦੇਣੀਆਂ ਸੁਰੂ ਕਰ ਦਿੱਤੀਆਂ। ਡੀ. ਜੀ. ਪੀ. ਨੂੰ ਦਿੱਤੀ ਸਿ਼ਕਾਇਤ 'ਚ ਸਿ਼ਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਇਸ ਦੀ ਸਿ਼ਕਾਇਤ ਪੁਲਸ ਕਮਿਸਨਰ ਲੁਧਿਆਣਾ ਅਤੇ ਥਾਣਾ ਬਸਤੀ ਜੋਧੇਵਾਲ ਨੂੰ ਦਿੱਤੀ ਸੀ ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਸਿ਼ਕਾਇਤਕਰਤਾ ਨੇ ਦੋਸ ਲਾਇਆ ਕਿ ਉਕਤ ਮੁਲਜਮ ਪੁਲਸ 'ਤੇ ਦਬਾਅ ਪਾਉਂਦਾ ਸੀ ਅਤੇ ਕਾਰਵਾਈ ਨਹੀਂ ਕਰਨ ਦਿੰਦਾ ਸੀ। ਡੀ. ਜੀ. ਪੀ. ਦੀਆਂ ਹਦਾਇਤਾਂ 'ਤੇ ਸਥਾਨਕ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਸਬੂਤਾਂ ਦੀ ਜਾਂਚ ਕਰਨ ਤੋਂ ਬਾਅਦ ਹੀ ਮੁਲਜਮ ਖਿਲਾਫ ਕੇਸ ਦਰਜ ਕੀਤਾ ਗਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

## ਪੁਲਸ ਨੇ ਇਕ ਕਰੋੜ ਮੁੱਲ ਦੇ ਨਸ਼ੀਲੇ ਪਦਾਰਥ ਕੀਤੇ ਨਸ਼ਟ

ਸ਼੍ਰੀਨਗਰ 21 ਦਸੰਬਰ। ਜੰਮੂ ਕਸ਼ਮੀਰ ਦੇ ਪੁਲਵਾਮਾ ਜਿ਼ਲ੍ਹੇ 'ਚ ਸੋਪੋਰ ਪੁਲਸ ਨੇ ਇਕ ਕਰੋੜ ਰੁਪਏ ਤੋਂ ਵੱਧ ਮੁੱਲ ਦੇ ਨਸ਼ੀਲੇ ਪਦਾਰਥ ਨਸ਼ਟ ਕਰ ਦਿੱਤੇ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪੁਲਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਕਦਮ ਬਾਰਾਮੂਲਾ 'ਚ ਐੱਨ.ਡੀ.ਪੀ.ਐੱਸ. (ਨਾਰਕੋਟਿਕ ਡਰੱਗਜ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ) ਅਦਾਲਤ ਵਲੋਂ ਜਾਰੀ ਆਦੇਸ਼ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ 'ਚ ਲਾਸਿਪੋਰਾ ਖੇਤਰ 'ਚ ਇਕ ਤੈਅ ਸਥਾਨ 'ਤੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦਾ ਆਦੇਸ਼ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਬਾਰਾਮੂਲਾ ਜਿ਼ਲ੍ਹੇ 'ਚ ਸੋਪੋਰ ਖੇਤਰ ਦੇ ਵੱਖ-ਵੱਖ ਪੁਲਸ ਥਾਣਿਆਂ 'ਚ ਦਰਜ ਐੱਨ.ਡੀ.ਪੀ.ਐੱਸ. ਦੇ 21 ਵੱਖ-ਵੱਖ ਮਾਮਲਿਆਂ 'ਚ ਨਸ਼ੀਲੇ ਪਦਾਰਥਾਂ ਦੀ ਖੇਪ ਜਬਤ ਕੀਤੀ ਗਈ। ਅਧਿਕਾਰੀ ਨੇ ਦੱਸਿਆ ਕਿ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਤੋਂ ਬਾਅਦ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰ ਦਿੱਤਾ ਗਿਆ।

## ਪੁਰਤਗਾਲ ਭੇਜਣ ਦੇ ਸੁਫਨੇ ਦਿਖਾ ਕੇ ਠੱਗ ਲਏ ਲੱਖਾਂ ਰੁਪਏ

ਲੁਧਿਆਣਾ 21 ਦਸੰਬਰ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਸਾਢੇ 6 ਲੱਖ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ 2 ਮੁਲਜਮਾਂ ਦੇ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਉਕਤ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਇੰਸਪੈਕਟਰ ਸੁਖਦੇਵ ਸਿੰਘ ਬਰਾੜ ਨੇ ਦੱਸਿਆ ਕਿ ਫਿ਼ਲੌਰ ਦੇ ਰਹਿਣ ਵਾਲੇ ਯਸ਼ ਕੁਮਾਰ ਪੁੱਤਰ ਅਮਿਤ ਲਾਲ ਨੇ ਪੁਲਸ ਕਮਿਸ਼ਨਰ ਨੂੰ 12 ਜੁਲਾਈ 2024 ਨੂੰ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਵਿਸ਼ਾਲ ਕੁਮਾਰ ਵਾਸੀ ਪੁਲਸ ਕਾਲੋਨੀ ਭਾਈ ਰਣਧੀਰ ਸਿੰਘ ਨਗਰ ਤੇ ਕਪਿਲ ਕੁਮਾਰ ਵਾਸੀ ਸਨ ਸਿਟੀ ਚੂਹੜਪੁਰ ਦੇ ਨਾਲ ਪੁਰਤਗਾਲ ਭੇਜਣ ਲਈ ਸਾਢੇ 6 ਲੱਖ ਰੁਪਏ ਦਿੱਤੇ ਗਏ ਸਨ। ਪਰ ਉਕਤ ਲੋਕਾਂ ਵੱਲੋਂ ਨਾ ਤਾਂ ਉਸ ਨੂੰ ਪੁਰਤਗਾਲ ਭੇਜਿਆ ਗਿਆ ਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ ਗਏ। ਇਸ ਮਗਰੋਂ ਪੁਲਸ ਨੇ ਉਕਤ ਮਾਮਲੇ ਦੀ ਜਾਂਚ ਮਗਰੋਂ ਦੋਹਾਂ ਮੁਲਜਮਾਂ ਦੇ ਖਿ਼ਲਾਫ ਸਾਜਿ਼ਸ਼ ਤਹਿਤ ਧੋਖਾਧੜੀ ਕਰਨ ਤੇ ਇਮੀਗ੍ਰੇਸ਼ਨ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਫਿ਼ਲਹਾਲ ਦੋਵੇਂ ਮੁਲਜਮ ਅਜੇ ਤਕ ਫਰਾਰ ਦੱਸੇ ਜਾ ਰਹੇ ਹਨ।

# 5 ਦਿਨ ਪਹਿਲਾਂ ਨਵੀਂ ਖਰੀਦੀ ਕਾਰ ਦੇ ਚਾਰੋਂ ਟਾਇਰ ਚੋਰੀ, ਇੱਟਾਂ ਸਹਾਰੇ ਛੱਡ ਕੇ ਭੱਜੇ ਚੋਰ

ਜਲੰਧਰ 21 ਦਸੰਬਰ। ਟਾਂਡਾ ਰੋਡ 'ਤੇ ਚੋਰਾਂ ਨੇ 5 ਦਿਨ ਪਹਿਲਾਂ ਨਵੀਂ ਖਰੀਦੀ ਕਾਰ ਦੇ ਚਾਰੋਂ ਟਾਇਰ ਚੋਰੀ ਕਰ ਲਏ। ਚੋਰ ਟਾਇਰ ਲਾਹ ਕੇ ਕਾਰ ਨੂੰ ਇੱਟਾਂ ਸਹਾਰੇ ਖੜ੍ਹੀ ਕਰਕੇ ਭੱਜ ਗਏ। ਚੋਰ 2 ਗੱਡੀਆਂ ਵਿਚ ਸਵਾਰ ਹੋ ਕੇ ਆਏ ਸਨ, ਜਿਨ੍ਹਾਂ ਦੀ ਗਿਣਤੀ 7-8 ਸੀ। ਮੁਲਜਮਾਂ ਦੀਆਂ ਗੱਡੀਆਂ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈਆਂ ਹਨ। ਕਾਰ ਦੇ ਮਾਲਕ ਨੇ ਚੋਰਾਂ ਦੀ ਸੂਚਨਾ ਦੇਣ 'ਤੇ ਇਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੈ। ਜਾਣਕਾਰੀ ਦਿੰਦੇ ਸਮਾਜ-ਸੇਵਕ ਅਤੇ ਕਾਰੋਬਾਰੀ ਜਿੰਮੀ ਗੁਪਤਾ ਨਿਵਾਸੀ ਟਾਂਡਾ ਰੋਡ ਨੇ ਦੱਸਿਆ ਕਿ 5 ਦਿਨ ਪਹਿਲਾਂ ਹੀ ਉਨ੍ਹਾਂ ਨਵੀਂ ਕਾਰ ਖਰੀਦੀ ਸੀ, ਜਿਹੜੀ ਰੋਜਾਨਾ ਵਾਂਗ ਬੁੱਧਵਾਰ ਨੂੰ ਵੀ ਉਨ੍ਹਾਂ ਦੇ ਘਰ ਦੇ ਬਾਹਰ ਖੜ੍ਹੀ ਸੀ। ਸਵੇਰੇ ਜਦੋਂ ਉਹ ਉੱਠੇ ਤਾਂ ਵੇਖਿਆ ਕਿ ਉਨ੍ਹਾਂ ਦੀ ਨਵੀਂ ਕਾਰ ਦੇ ਚਾਰੋਂ ਟਾਇਰ ਗਾਇਬ ਸਨ ਅਤੇ ਉਹ ਇੱਟਾਂ ਦੇ ਸਹਾਰੇ ਖੜ੍ਹੀ ਸੀ। ਉਨ੍ਹਾਂ ਦੇ ਘਰ ਦੇ ਬਾਹਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਤਾਂ ਪਤਾ ਲੱਗਾ ਕਿ ਬੁੱਧਵਾਰ ਦੇਰ ਰਾਤ ਲਗਭਗ 2.30 ਵਜੇ 2 ਗੱਡੀਆਂ ਵਿਚ ਸਵਾਰ ਹੋ ਕੇ ਚੋਰ ਆਏ ਸਨ। ਇਕ ਗੱਡੀ ਚੋਰਾਂ ਨੇ ਉਨ੍ਹਾਂ ਦੀ ਗੱਡੀ ਦੇ ਪਿੱਛੇ ਲਾ ਦਿੱਤੀ ਤਾਂ ਕਿ ਉਨ੍ਹਾਂ ਨੂੰ ਟਾਇਰ ਲਾਹੁੰਦਿਆਂ ਕੋਈ ਦੇਖ ਨਾ ਲਵੇ, ਜਦੋਂ ਕਿ ਦੂਜੀ ਗੱਡੀ ਆਉਣ-ਜਾਣ ਵਾਲੇ ਲੋਕਾਂ 'ਤੇ ਨਜਰ ਰੱਖਣ ਲਈ ਕੁਝ ਦੂਰੀ 'ਤੇ ਖੜ੍ਹੀ ਕਰ ਦਿੱਤੀ। ਮੁਲਜਮ ਚਾਰੋਂ ਟਾਇਰ ਆਪਣੀ ਗੱਡੀ ਵਿਚ ਸੁੱਟ ਕੇ ਲੈ ਗਏ। ਚੋਰੀ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਉਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਜਿੰਮੀ ਗੁਪਤਾ ਨੇ ਕਿਹਾ ਕਿ ਮੁਲਜਮਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਂ ਗੁਪਤ ਰੱਖਿਆ ਜਾਵੇਗਾ ਅਤੇ ਉਸ ਨੂੰ 1 ਲੱਖ ਰੁਪਏ ਦਾ ਇਨਾਮ ਵੀ ਦਿੱਤਾ ਜਾਵੇਗਾ।



## ਬੱਚਿਆਂ ਦੀਆਂ ਲੱਗਣਗੀਆਂ ਮੌਜਾਂ, ਪੰਜਾਬ 'ਚ 3 ਦਿਨ ਸਕੂਲ ਰਹਿਣਗੇ ਬੰਦ

ਜਲੰਧਰ 21 ਦਸੰਬਰ। ਪੰਜਾਬ ਵਿਚ ਭਲਕੇ ਨਗਰ-ਨਿਗਮ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਨਤੀਜੇ ਵੀ ਉਸੇ ਦਿਨ ਹੀ ਐਲਾਨ ਦਿੱਤੇ ਜਾਣਗੇ। ਇਸੇ ਤਹਿਤ ਵਿਦਿਆਰਥੀਆਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਦਰਅਸਲ ਜਲੰਧਰ ਪ੍ਰਸ਼ਾਸਨ ਵੱਲੋਂ ਭਲਕੇ ਤੋਂ ਸਕੂਲਾਂ 'ਚ 3 ਦਿਨਾਂ ਲਈ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਨਗਰ ਨਿਗਮ ਚੋਣਾਂ ਦੇ ਮੱਦੇਨਜਰ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਜਲੰਧਰ ਪ੍ਰਸ਼ਾਸਨ ਵੱਲੋਂ ਜਾਰੀ ਹੁਕਮਾਂ ਵਿੱਚ ਜਲੰਧਰ, ਨਕੋਦਰ, ਭੋਗਪੁਰ, ਫਿਲੌਰ, ਗੋਰਾਇਆ, ਬਿਲਗਾ, ਸਾਹਕੋਟ, ਦੇ ਸਕੂਲਾਂ ਵਿੱਚ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਪੰਜਾਬ 'ਚ ਨਗਰ ਨਿਗਮ ਚੋਣਾਂ ਦੇ ਮੱਦੇਨਜਰ ਸੁੱਕਰਵਾਰ 21 ਦਸੰਬਰ ਤੋਂ 23 ਦਸੰਬਰ ਤੱਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਇਹ ਹੁਕਮ ਸੁੱਕਰਵਾਰ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਜਾਰੀ ਕੀਤਾ ਹੈ, ਜਿੱਥੇ ਚੋਣਾਂ ਦੇ ਮੱਦੇਨਜਰ ਬੂਥ ਬਣਾਏ ਜਾਣੇ ਹਨ। ਜਿ਼ਕਰਯੋਗ ਹੈ ਕਿ ਪੰਜਾਬ ਵਿੱਚ ਭਲਕੇ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਹੋਣੀਆਂ ਹਨ। 21 ਦਸੰਬਰ ਨੂੰ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਨਤੀਜੇ ਵੀ ਸ਼ਾਮ ਤੱਕ ਸਾਹਮਣੇ ਆ ਜਾਣਗੇ। ਪੰਜਾਬ ਰਾਜ ਚੋਣ ਅਧਿਕਾਰੀ ਰਾਜ ਕਮਲ ਚੌਧਰੀ ਨੇ ਕਿਹਾ ਸੀ ਕਿ ਸੂਬੇ 'ਚ ਹੋਣ ਵਾਲੀਆਂ ਨਗਰ ਨਿਗਮ ਚੋਣਾਂ 'ਚ ਇਸ ਵਾਰ ਈ. ਵੀ. ਐੱਮ. ਜਰੀਏ ਕਰਵਾਈਆਂ ਜਾਣਗੀਆਂ। ਪੰਜਾਬ ਵਿੱਚ ਵੀਰਵਾਰ ਸ਼ਾਮ ਤੋਂ ਹੀ ਚੋਣ ਪ੍ਰਚਾਰ 'ਤੇ ਰੋਕ ਲੱਗ ਗਈ ਹੈ। ਇਨ੍ਹਾਂ ਨਿਗਮ ਚੋਣਾਂ ਦੇ ਲਈ ਸੂਬੇ ਦੇ 37.32 ਲੱਖ ਵੋਟਰ ਆਪਣੀ ਵੋਟ ਹੱਕ ਦੀ ਵਰਤੋ ਕਰ ਸਕਣਗੇ। ਜਿਨ੍ਹਾਂ ਵਿੱਚ 19.55 ਪੁਰਸ ਅਤੇ 17.75 ਮਹਿਲਾ ਵੋਟਰ ਹਨ। 5 ਨਗਰ ਨਿਗਮਾਂ ਜਲੰਧਰ, ਅੰਮ੍ਰਿਤਸਰ, ਫਗਵਾੜਾ, ਲੁਧਿਆਣਾ ਅਤੇ ਪਟਿਆਲਾ ਵਿੱਚ ਚੋਣਾਂ ਹੋਣੀਆਂ ਹਨ।

# ਆਂਡੇ ਜਿੰਨਾ ਪ੍ਰੋਟੀਨ ਦਿੰਦੀ ਹੈ ਬ੍ਰੋਕਲੀ, ਖਾਣ ਨਾਲ ਮਿਲਦੀ ਹੈ ਜਬਰਦਸਤ ਤਾਕਤ

ਜਲੰਧਰ 21 ਦਸੰਬਰ। ਬ੍ਰੋਕਲੀ, ਜੋ ਗੋਭੀ ਦੀ ਤਰ੍ਹਾਂ ਦਿਸਣ ਵਾਲੀ ਸਬਜੀ ਹੈ, ਸ਼ਾਕਾਹਾਰੀ ਲੋਕਾਂ ਲਈ ਇਕ ਬਿਹਤਰੀਨ ਆਪਸ਼ਨ ਹੈ। ਇਸ ਵਿਚ ਪ੍ਰੋਟੀਨ ਦੀ ਭਰਪੂਰ ਮਾਤਰਾ ਪਾਈ ਜਾਂਦੀ ਹੈ, ਜੋ ਸਰੀਰ ਨੂੰ ਤੰਦਰੁਸਤ ਅਤੇ ਬੀਮਾਰੀਆਂ ਤੋਂ ਦੂਰ ਰੱਖਣ 'ਚ ਮਦਦ ਕਰਦੀ ਹੈ। ਆਓ ਜਾਣਦੇ ਹਾਂ ਬ੍ਰੋਕਲੀ ਦੇ ਫਾਇਦੇ ਅਤੇ ਇਸ ਨੂੰ ਆਪਣੀ ਡਾਈਟ 'ਚ ਸ਼ਾਮਲ ਕਰਨ ਦੇ ਕਾਰਨ। ਪ੍ਰੋਟੀਨ ਨੂੰ ਬਣਾਈ ਰੱਖਣ ਲਈ ਬੇਹੱਦ ਜਰੂਰੀ ਹੈ। ਜਦੋਂਕਿ ਮਾਸਾਹਾਰੀ ਲੋਕ ਆਂਡੇ ਅਤੇ ਮਾਸ ਤੋਂ ਪ੍ਰੋਟੀਨ ਦੀ ਲੋੜ ਪੂਰੀ ਕਰਦੇ ਹਨ, ਸ਼ਾਕਾਹਾਰੀ ਲੋਕਾਂ ਲਈ ਬ੍ਰੋਕਲੀ ਇਕ ਸ਼ਾਨਦਾਰ ਆਪਸ਼ਨ ਹੈ। (    ) ਅਨੁਸਾਰ, ਇਕ ਆਂਡੇ 'ਚ ਕਰੀਬ 6 ਗ੍ਰਾਮ ਪ੍ਰੋਟੀਨ ਹੁੰਦਾ ਹੈ, ਜਦੋਂਕਿ 100 ਗ੍ਰਾਮ ਬ੍ਰੋਕਲੀ 'ਚ ਲਗਭਗ 3 ਗ੍ਰਾਮ ਪ੍ਰੋਟੀਨ ਪਾਇਆ ਜਾਂਦਾ ਹੈ। ਹਾਲਾਂਕਿ, ਆਂਡੇ ਦੀ ਤੁਲਨਾ 'ਚ ਬ੍ਰੋਕਲੀ 'ਚ ਕੈਲਰੀ ਘੱਟ ਹੁੰਦੀ ਹੈ। ਇਹ ਭਾਰ ਘਟਾਉਣ ਅਤੇ ਫਿੱਟ ਰੱਖਣ ਲਈ ਵੀ ਉਪਯੋਗੀ ਹੈ। ਇਸ ਤੋਂ ਇਾਵਾ ਬ੍ਰੋਕਲੀ 'ਚ ਲਗਭਗ 2.6 ਗ੍ਰਾਮ ਡਾਈਟਰੀ ਫਾਈਬਰ ਪਾਇਆ ਜਾਦਾ ਹੈ, ਜੋ ਪਾਚਨ ਤੰਤਰ ਨੂੰ ਠੀਕ ਰੱਖਣ ਅਤੇ ਭਾਰ ਗੱਟ ਕਰਨ 'ਚ ਮਦਦ ਕਰਦਾ ਹੈ। ਬ੍ਰੋਕਲੀ ਇਕ ਤਰ੍ਹਾਂ ਦੀ ਕਰੂਸੀਫੇਰਸ ਸਬਜੀ ਹੈ, ਜਿਸ ਵਿਚ ਕਈ ਐਂਟੀਆਕਸੀਡੈਂਟਸ ਮੌਜੂਦ ਹੁੰਦੇ ਹਨ। ਇਹ ਐਂਟੀਆਕਸੀਡੈਂਟਸ ਸਰੀਰ 'ਚ ਕੈਂਸਰ ਪੈਦਾ ਕਰਨ ਵਾਲੇ ਸੈੱਲਾਂ ਨੂੰ ਰੋਕਦੇ ਹਨ। ਨਿਯਮਿਤ ਰੂਪ ਨਾਲ ਬ੍ਰੋਕਲੀ ਦਾ ਸੇਵਨ ਕਰਨ ਨਾਲ ਕੈਂਸਰ ਦਾ ਖਤਰਾ ਕਾਫੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਬ੍ਰੋਕਲੀ 'ਚ ਕੈਲਸ਼ੀਅਮ ਅਤੇ ਕੋਲੇਜਨ ਚੰਗੀ ਮਾਤਰਾ 'ਚ ਪਾਏ ਜਾਂਦੇ ਹਨ,ਜੋ ਹੱਡੀਆਂ ਨੂੰ ਮਜਬੂਤ ਬਣਾਉਣ 'ਚ ਮਦਦਗਾਰ ਹੁੰਦੇ ਹਨ। ਇਸ ਦੇ ਨਾਲ ਹੀ ਇਸ ਵਿਚ ਵਿਟਾਮਿਨ-ਕੇ ਹੱਡੀਆਂ ਦੀ ਘਣਤਾ ਨੂੰ ਬਣਾਈ ਰੱਖਣ 'ਚ ਮਦਦ ਕਰਦਾ ਹੈ ਅਤੇ ਆਸਟੀਓਪੋਰੋਸਿਸ ਵਰਗੀਆਂ ਬੀਮਾਰੀਆਂ ਨੂੰ ਰੋਕਣ 'ਚ ਕਾਰਗਰ ਹੈ। ਸਰਦੀਆਂ ਦੇ ਮੌਸਮ 'ਚ ਇਮਿਊਨਿਟੀ ਮਜਬੂਤ ਰੱਖਣਾ ਬੇਹੱਦ ਜਰੂਰੀ ਹੈ। ਬ੍ਰੋਕਲੀ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਇਕ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੈ। ਇਹ ਠੰਡ-ਖੰਘ ਵਰਗੀਆਂ ਸਮੱਸਿਆਵਾਂ ਤੋਂ ਬਚਾਉਣ ਅਤੇ ਇਮਿਊਨ ਸਿਸਟਮ ਨੂੰ ਮਜਬੂਤ ਕਰਨ 'ਚ ਮਦਦ ਕਰਦਾ ਹੈ।



## ਤੇਜਧਾਰ ਹਥਿਆਰਾਂ ਨਾਲ ਲੈਸ ਲੁਟੇਰਿਆਂ ਨੇ ਵਿਅਕਤੀ 'ਤੇ ਕੀਤਾ ਹਮਲਾ

ਫਿਰੋਜਪੁਰ 21 ਦਸੰਬਰ। ਫਿਰੋਜਪੁਰ ਛਾਉਣੀ ਦੀ ਪੁਰਾਣੀ ਸਬਜੀ ਮੰਡੀ (ਪੁਰਾਣੀ ਪੁਲਸ ਚੌਂਕੀ ਵਾਲੀ ਥਾਂ) ਦੇ ਨੇੜੇ ਤੇਜਧਾਰ ਹਥਿਆਰਾਂ ਨਾਲ ਲੈਸ 10-12 ਅਣਪਛਾਤੇ ਨਕਾਬਪੋਸ ਲੁਟੇਰਿਆਂ ਨੇ ਵੇਰਕਾ ਦੁਕਾਨ ਦੇ ਮਾਲਕ ਯੁੱਧਵੀਰ ਵਾਲੀਆ ਪੁੱਤਰ ਵਿਨੋਦ ਵਾਲੀਆ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਇਸ ਦੇ ਨਾਲ ਹੀ ਉਸ ਦੀ ਦੁਕਾਨ ਦੀ ਬੁਰੀ ਤਰ੍ਹਾਂ ਭੰਨਤੋੜ ਕੀਤੀ ਅਤੇ ਯੁੱਧਵੀਰ ਬੁਰੀ ਤਰ੍ਹਾਂ ਜਖਮੀ ਹੋਇਆ ਹੈ। ਇਸ ਦੌਰਾਨ ਦੋ ਥਾਵਾਂ ਤੋਂ ਉਸਦੀ ਬਾਂਹ ਟੁੱਟ ਗਈ ਹੈ, ਜਦ ਕਿ ਉਸਨੇ ਦੁਕਾਨ ਤੋਂ ਭੱਜ ਕੇ ਆਪਣੀ ਜਾਨ ਬਚਾਈ। ਉਸ ਨੂੰ ਫਿਰੋਜਪੁਰ ਦੇ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਯੁੱਧਵੀਰ ਵਾਲੀਆ ਨੇ ਦੱਸਿਆ ਕਿ ਲੁਟੇਰੇ ਉਸ ਦੀ ਦੁਕਾਨ ਦੇ ਕੈਸ ਕਾਊਂਟਰ 'ਚ ਪਏ ਹਜਾਰਾਂ ਰੁਪਏ ਲੁੱਟ ਕੇ ਫਰਾਰ ਹੋ ਗਏ ਹਨ। ਇਸ ਰੋਸ 'ਚ ਫਿਰੋਜਪੁਰ ਛਾਉਣੀ ਦੇ ਲੋਕਾਂ ਨੇ ਲਾਈਟਾਂ ਵਾਲੇ ਚੌਂਕ 'ਚ ਧਰਨਾ ਲਗਾ ਦਿੱਤਾ ਹੈ। ਫਿਲਹਾਲਫਿਰੋਜਪੁਰ ਛਾਉਣੀ ਵਪਾਰ ਮੰਡਲ ਦੇ ਪ੍ਰਧਾਨ ਧਰਮੂ ਪੰਡਿਤ ਅਤੇ ਹੋਰ ਅਧਿਕਾਰੀਆਂ ਵੱਲੋਂ ਵੀ ਦਸੰਬਰ ਨੂੰ ਫਿਰੋਜਪੁਰ ਛਾਉਣੀ ਬੰਦ ਰੱਖਣ ਦਾ ਫੈਸਲਾ ਲਿਆ ਗਿਆ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸ਼ਰਾਬ ਦੇ ਨਸ਼ੇ 'ਚ ਕੱਢੀਆਂ ਗਾਲ੍ਹਾਂ ਤਾਂ ਸੁਪਰਵਾਈਜ਼ਰ ਨੇ ਕਰ'ਤਾ ਕਤਲ

ਜਲੰਧਰ 21 ਦਸੰਬਰ। ਰੇਲਵੇ ਦੇ ਲੱਕੜ ਪੁਲ ਨੇੜੇ 2 ਦਿਨ ਪਹਿਲਾਂ ਹੋਈ ਚੌਕੀਦਾਰ ਰਾਜੂ ਬੰਗਾਲੀ ਦੇ ਕਤਲ ਦੀ ਗੁੱਥੀ ਨੂੰ ਪੁਲਸ ਨੇ ਸੁਲਝਾ ਲਿਆ ਹੈ। ਮੁਲਜ਼ਮ ਸਾਗਰ ਮ੍ਰਿਤਕ ਚੌਕੀਦਾਰ ਰਾਜੂ ਉਰਫ਼ ਬੰਗਾਲੀ ਦਾ ਸੁਪਰਵਾਈਜ਼ਰ ਸੀ ਤੇ ਗੁੱਸੇ 'ਚ ਉਸ ਨੇ ਕਹੀ ਦੇ ਦਸਤੇ (ਲੱਕੜੀ) ਨਾਲ ਵਾਰ ਕੀਤਾ, ਜਿਸ ਕਾਰਨ ਰਾਜੂ ਬੰਗਾਲੀ ਦੀ ਮੌਤ ਹੋ ਗਈ। ਘਟਨਾ ਦੇ ਬਾਅਦ ਤੋਂ ਸਾਗਰ ਗਾਇਬ ਸੀ ਤੇ ਉਸ ਦਾ ਫੋਨ ਬੰਦ ਸੀ, ਜਿਸ 'ਤੇ ਪੁਲਸ ਨੇ ਹਰਿਆਣਾ 'ਚ ਸਾਗਰ ਦੇ ਘਰ ਰੇਡ ਕੀਤੀ। ਇਸ ਤੋਂ ਪਤਾ ਲੱਗਾ ਕਿ ਸਾਗਰ ਕਿਸੇ ਰਿਸ਼ਤੇਦਾਰ ਕੋਲ ਗਿਆ ਹੋਇਆ ਹੈ ਪਰ ਉਸ ਦਾ ਫੋਨ ਬੰਦ ਸੀ, ਜਿਸ ਤੋਂ ਪੁਲਸ ਦਾ ਸ਼ੱਕ ਯਕੀਨ 'ਚ ਬਦਲ ਗਿਆ। ਪੁਲਸ ਦੀ ਰੇਡ ਤੋਂ ਘਬਰਾਏ ਮੁਲਜ਼ਮ ਸਾਗਰ ਨੇ ਆਤਮ-ਸਮਰਪਣ ਕਰ ਦਿੱਤਾ। ਮੁਲਜ਼ਮ ਸਾਗਰ ਨੇ ਪੁਲਸ ਨੂੰ ਦੱਸਿਆ ਕਿ ਹੱਤਿਆ ਵਾਲੇ ਦਿਨ ਮ੍ਰਿਤਕ ਰਾਜੂ ਨੇ ਸ਼ਰਾਬ ਪੀਤੀ ਹੋਈ ਸੀ ਤੇ ਨਸ਼ੇ 'ਚ ਉਹ ਗਾਲ੍ਹਾਂ ਕੱਢਣ ਲੱਗਾ, ਜਿਸ ਤੋਂ ਬਾਅਦ ਦੋਵਾਂ 'ਚ ਝਗੜਾ ਹੋ ਗਿਆ ਤੇ ਝਗੜੇ 'ਚ ਰਾਜੂ ਦੀ ਜਾਨ ਚਲੀ ਗਈ। ਜੀ.ਆਰ.ਪੀ. ਥਾਣੇ ਦੇ ਐੱਸ.ਐੱਚ.ਓ. ਪਲਵਿੰਦਰ ਸਿੰਘ ਭਿੰਡਰ ਨੇ ਪ੍ਰੈੱਸ ਕਾਨਫਰੰਸ 'ਚ ਇਸ ਪੂਰੀ ਕਹਾਣੀ ਤੋਂ ਪਰਦਾ ਚੁੱਕਿਆ। ਮੂਲ ਰੂਪ ਤੋਂ ਵੈਸਟ ਬੰਗਾਲ ਦੇ ਰਹਿਣ ਵਾਲੇ ਰਾਜੂ ਬਰਮਨ ਉਰਫ ਬੰਗਾਲੀ ਦੀ ਲਾਸ਼ 18 ਜੁਲਾਈ ਨੂੰ ਰੇਲਵੇ ਸਟੇਸ਼ਨ ਦੇ ਲੱਕੜ ਵਾਲੇ ਪੁਲ ਦੇ ਪਾਵਰ ਕੈਬਿਨ ਨੇੜਿਓਂ ਮਿਲੀ ਸੀ। ਰਾਜੂ ਬਰਮਨ ਬੰਗਾਲੀ ਹਰਿਆਣਾ ਦੀ ਬਾਲਾ ਸੁੰਦਰੀ ਕੰਸਟਰੱਕਸ਼ਨ ਕੰਪਨੀ ਦੇ ਲੱਕੜ ਵਾਲੇ ਪੁਲ ਨੇੜੇ ਬਣੇ ਸਟੋਰ 'ਚ ਚੌਕੀਦਾਰੀ ਦਾ ਕੰਮ ਕਰਦਾ ਸੀ। ਹੱਤਿਆ ਦਾ ਮੁਲਜ਼ਮ ਸਾਗਰ ਪੁੱਤਰ ਰਮੇਸ਼ ਕੁਮਾਰ ਨਿਵਾਸੀ ਪਿੰਡ



ਖੋਜਗੀਪੁਰ, ਜ਼ਿਲ੍ਹਾ ਪਾਨੀਪਤ (ਹਰਿਆਣਾ) ਦਾ ਰਹਿਣ ਵਾਲਾ ਹੈ ਤੇ ਬਾਲਾ ਸੁੰਦਰੀ ਕੰਪਨੀ 'ਚ ਸੁਪਰਵਾਈਜ਼ਰ ਦੇ ਅਹੁਦੇ 'ਤੇ ਤਾਇਨਾਤ ਸੀ। ਹੱਤਿਆ ਵਾਲੇ ਦਿਨ ਮ੍ਰਿਤਕ ਰਾਜੂ ਬੰਗਾਲੀ ਨੂੰ ਤਨਖਾਹ ਮਿਲੀ ਸੀ, ਜਿਸ 'ਤੇ ਸੁਪਰਵਾਈਜ਼ਰ ਸਾਗਰ ਤੇ ਰਾਜੂ ਮਿਲ ਕੇ ਬਾਜ਼ਾਰ 'ਚੋਂ ਪੱਖਾ, ਬਟਨਾਂ ਵਾਲਾ ਮੋਬਾਈਲ ਤੇ ਹੋਰ ਸਾਮਾਨ ਖਰੀਦ ਕੇ ਲਿਆਏ ਸਨ। ਇਸੇ ਦੌਰਾਨ ਰਾਜੂ ਨੇ ਬਾਜ਼ਾਰ 'ਚੋਂ ਸ਼ਰਾਬ ਵੀ ਖਰੀਦ ਲਈ ਤੇ ਰਾਤ ਨੂੰ ਰਾਜੂ ਸ਼ਰਾਬ ਪੀਣ ਲੱਗਾ। ਸਾਗਰ ਦਾ ਕਹਿਣਾ ਸੀ ਕਿ ਰਾਜੂ ਬਾਜ਼ਾਰ 'ਚੋਂ ਹੋਰ ਸ਼ਰਾਬ ਲਿਆਉਣ ਦੀ ਗੱਲ ਕਰਨ ਲੱਗਾ, ਜਿਸ ਤੋਂ ਉਸ ਨੇ ਮਨ੍ਹਾ ਕਰ ਦਿੱਤਾ। ਸਾਗਰ ਨੇ ਪੁਲਸ ਨੂੰ ਦੱਸਿਆ ਕਿ ਰਾਜੂ ਬਹੁਤ ਨਸ਼ੇ 'ਚ ਸੀ ਤੇ ਲੜਖੜਾਉਣ ਕਾਰਨ ਉਹ ਕਈ ਵਾਰ ਡਿੱਗਿਆ, ਜਿਸ ਨਾਲ ਉਸ ਨੂੰ ਸੱਟਾਂ ਵੀ ਲੱਗੀਆਂ। ਇਸੇ ਦੌਰਾਨ ਰਾਜੂ ਨੇ ਸਾਗਰ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਤੇ ਦੋਵਾਂ ਵਿਚਕਾਰ ਝਗੜਾ ਵਧ ਗਿਆ। ਸੁਪਰਵਾਈਜ਼ਰ ਸਾਗਰ ਨੇ ਰਾਜੂ 'ਤੇ ਲੱਕੜੀ ਨਾਲ ਵਾਰ ਕੀਤਾ, ਜਿਸ ਨਾਲ ਉਹ ਡਿੱਗ ਗਿਆ ਤੇ ਖੂਨ ਨਿਕਲਣ ਲੱਗਾ। ਰਾਜੂ ਨੂੰ ਇਸ ਹਾਲਤ 'ਚ ਦੇਖ ਕੇ ਸਾਗਰ ਘਬਰਾ ਗਿਆ ਤੇ ਮੌਕੇ ਤੋਂ ਭੱਜ ਗਿਆ। ਇਸ ਦੌਰਾਨ ਸਾਗਰ ਨੇ ਆਪਣਾ ਮੋਬਾਈਲ ਫੋਨ ਬੰਦ ਕਰ ਦਿੱਤਾ। ਐੱਸ.ਐੱਚ.ਓ. ਪਲਵਿੰਦਰ ਸਿੰਘ ਭਿੰਡਰ ਨੇ ਦੱਸਿਆ ਕਿ ਫੋਨ ਬੰਦ ਹੋਣ ਕਾਰਨ ਸ਼ੱਕ ਸਿੱਧਾ ਸਾਗਰ 'ਤੇ ਜਾ ਰਿਹਾ ਸੀ। ਸਾਗਰ ਦੇ ਘਰ ਰੇਡ ਕਰਨ ਤੋਂ ਬਾਅਦ ਮੁਲਜ਼ਮ ਨੇ ਆਤਮ-ਸਮਰਪਣ ਕਰ ਦਿੱਤਾ। ਅਦਾਲਤ ਵੱਲੋਂ ਮੁਲਜ਼ਮ ਦਾ 2 ਦਿਨ ਦਾ ਪੁਲਸ ਰਿਮਾਂਡ ਦਿੱਤਾ ਗਿਆ, ਜਿਸ ਦੇ ਆਧਾਰ 'ਤੇ ਪਹਿਲੇ ਤੱਥ ਸਾਹਮਣੇ ਆਏ ਹਨ। ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਪੁੱਛਗਿੱਛ ਜਾਰੀ ਹੈ। ਜੀ.ਆਰ.ਪੀ. ਥਾਣੇ ਵੱਲੋਂ ਐੱਫ.ਆਈ.ਆਰ. ਨੰਬਰ 74 ਵਿਚ ਭਾਰਤੀ ਨਿਆਂ ਸੰਘਤਾ ਦੀ ਧਾਰਾ 103(1) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜ਼ਮ ਸਾਗਰ ਮੂਲ ਰੂਪ ਤੋਂ ਹਰਿਆਣਾ ਦਾ ਰਹਿਣ ਵਾਲਾ ਹੈ ਤੇ ਰੇਲਵੇ 'ਚ ਠੇਕੇਦਾਰੀ ਕਰਨ ਵਾਲੀ ਬਾਲਾ ਸੁੰਦਰੀ ਕੰਸਟਰੱਕਸ਼ਨ ਕੰਪਨੀ 'ਚ ਸੁਪਰਵਾਈਜ਼ਰ ਦੇ ਅਹੁਦੇ 'ਤੇ ਤਾਇਨਾਤ ਹੈ। ਉਹ ਬਸ਼ੀਰਪੁਰਾ 'ਚ ਕਿਰਾਏ ਦੇ ਮਕਾਨ 'ਚ ਕੰਪਨੀ ਦੇ ਹੋਰਨਾਂ ਕਰਮਚਾਰੀਆਂ ਨਾਲ ਰਹਿੰਦਾ ਸੀ। ਸਾਗਰ ਨੇ ਆਪਣੀ ਕੰਪਨੀ 'ਚ ਰਾਜੂ ਨੂੰ 9 ਹਜ਼ਾਰ ਰੁਪਏ ਤਨਖਾਹ 'ਤੇ ਚੌਕੀਦਾਰ ਰਖਵਾਇਆ ਸੀ। ਰਾਜੂ ਨੇ ਕੁਝ ਸਮਾਂ ਪਹਿਲਾਂ ਹੀ ਨੌਕਰੀ ਸ਼ੁਰੂ ਕੀਤੀ ਸੀ। ਇਸ ਦੌਰਾਨ ਬਸ਼ੀਰਪੁਰਾ 'ਚ ਕਈ ਵਾਰ ਰਾਜੂ ਤੇ ਸਾਗਰ ਨੂੰ ਇਕੱਠੇ ਦੇਖਿਆ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਵਿਚਕਾਰ ਦੋਸਤੀ ਹੋ ਗਈ ਹੋਵੇਗੀ, ਜਦੋਂ ਕਿ ਸਾਗਰ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਰਾਜੂ ਨਾਲ ਸ਼ਰਾਬ ਨਹੀਂ ਪੀਤੀ ਸੀ। ਹੱਤਿਆ ਦੇ ਕੇਸ ਤੋਂ ਪਰਦਾ ਚੁੱਕਣ ਲਈ ਪੁਲਸ ਵੱਲੋਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਇਸੇ ਦੌਰਾਨ ਪੁਲਸ ਮ੍ਰਿਤਕ ਦੀ ਬੇਟੀ ਤਕ ਪਹੁੰਚੀ ਸੀ। ਮ੍ਰਿਤਕ ਰਾਜੂ ਦੀ ਬੇਟੀ ਪੰਪਾ ਤੇ ਜਵਾਈ ਰਾਖਲ ਬਰਮਨ ਹਿਮਾਚਲ ਦੇ ਚੌਹਾਲ ਨੇੜੇ ਕਿਸੇ ਸਾਈਟ 'ਤੇ ਕੰਮ ਕਰਦੇ ਹਨ। ਪੁਲਸ ਵੱਲੋਂ ਇਸ ਪੂਰੇ ਘਟਨਾਕ੍ਰਮ ਬਾਰੇ ਮ੍ਰਿਤਕ ਦੀ ਬੇਟੀ ਨੂੰ ਜਾਣਕਾਰੀ ਦਿੱਤੀ ਗਈ।

## ਪਤਨੀ ਦੀਆਂ ਧਮਕੀਆਂ ਤੋਂ ਪਰੇਸ਼ਾਨ ਸਕਿਓਰਿਟੀ ਗਾਰਡ ਨੇ ਜਹਿਰੀਲੀ ਚੀਜ ਨਿਗਲ ਕੇ ਕੀਤੀ ਖੁਦਕੁਸੀ

ਜਲੰਧਰ 21 ਦਸੰਬਰ। ਮਿੱਠਾਪੁਰ 'ਚ ਇਕ ਸਕਿਓਰਿਟੀ ਗਾਰਡ ਨੇ ਜਹਿਰੀਲਾ ਪਦਾਰਥ ਨਿਗਲ ਕੇ ਖੁਦਕੁਸੀ ਕਰ ਲਈ। ਦੋਸ ਹੈ ਕਿ ਸਕਿਓਰਿਟੀ ਗਾਰਡ ਆਪਣੀ ਪਤਨੀ ਤੋਂ ਪਰੇਸਾਨ ਸੀ, ਜਿਹੜੀ ਉਸ ਨੂੰ ਜੇਲ੍ਹ ਭੇਜਣ ਦੀ ਧਮਕੀ ਦਿੰਦੀ ਸੀ ਅਤੇ ਪਿਛਲੇ ਇਕ ਮਹੀਨੇ ਤੋਂ ਬੱਚੀਆਂ ਸਮੇਤ ਆਪਣੇ ਪੇਕੇ ਘਰ ਰਹਿ ਰਹੀ ਸੀ। ਮ੍ਰਿਤਕ ਦੀ ਪਛਾਣ ਗੁਰਮੀਤ ਸਿੰਘ ਵਾਸੀ ਮਿੱਠਾਪੁਰ ਵਜੋਂ ਹੋਈ ਹੈ। ਮ੍ਰਿਤਕ ਦੀ ਭੈਣ ਪਰਮਜੀਤ ਕੌਰ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਸ ਦੇ ਭਰਾ ਦਾ ਵਿਆਹ 7 ਸਾਲ ਪਹਿਲਾਂ ਗੁਰਦਾਸਪੁਰ ਦੇ ਪਿੰਡ ਕਲੇਰ ਕਲਾਂ ਦੀ ਰਹਿਣ ਵਾਲੀ ਸਰਨਜੀਤ ਕੌਰ ਨਾਲ



ਹੋਇਆ ਸੀ। ਵਿਆਹ ਦੇ ਕੁਝ ਸਮੇਂ ਬਾਅਦ ਤੋਂ ਸ਼ਰਨਜੀਤ ਕਿਸੇ ਨਾ ਕਿਸੇ ਗੱਲ ਤੋਂ ਕਲੇਸ਼ ਕਰਦੀ ਰਹਿੰਦੀ ਸੀ। ਉਨ੍ਹਾਂ ਦੀਆਂ 2 ਬੱਚੀਆਂ ਸਨ। ਦੋਸ ਹੈ ਕਿ ਉਹ ਕਲੇਸ਼ ਕਰਕੇ ਆਪਣੇ ਪੇਕੇ ਘਰ ਚਲੀ ਜਾਂਦੀ ਸੀ, ਜਿਸ ਤੋਂ ਬਾਅਦ ਉਸ ਦੇ ਭਰਾ ਨੂੰ ਗਲਤੀ ਨਾ ਹੋਣ ਦੇ ਬਾਵਜੂਦ ਪੰਚਾਇਤ 'ਚ ਮੁਆਫੀ ਮੰਗ ਕੇ ਉਸ ਨੂੰ ਵਾਪਸ ਲਿਆਉਣਾ ਪੈਂਦਾ ਸੀ। ਪਰਮਜੀਤ ਕੌਰ ਨੇ ਦੱਸਿਆ ਕਿ ਸ਼ਰਨਜੀਤ ਕੁਝ ਦਿਨ ਤਾਂ ਠੀਕ ਰਹਿੰਦੀ ਪਰ ਬਾਅਦ 'ਚ ਦੋਬਾਰਾ ਕਲੇਸ਼ ਕਰਦੀ ਅਤੇ ਪੇਕੇ ਚਲੀ ਜਾਂਦੀ। ਦੋਸ ਹੈ ਕਿ ਪਿਛਲੇ ਇਕ ਮਹੀਨੇ ਤੋਂ ਸਰਨਜੀਤ ਦੋਵੇਂ ਬੱਚੀਆਂ ਸਮੇਤ ਆਪਣੇ ਪੇਕੇ ਘਰ ਰਹਿ ਰਹੀ ਸੀ ਅਤੇ ਗੁਰਮੀਤ ਸਿੰਘ ਨੂੰ ਜੇਲ੍ਹ ਭੇਜਣ ਦੀਆਂ ਧਮਕੀਆਂ ਦੇ ਰਹੀ ਸੀ। ਗੁਰਮੀਤ ਆਪਣੀ ਪਤਨੀ ਨੂੰ ਮਨਾਉਣ ਲਈ 3 ਵਾਰ ਆਪਣੇ ਸਹੁਰੇ ਗਿਆ ਪਰ ਉਸ ਨੂੰ ਬੇਇੱਜਤ ਕਰਕੇ ਵਾਪਸ ਭੇਜ ਦਿੱਤਾ ਗਿਆ, ਜਿਸ ਕਾਰਨ ਉਹ ਬਹੁਤ ਪਰੇਸਾਨ ਰਹਿਣ ਲੱਗਾ ਅਤੇ ਇਸ ਕਾਰਨ ਉਸ ਨੇ ਜਹਿਰੀਲਾ ਪਦਾਰਥ ਨਿਗਲ ਕੇ ਖੁਦਕੁਸੀ ਕਰ ਲਈ। ਸੂਚਨਾ ਮਿਲਦੇ ਹੀ ਥਾਣਾ ਨੰ. 7 ਦੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ। ਪੁਲਸ ਨੇ ਪਰਮਜੀਤ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਸਰਨਜੀਤ ਕੌਰ ਅਤੇ ਉਸ ਦੇ ਹੋਰ ਪੇਕੇ ਪਰਿਵਾਰ ਦੇ ਹੋਰ ਮੈਂਬਰਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਥਾਣਾ ਨੰ. 7 ਦੀ ਇੰਚਾਰਜ ਅਨੂ ਪਲਿਆਲ ਦਾ ਕਹਿਣਾ ਹੈ ਕਿ ਮੁਲਜਮਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਦਿਨ ਚੜ੍ਹਦਿਆਂ ਹੀ ਅੱਗ ਨੇ ਮਚਾਈ ਤਬਾਹੀ, ਤੀਜੀ ਮੰਜਿਲ ਤਕ ਮਚੇ ਭਾਂਬੜ

ਲੁਧਿਆਣਾ 21 ਦਸੰਬਰ। ਅੱਜ ਸਵੇਰੇ-ਸਵੇਰੇ ਗਿੱਲ ਰੋਡ ਸਥਿਤ ਗਿੱਲ ਮਾਰਕੀਟ ਵਿਚ ਕਬਾੜ ਦੇ ਇਕ ਗੋਦਾਮ ਵਿਚ ਅਚਾਨਕ ਅੱਗ ਲੱਗਣ ਨਾਲ ਭਾਜੜਾਂ ਪੈ ਗਈਆਂ। ਇਸ ਘਟਨਾ ਵਿਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ, ਪਰ ਅੱਗ ਨਾਲ ਕਾਫੀ ਸਾਮਾਨ ਸੜ ਕੇ ਸੁਆਹ ਹੋ ਗਿਆ ਹੈ। ਇਹ ਘਟਨਾ ਸਵੇਰੇ ਤਕਰੀਬਨ 7 ਵਜੇ ਦੀ ਦੱਸੀ ਜਾ ਰਹੀ ਹੈ, ਜਿੱਥੇ ਬੈਂਕ ਵਾਲੀ ਗਲੀ ਦੇ ਕਬਾੜ ਦੇ ਗੋਦਾਮ ਵਿਚ ਅੱਗ ਲੱਗ ਗਈ। ਆਲੇ-ਦੁਆਲੇ ਦੇ ਲੋਕਾਂ ਨੇ ਇਸ ਘਟਨਾ ਦੀ ਸੂਚਨਾ ਤੁਰੰਤ ਗੋਦਾਮ ਦੇ ਮਾਲਕ ਅਤੇ ਫਾਇਰ ਬ੍ਰਿਗੇਡ ਨੂੰ ਦਿੱਤੀ। ਮੌਕੇ 'ਤੇ ਮੌਜੂਦ ਲੋਕਾਂ ਨੇ ਖੁਦ ਵੀ ਅੱਗ ਬੁਝਾਉਣ ਦੀ ਕਾਫੀ ਕੋਸ਼ਿਸ਼ ਕੀਤੀ, ਪਰ ਵੇਖਦਿਆਂ ਹੀ ਵੇਖਦਿਆਂ ਅੱਗ ਨੇ ਹੋਰ ਭਿਆਨਕ ਰੂਪ ਧਾਰ ਲਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ 5 ਗੱਡੀਆਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਕਾਫੀ ਜੱਦੋ-ਜਹਿਦ ਮਗਰੋਂ ਅੱਗ 'ਤੇ ਕਾਬੂ ਪਾ ਲਿਆ ਗਿਆ। ਸ਼ੁਰੂਆਤੀ ਜਾਂਚ ਵਿਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ।

## ਕੈਂਟਰ ਹੇਠ ਆਉਣ ਨਾਲ ਵਿਅਕਤੀ ਦੀ ਮੌਤ, ਅਣਪਛਾਤੇ ਕੈਂਟਰ ਚਾਲਕ ਖਿਲਾਫ ਮਾਮਲਾ ਦਰਜ

ਗੁਰੂਹਰਸਹਾਏ 21 ਦਸੰਬਰ। ਇਕ ਵਿਅਕਤੀ ਦੀ ਕੈਂਟਰ ਹੇਠ ਆਉਣ ਨਾਲ ਹੋਈ ਮੌਤ ਨੂੰ ਲੈ ਕੇ ਥਾਣਾ ਲੱਖੋ ਕੇ ਬਹਿਰਾਮ ਦੀ ਪੁਲਸ ਨੇ ਅਣਪਛਾਤੇ ਕੈਂਟਰ ਚਾਲਕ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਅਨਵਰ ਮਸੀਹ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮੁਦੱਈ ਜਸਵਿੰਦਰ ਕੌਰ ਪਤਨੀ ਦਿਲਬਾਗ ਸਿੰਘ ਵਾਸੀ ਲੱਖੋ ਕੇ ਬਹਿਰਾਮ ਨੇ ਦੱਸਿਆ ਕਿ ਮੁਦੱਈਆ ਤੇ ਉਸ ਦਾ ਪੁੱਤਰ ਤੇ ਉਸ ਦਾ ਭਰਾ ਜੋਰਾ ਸਿੰਘ, ਬਾਬਾ ਜੀਵਨ ਸਿੰਘ ਨਗਰ ਵੱਲ ਪੈਦਲ ਜਾ ਰਹੇ ਸੀ। ਜਦ ਉਹ ਜਤਾਲਾ ਨਹਿਰ ਤੋਂ ਥੋੜ੍ਹਾ ਪਿੱਛੇ ਸੀ ਤਾਂ ਫਿਰੋਜ਼ਪੁਰ ਵੱਲੋਂ ਇਕ ਕੈਂਟਰ ਅਸ਼ੋਕਾ ਲੇਲੈਂਡ ਤੇਜ਼ ਰਫ਼ਤਾਰ ਨਾਲ ਡਿੱਕੇ-ਡੋਲੇ ਖਾਂਦਾ ਆ ਰਿਹਾ ਸੀ, ਜਿਸ 'ਤੇ ਮੁੱਦਈਆ ਤੇ ਉਸ ਦਾ ਪੁੱਤਰ ਜਾਨ ਬਚਾ ਕੇ ਸਾਈਡ 'ਤੇ ਡਿੱਗ ਪਏ ਅਤੇ ਜੋਰਾ ਸਿੰਘ ਦੀ ਕੈਂਟਰ ਹੇਠ ਆਉਣ ਨਾਲ ਮੌਕੇ 'ਤੇ ਮੌਤ ਹੋ ਗਈ। ਕੈਂਟਰ ਦਾ ਡਰਾਈਵਰ ਮੌਕਾ ਤੋਂ ਭੱਜ ਗਿਆ। ਪੁਲਸ ਵੱਲੋਂ ਦੋਸ਼ੀ ਕੈਂਟਰ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ।

## ਕਾਰ ਦੀ ਟੱਕਰ ਨਾਲ ਜਖਮੀ ਮੋਟਰਸਾਈਕਲ ਚਾਲਕ ਦੀ ਇਲਾਜ ਦੌਰਾਨ ਮੌਤ

ਡੇਰਾਬੱਸੀ 21 ਦਸੰਬਰ। ਡੇਰਾਬੱਸੀ ਮੁਬਾਰਕਪੁਰ ਸੁੰਡਰਾਂ ਰੋਡ 'ਤੇ ਸੁੱਕਰਵਾਰ ਨੂੰ ਫੱਟੜ ਹੋਏ ਮੋਟਰਸਾਈਕਲ ਚਾਲਕ ਦੀ ਸੈਕਟਰ-32 ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮੰਗਲ ਸਿੰਘ (45) ਪਿੰਡ ਟਿੱਬੀ ਮਾਜਰਾ, ਜ਼ਿਲ੍ਹਾ ਪੰਚਕੂਲਾ, ਹਰਿਆਣਾ ਵਜੋਂ ਹੋਈ ਹੈ। ਉਹ ਪਿੰਡ ਪੰਡਵਾਲਾ ਵਿਖੇ ਘਰ ਜਵਾਈ ਰਹਿੰਦਾ ਸੀ। ਪੁਲਸ ਨੇ ਮਾਮਲੇ 'ਚ ਮ੍ਰਿਤਕ ਦੇ ਭਰਾ ਸੁਰੇਸ ਪਾਲ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਕਾਰ ਚਾਲਕ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਭਰਾ ਸੁਰੇਸ ਪਾਲ ਨੇ ਦੱਸਿਆ ਕਿ ਮੰਗਲ ਸਿੰਘ ਪੰਚਕੂਲਾ ਨਗਰ ਨਿਗਮ ਵਿਖੇ ਚੌਥਾ ਦਰਜਾ ਮੁਲਾਜਮ ਲੱਗਿਆ ਹੋਇਆ ਸੀ। ਬੀਤੇ ਸੁੱਕਰਵਾਰ ਨੂੰ ਡਿਊਟੀ ਤੋਂ ਬਾਅਦ ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਸਹੁਰੇ ਘਰ ਪੰਡਵਾਲਾ ਜਾ ਰਿਹਾ ਸੀ। ਜਦੋਂ ਉਹ ਨੇੜੇ ਪਹੁੰਚਿਆ ਤਾਂ ਉੱਥੇ ਇਕ ਅਣਪਛਾਤੀ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ ਅਤੇ ਮੌਕੇ ਤੋਂ ਚਾਲਕ ਕਾਰ ਲੈ ਕੇ ਫਰਾਰ ਹੋ ਗਿਆ। ਉਸ ਨੂੰ ਹਾਦਸੇ 'ਚ ਕਾਫੀ ਗੰਭੀਰ ਸੱਟਾਂ ਲੱਗੀਆਂ। ਉਸ ਨੂੰ ਡੇਰਾਬੱਸੀ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਦੇਖਿਦਆਂ ਗੌਰਮਿੰਟ ਹਸਪਤਾਲ ਸੈਕਟਰ-32 ਚੰਡੀਗੜ੍ਹ ਰੈਫਰ ਕਰ ਦਿੱਤਾ।

## ਗੱਦੇ ਤੇ ਫਟੇ ਪਰਦੇ ਬਦਲਣ 'ਚ ਅਸਫਲ ਹਸਪਤਾਲ ਪ੍ਰਸ਼ਾਸਨ

ਜਲੰਧਰ 21 ਦਸੰਬਰ। ਮਹਾਨਗਰ 'ਚ ਹਰ ਮਹੀਨੇ ਫੈਕਟਰੀਆਂ ਅਤੇ ਵੱਡੀਆਂ ਕੰਪਨੀਆਂ ਆਪਣੇ ਸਟਾਫ ਲਈ ਈ. ਐੱਸ. ਆਈ. ਰਾਹੀਂ ਸਰਕਾਰ ਨੂੰ ਕੁਝ ਨਾ ਕੁਝ ਪੈਸਾ ਦਿੰਦੀਆਂ ਹਨ, ਜਿਸ ਤੋਂ ਬਾਅਦ ਉਸ ਦਾ ਕੁਝ ਹਿੱਸਾ ਸਰਕਾਰ ਵੱਲੋਂ ਵੀ ਦਿੱਤਾ ਜਾਂਦਾ ਹੈ ਤਾਂ ਜੋ ਕੱਲ੍ਹ ਨੂੰ ਉਕਤ ਫੈਕਟਰੀਆਂ ਜਾਂ ਵੱਡੀਆਂ ਕੰਪਨੀਆਂ 'ਚ ਕੰਮ ਕਰਨ ਵਾਲਾ ਸਟਾਫ ਕਿਸੇ ਹਾਦਸੇ 'ਚ ਜਖਮੀ ਜਾਂ ਬੀਮਾਰ ਹੋ ਜਾਵੇ ਤਾਂ ਉਨ੍ਹਾਂ ਦਾ ਈ. ਐੱਸ. ਆਈ. ਹਸਪਤਾਲ 'ਚ ਚੰਗਾ ਇਲਾਜ ਹੋ ਸਕੇ। ਜੇ ਇਹ ਸੰਭਵ ਨਹੀਂ ਹੈ ਤਾਂ ਮਰੀਜ ਨੂੰ ਈ. ਐੱਸ. ਆਈ. ਹਸਪਤਾਲ ਨਾਲ ਜੁੜੇ ਕੁਝ ਪ੍ਰਾਈਵੇਟ ਹਸਪਤਾਲਾਂ 'ਚ ਰੈਫਰ ਕੀਤਾ ਜਾਂਦਾ ਹੈ ਪਰ ਇਨ੍ਹੀਂ ਦਿਨੀਂ ਜਲੰਧਰ ਦਾ ਈ. ਐੱਸ. ਆਈ. ਹਸਪਤਾਲ ਸਰਕਾਰ ਦੇ ਦਾਅਵਿਆਂ ਨੂੰ ਫੇਲ੍ਹ ਕਰਨ 'ਚ ਸਭ ਤੋਂ ਅੱਗੇ ਹੈ। ਲੋਕਾਂ ਵੱਲੋਂ ਲਗਾਤਾਰ ਸ਼ਿਕਾਇਤਾਂ ਮਿਲਣ ਤੋਂ ਬਾਅਦ ਜਦੋਂ 'ਜਗ ਬਾਣੀ'ਟੀਮ ਨੇ ਹਸਪਤਾਲ ਦਾ ਦੌਰਾ ਕੀਤਾ ਤਾਂ ਕਈ ਕਮੀਆਂ ਸਾਹਮਣੇ ਆਈਆਂ। ਜਾਣਕਾਰੀ ਅਨੁਸਾਰ ਈ. ਐੱਸ.



ਆਈ. ਦੇ ਐਮਰਜੈਂਸੀ ਵਾਰਡ ਨੇੜੇ ਆਵਾਰਾ ਕੁੱਤੇ ਇਸ ਤਰ੍ਹਾਂ ਬੈਠੇ ਸਨ, ਜਿਵੇਂ ਇਹ ਉਨ੍ਹਾਂ ਦਾ ਘਰ ਹੋਵੇ ਅਤੇ ਕੋਈ ਵੀ ਕੁੱਤਿਆਂ ਨੂੰ ਭਜਾਉਣ 'ਚ ਦਿਲਚਸਪੀ ਨਹੀਂ ਲੈ ਰਿਹਾ ਸੀ। ਇੰਨਾ ਹੀ ਨਹੀਂ ਮੈਡੀਕਲ ਸੁਪਰਡੈਂਟ ਦੇ ਦਫਤਰ ਬਾਹਰ ਕੁੱਤੇ ਆਰਾਮ ਨਾਲ ਸੌਂ ਰਹੇ ਸਨ ਤਾਂ ਉੱਥੋਂ ਦਾ ਇਕ ਸਟਾਫ ਲੰਘਿਆ ਅਤੇ ਕੁੱਤਿਆਂ ਨੂੰ ਬਿਸਕੁਟ ਦੇ ਕੇ ਚਲਾ ਗਿਆ। ਹਾਲਾਂਕਿ, ਕੁਝ ਲੋਕ ਨੂੰ ਆਵਾਰਾ ਕੁੱਤੇ ਭੌਂਕਦੇ ਵੀ ਵੇਖੇ ਸਕਦੇ ਸਨ।

ਇਸ ਦੇ ਨਾਲ ਹੀ ਮਰੀਜਾਂ ਦੇ ਬੈੱਡਾਂ ਨੇੜੇ ਖਿੜਕੀਆਂ ਦੇ ਫਟੇ ਅਤੇ ਗੰਦੇ ਪਰਦੇ ਹਸਪਤਾਲ ਦੀ ਤਰਸਯੋਗ ਹਾਲਤ ਬਿਆਨ ਕਰ ਰਹੇ ਸਨ। ਇੰਝ ਲੱਗਦਾ ਸੀ ਜਿਵੇਂ ਕਈ ਸਾਲਾਂ ਤੋਂ ਉਕਤ ਪਰਦਿਆਂ ਵੱਲ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ ਸੀ। ਉੱਥੇ ਹੀ 'ਜਗ ਬਾਣੀ'ਟੀਮ ਦੇ ਹਸਪਤਾਲ ਦੇ ਵਾਰਡ ਦੇ ਦੌਰੇ ਦੌਰਾਨ ਇਕ ਮਹਿਲਾ ਮਰੀਜ ਨੇ ਦੋਸ ਲਾਇਆ ਕਿ ਡਿਊਟੀ 'ਤੇ ਮੌਜੂਦ ਨਰਸਿੰਗ ਸਟਾਫ ਉਸ ਵੱਲ ਧਿਆਨ ਨਹੀਂ ਦੇ ਰਿਹਾ। ਉਸ ਨੂੰ ਗੁਲੂਕੋਜ ਦੀਆਂ ਬੋਤਲਾਂ ਚੜ੍ਹਾਈਆਂ ਗਈਆਂ ਅਤੇ ਸਿਰਫ ਇਕ ਹੀ ਗੁਲੂਕੋਜ ਦੀ ਬੋਤਲ ਬਚੀ ਸੀ, ਜਦੋਂ ਉਸ ਨੇ ਦੋਬਾਰਾ ਨਰਸਿੰਗ ਸਟਾਫ ਕੋਲ ਜਾ ਕੇ ਉਸ ਨੂੰ ਬੋਤਲ ਚੜ੍ਹਾਉਣ ਲਈ ਕਿਹਾ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਸ ਕੋਲ ਸਮਾਂ ਨਹੀਂ ਹੈ, ਬੋਤਲ ਸਵੇਰੇ ਲੱਗੇਗੀ। ਪੂਰੇ ਮਾਮਲੇ 'ਚ ਵੇਖਿਆ ਜਾਵੇ ਤਾਂ ਈ. ਐੱਸ. ਆਈ. ਹਸਪਤਾਲ 'ਚ ਮਾਮੂਲੀ ਗਿਣਤੀ 'ਚ ਹੀ ਮਰੀਜ ਦਾਖਲ ਹਨ ਪਰ ਹਸਪਤਾਲ ਦਾ ਸਟਾਫ ਵੀ ਉਨ੍ਹਾਂ ਦੀ ਦੇਖਭਾਲ ਨਹੀਂ ਕਰਦਾ। ਅਜਿਹੇ 'ਚ ਇੰਨੇ ਵੱਡੇ ਹਸਪਤਾਲ ਦਾ ਕੀ ਫਾਇਦਾ? ਇਸ ਦੇ ਨਾਲ ਹੀ ਵਾਰਡ 'ਚ ਮਰੀਜਾਂ ਦੇ ਬੈੱਡਾਂ ਕੋਲ ਫਰਸ਼ 'ਤੇ ਕਈ ਮਹੀਨਿਆਂ ਤੋਂ ਜੰਮੀ ਗੰਦਗੀ ਵੇਖੀ ਜਾ ਸਕਦੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਹਸਪਤਾਲ 'ਚ ਸਾਫ-ਸਫਾਈ ਦੀ ਕੋਈ ਵੀ ਅਧਿਕਾਰੀ ਪ੍ਰਵਾਹ ਨਹੀਂ ਕਰਦਾ।

## ਲੁਧਿਆਣਾ 'ਚ ਵੱਡੀ ਵਾਰਦਾਤ, ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰ ਬੋਰੀ 'ਚ ਪਾ ਕੇ ਸੁੱਟੀ ਲਾਸ਼

ਲੁਧਿਆਣਾ 21 ਦਸੰਬਰ। ਲੁਧਿਆਣਾ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਜਵਾਹਰ ਨਗਰ ਕੈਂਪ ਦੇ ਇਲਾਕੇ ਨੇੜੇ ਰੇਲਵੇ ਲਾਈਨ ਨੇੜੇ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਇਸ ਘਟਨਾ ਮਗਰੋਂ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਹੈ। ਮ੍ਰਿਤਕ ਦੀ ਪਛਾਣ ਬਿੱਲੂ ਬਹਿਰਾ (ਵੇਟਰ) ਵਜੋਂ ਹੋਈ ਹੈ, ਜੋ ਆਪਣੇ ਇਲਾਕੇ ਵਿਚ ਕਾਫੀ ਮਸ਼ਹੂਰ ਸੀ। ਬਿੱਲੂ 3-4 ਦਿਨ ਤੋਂ ਲਾਪਤਾ ਸੀ, ਜਿਸ ਦੀ ਸ਼ਿਕਾਇਤ ਪਰਿਵਾਰ ਵੱਲੋਂ ਪੁਲਸ ਥਾਣੇ ਵਿਚ ਦਰਜ ਕਰਵਾਈ ਗਈ ਸੀ। ਅੱਜ ਪੁਲਸ ਨੂੰ ਜਾਣਕਾਰੀ ਮਿਲੀ ਕਿ ਜਵਾਹਰ ਨਗਰ ਕੈਂਪ ਇਲਾਕੇ ਸਥਿਤ ਰੇਲਵੇ ਲਾਈਨ ਨੇੜੇ ਬੋਰੀ ਦੇ ਅੰਦਰ ਇਕ ਨੌਜਵਾਨ ਦੀ ਲਾਸ਼ ਪਈ ਹੈ। ਮੌਕੇ 'ਤੇ ਪਹੁੰਚੀ ਪੁਲਸ ਨੇ ਜਦੋਂ ਬੋਰੀ ਖੋਲ੍ਹੀ ਤਾਂ ਲਾਸ਼ ਬਿੱਲੂ ਦੀ ਨਿਕਲੀ। ਥਾਣਾ ਜੀ.ਆਰ.ਪੀ. ਡਵੀਜਨ ਨੰਬਰ 5 ਦੀ ਚੌਕੀ ਕੋਚਰ ਮਾਰਕੀਟ ਪੁਲਸ ਨੇ ਲਾਸ਼ ਦਾ ਪੋਸਟਮਾਰਟਮ ਕਰਵਾਉਣ ਮਗਰੋਂ ਰਿਸ਼ਤੇਦਾਰਾਂ ਨੂੰ ਸੌਂਪ ਦਿੱਤੀ ਹੈ। ਪਤਾ ਲੱਗਿਆ ਹੈ ਕਿ ਬਿੱਲੂ ਨਸ਼ੇ ਕਰਨ ਦਾ ਆਦੀ ਸੀ। ਫ਼ਿਲਹਾਲ ਪੁਲਸ ਨੇ ਮ੍ਰਿਤਕ ਦੇ ਪਰਿਵਾਰ ਦੇ ਬਿਆਨਾਂ ਦੇ ਅਧਾਰ 'ਤੇ ਕੇਸ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ। ਫ਼ਿਲਹਾਲ ਕਤਲ ਦੇ ਕਾਰਨਾਂ ਬਾਰੇ ਜਾਂਚ ਕੀਤੀ ਜਾ ਰਹੀ ਹੈ।

## ਟਰੈਫਿਕ ਪੁਲਸ ਦੀ ਸਖਤੀ, ਰੇਹੜੀ ਵਾਲਿਆਂ ਨੂੰ ਜਾਰੀ ਕਰ ਦਿੱਤੇ ਨੋਟਿਸ

ਜਲੰਧਰ 21 ਦਸੰਬਰ। ਸੜਕਾਂ 'ਤੇ ਰੇਹੜੀਆਂ ਲਾ ਕੇ ਟਰੈਫਿਕ ਜਾਮ ਕਰਨ ਵਾਲੇ ਰੇਹੜੀ-ਫੜ੍ਹੀ ਵਾਲਿਆਂ ਖ਼ਿਲਾਫ ਮੁੜ ਸਖਤ ਕਾਰਵਾਈ ਕੀਤੀ ਗਈ ਹੈ। ਬੀਤੇ ਦਿਨ ਬਸਤੀ ਅੱਡਾ ਤੋਂ ਸ਼੍ਰੀ ਰਾਮ ਚੌਂਕ (ਕੰਪਨੀ ਬਾਗ ਚੌਂਕ) ਤੱਕ ਟਰੈਫਿਕ ਪੁਲਸ ਨੇ ਪੂਰੀ ਸਖਤੀ ਵਿਖਾਈ। ਸਬ-ਇੰਸਪੈਕਟਰ ਅਤੇ ਜੋਨ ਇੰਚਾਰਜ ਸਤਨਾਮ ਸਿੰਘ, ਏ. ਐੱਸ. ਆਈ. ਲਖਵੀਰ ਸਿੰਘ, ਏ. ਐੱਸ. ਆਈ. ਜਗਰੂਪ ਸਿੰਘ, ਹੈੱਡ ਕਾਂਸਟੇਬਲ ਸੁਰਿੰਦਰ ਸਿੰਘ ਨੇ ਪੁਲਸ ਟੀਮ ਨਾਲ ਨਾਜਾਇਜ ਤੌਰ 'ਤੇ ਰੇਹੜੀਆਂ ਲਾਉਣ ਵਾਲਿਆਂ ਨੂੰ ਧਾਰਾ 144 ਦੇ ਚਿਤਾਵਨੀ ਨੋਟਿਸ ਜਾਰੀ ਕੀਤੇ। ਉਕਤ ਨੋਟਿਸ ਕਈ ਰੇਹੜੀਆਂ ਵਾਲਿਆਂ ਨੂੰ ਦਿੱਤੇ ਗਏ ਪਰ ਇਸ ਦੌਰਾਨ ਰੇਹੜੀ ਵਾਲਿਆਂ ਨੇ ਪੁਲਸ ਨੂੰ ਪ੍ਰਭਾਵਸਾਲੀ ਲੋਕਾਂ ਨਾਲ ਫੋਨ 'ਤੇ ਗੱਲ ਕਰਵਾਉਣ ਦੀ ਕੋਸ਼ਿਸ ਕੀਤੀ ਪਰ ਪੁਲਸ ਨੇ ਕਿਸੇ ਨਾਲ ਵੀ ਗੱਲ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਆਪਣਾ ਕੰਮ ਕੀਤਾ। ਦੱਸਣਯੋਗ ਹੈ ਕਿ ਉਕਤ ਸੜਕ ਸਿਵਲ ਹਸਪਤਾਲ ਵੱਲ ਆਉਂਦੀ ਹੈ। ਦੁਕਾਨਦਾਰਾਂ ਵੱਲੋਂ ਦੋਪਹੀਆ ਵਾਹਨਾਂ ਅਤੇ




ਕਾਰਾਂ ਸਮੇਤ ਗਾਹਕਾਂ ਦੇ ਵਾਹਨਾਂ ਕਾਰਨ ਸੜਕ 'ਤੇ ਜਾਮ ਲੱਗਦਾ ਸੀ। ਕਈ ਵਾਰ ਟਰੈਫਿਕ ਜਾਮ ਕਾਰਨ ਐਂਬੂਲੈਂਸਾਂ ਵੀ ਫਸ ਜਾਂਦੀਆਂ ਹਨ, ਜਿਸ ਕਾਰਨ ਗੰਭੀਰ ਮਰੀਜ ਦੀ ਜਾਨ ਵੀ ਖਤਰੇ 'ਚ ਪੈ ਸਕਦੀ ਹੈ। ਇੰਚਾਰਜ ਸਤਨਾਮ ਸਿੰਘ ਨੇ ਦੱਸਿਆ ਕਿ ਸੜਕ 'ਤੇ ਨਾਜਾਇਜ ਪਾਰਕਿੰਗ ਕਰਨ ਵਾਲੇ ਵਾਹਨ ਚਾਲਕਾਂ ਨੂੰ ਦੋ ਵਾਰ ਧਾਰਾ 144 ਦਾ ਨੋਟਿਸ ਦਿੱਤਾ ਜਾਵੇਗਾ। ਇਸ ਤੋਂ ਬਾਅਦ ਵੀ ਜੇਕਰ ਉਕਤ ਰੇਹੜੀ ਚਾਲਕ ਆਪਣੀ ਕਾਰਵਾਈ ਤੋਂ ਗੁਰੇਜ ਨਹੀਂ ਕਰਦਾ ਤਾਂ ਉਸ ਵਿਰੁੱਧ ਸਬੰਧਤ ਥਾਣੇ 'ਚ ਧਾਰਾ 188 ਤਹਿਤ ਕੇਸ ਦਰਜ ਕੀਤਾ ਜਾਵੇਗਾ।

## ਰੇਲਵੇ ਟਰੈਕ ਪਾਰ ਕਰਦਿਆਂ ਨੌਜਵਾਨ ਨਾਲ ਵਾਪਰੀ ਅਣਹੋਣੀ

ਲੁਧਿਆਣਾ 21 ਦਸੰਬਰ। ਲੁਧਿਆਣਾ ਤੋਂ ਇਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਰੇਲਵੇ ਟਰੈਕ ਪਾਰ ਕਰਦੇ ਸਮੇਂ ਨੌਜਵਾਨ ਟਰੇਨ ਦੀ ਲਪੇਟ 'ਚ ਆ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਥਾਣਾ ਜੀ.ਆਰ.ਪੀ. ਦੀ ਪੁਲਸ ਨੇ ਲਾਸ਼ ਕਬਜ਼ੇ 'ਚ ਲੈ ਕੇ 72 ਘੰਟਿਆਂ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤੀ ਹੈ। ਜੀ.ਆਰ.ਪੀ ਦੇ ਏ.ਐੱਸ.ਆਈ. ਰਮੇਸ਼ ਕੁਮਾਰ ਨੇ ਦੱਸਿਆ ਕਿ ਮੰਜੂ ਸਿਨੇਮਾ ਨੇੜੇ ਇਕ ਨੌਜਵਾਨ ਨੂੰ ਟਰੇਨ ਨੇ ਬੁਰੀ ਤਰ੍ਹਾਂ ਕੁਚਲ ਦਿੱਤਾ। ਨੇੜੇ ਦੇ ਲੋਕਾਂ ਨੇ ਦੱਸਿਆ ਕਿ ਉਹ ਰੇਲਵੇ ਟਰੈਕ ਪਾਰ ਕਰਨ ਦੀ ਕੋਸ਼ਿਸ਼ 'ਚ ਸੀ। ਇਸ ਦੌਰਾਨ ਟਰੇਨ ਆ ਗਈ ਅਤੇ ਨੌਜਵਾਨ ਟਰੇਨ ਨਾਲ ਕੱਟ ਗਿਆ।

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
ARJUN BIDHURI Advocate
CH. NO.536, Saket Courts
New Delhi-110017.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
PINKI LAMBA MANN
ADVOCATE
OFF. A-205A, NORTH EX.MALL, SECTOR-9, ROHINI, NEW DELHI

**PUBLIC NOTICE**
It is informed to the general public that my clients Vikram S/o Sh. Ramphal, Smt. Rani W/o Vikram R/o H. No. 50, G-9, Sangam Vihar, New Delhi, hereby disowned and debarred their son Arjun from their all movable and immovable properties and also severe all their relations from him. My clients shall not be responsible for any act of their son.
GAJRAJ SINGH ADVOCATE
CHAMBER NO. 640 LAWYERS CHAMBER BLOCK, SAKET COURT COMPLEX, NEW DELHI-110017

**PUBLIC NOTICE**
"It is to informed to the Public at large that my client Shri Ajay Gandhi S/o Shri Chander Prakash Gandhi R/o H. No. 316, Gali Mithu Lal, Chotti Bazaria, Ghaziabad, U.P.-201001; Purchasing a Property from Shri Om Prakash Arora, vide ATS dt.27.09.2022, Along with taking a Loan for Plot Purchase + Construction against property i.e. Portion of Residential Vacant Plot No. 74, area measuring 66.66 sq. yds., i.e. 55.74 sq. mtrs., Situated at Gupta Colony, Old Name Dharampura, Ghaziabad, Tehsil & Distt. Ghaziabad, U.P; being the Owner of said property by virtue of Sale Deed dt. 22.12.2021 executed by 1. Sh. Rachit Jain & 2. Smt. Meenu Jain in favour of Sh. Om Prakash Arora, w.r.t. said property Plot No.74, area 66.66 sq. yds., duly regd. As doc. No. 15719, Vol. 18742, on page 275-294, on dt. 22.12.2021, hereinafter referred to as " the said property " submitted the Papers regarding this property with Satin Housing Finance Limited, And Original Sale Deed dt. 27.03.1965 executed by Sh. Harkishan Dass & 2. Smt. Basant Kaur in favour of Smt. Kelawati, w.r.t. said property Plot No. 24 & 25, area 200 sq. yds., duly regd. As doc. No. 1708, Vol. No. 1201, on page 144-145, on dt. 27.03.1965 has been missing and Newspaper publication already done on dt. 14.04.2018 in Newspaper Manasvi Vani And Original Partition Deed executed by Naveen Jain (H.U.F), through karta Mr. Naveen Jain S/o late Mr. S. K. Jain, Mr. Ajay Gandhi S/o Late Mr. Chandra Prakash Gandhi, Mr. Rachit Jain also missing and is not traceable, If any Person Found the same, Kindly return it at the address mentioned below, Along with "the said property" Late Smt. Kaila Devi was the previous owner of said property and after his death leaving behind his legal heirs Mrs. Shashibala Goyal, Mr. Naveen Jain, Mr. Ajay Gandhi & Mr. Rachit Jain as only 4 legal heirs and no any other legal heirs of this property and Any person, who has got, rights, interest, title, claim, encumbrances, charges of any nature whatsoever in respect of the above said Property or any part thereof, can send their objections with their documentary evidence at below address within 7 days from the date of publication of this notice, failing which, it shall be presumed that the said Property in entirely is free from all such claims, interest, charges, encumbrances etc.
Sahil Virmani
(ADVOCATE)
Address G-721
Karkardooma Court, Delhi
8929535407, 9643394303

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**PUBLIC NOTICE**
It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.

**NAME CHANGE**
I, Amit Bansal S/O Naresh Nkumar Bansal R/O House Number 53 A Kamla Nagar, Malka Ganj North Delhi -110007 have changed my name from Amit Bansal to Amit Kumar Bansal for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I, IC-64401W LT COL GOKULADASAN P S/O EVK NAIR R/O 86/6, KIRBY PLACE, OFFICERS ENCLAVE, DELHI CANTT-110010, have changed my name from GOKULADASAN P to GOKUL DASAN P for all future purposes vide Affidavit dated 28/11/2022 before Notary Public Delhi .

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, IC-64401W LT COL GOKULADASAN P S/O EVK NAIR R/O 86/6, KIRBY PLACE, OFFICERS ENCLAVE, DELHI CANTT-110010, have changed my name from GOKULADASAN P to GOKUL DASAN P for all future purposes vide Affidavit dated 28/11/2022 before Notary Public Delhi .

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
ARJUN BIDHURI Advocate
CH. NO.536, Saket Courts
New Delhi-110017.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I,Ruchi Seth W/o Pulkit Aggarwal R/o D 14, ground floor greater kailash enclave 1, greater kailash south delhi 110048 have changed my name from Ruchi Seth to Ruchi Aggarwal for all future purpose.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
PINKI LAMBA MANN
ADVOCATE
OFF. A-205A, NORTH EX.MALL, SECTOR-9, ROHINI, NEW DELHI

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their relations and disowned his disobedience. My client Shall not be responsible for their acts.
ARJUN BIDHURI Advocate
CH. NO.536, Saket Courts
New Delhi-110017.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
PINKI LAMBA MANN
ADVOCATE
OFF. A-205A, NORTH EX.MALL, SECTOR-9, ROHINI, NEW DELHI

# ਮਨ ਰੇ ਨਾਮੁ ਜਪਹੁ ਸੁਖੁ ਹੋਇ



## ਚੜ੍ਹਿਆ ਸੋਧਣਿ ਧਰਤਿ ਲੁਕਾਈ – 4

ਪਹਿਲੀ ਉਦਾਸੀ ਦੌਰਾਨ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਗੋਇੰਦਵਾਲ ਸਾਹਿਬ ਪੁੱਜੇ ਅਤੇ ਇਥੋਂ ਤਰਨਤਾਰਨ ਹੁੰਦੇ ਹੋਏ ਅੰਮ੍ਰਿਤਸਰ ਵਿਖੇ ਸੁਲਤਾਨਵਿੰਡ ਪਧਾਰੇ। ਇਸ ਅਸਥਾਨ 'ਤੇ ਬਾਅਦ ਵਿਚ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਵੇਲੇ ਪਵਿੱਤਰ ਅੰਮ੍ਰਿਤ ਸਰੋਵਰ ਦੀ ਸਥਾਪਨਾ ਕੀਤੀ।



ਅੰਮ੍ਰਿਤਸਰ ਤੋਂ ਚੱਲ ਕੇ ਗੁਰੂ ਸਾਹਿਬ ਪਿੰਡ ਦੀਪਾਲਪੁਰ ਪੁੱਜੇ ਤਾਂ ਇਥੇ ਉਨ੍ਹਾਂ ਨੇ ਇਕ ਕੋਹੜੀ ਨਾਲ ਮੁਲਾਕਾਤ ਕੀਤੀ, ਜਿਸ ਨੂੰ ਪਿੰਡ ਵਾਲਿਆਂ ਨੇ ਬਿਮਾਰੀ ਕਾਰਨ ਪਿੰਡ ਤੋਂ ਬਾਹਰ ਕੱਢ ਦਿੱਤਾ ਸੀ। ਉਸ ਕੋਹੜੀ ਨੇ ਦਰਵਾਜ਼ਾ ਖੋਲ੍ਹਿਆ ਤੇ ਗੁਰੂ ਸਾਹਿਬ ਨੂੰ ਦੱਸਿਆ ਕਿ ਉਹ ਤਾਂ ਭਿਆਨਕ ਰੋਗ ਤੋਂ ਗ੍ਰਸਤ ਹੈ ਅਤੇ ਉਹ ਨਾ ਤਾਂ ਉਸ ਦੇ ਘਰ ਅੰਦਰ ਆਉਣ ਅਤੇ ਨਾ ਹੀ ਨੇੜੇ। ਗੁਰੂ ਸਾਹਿਬ ਨੇ ਕਿਹਾ ਕਿ ਨਾ ਤਾਂ ਤੂੰ ਕੋਹੜੀ ਹੈਂ ਤੇ ਨਾ ਹੀ ਰੋਗੀ। ਇਹ ਤਾਂ ਤੇਰੇ ਪਾਪਾਂ ਦਾ ਫਲ਼ ਹੈ ਅਤੇ ਇਹ ਪਰਮਾਤਮਾ ਦੇ ਸਿਮਰਨ ਨਾਲ ਹੀ ਕੱਟਿਆ ਜਾਵੇਗਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਉਸ ਰੋਗੀ ਨੂੰ ਧਰਮ ਦਾ ਉਪਦੇਸ਼ ਦੇ ਕੇ ਉਸ ਦੇ ਸਭ ਰੋਗ-ਸੋਗ ਦੂਰ ਕੀਤੇ।

ਅੰਮ੍ਰਿਤਸਰ ਤੋਂ ਚੱਲਦੇ ਹੋਏ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਲਾਹੌਰ ਪੁੱਜੇ। ਉਸ ਵੇਲੇ ਜਿਸ ਵਿਅਕਤੀ ਦੇ ਘਰ ਉੱਪਰ ਇਕ ਝੰਡਾ ਲਹਿਰਾਉਂਦਾ ਸੀ, ਉਹ ਕਰੋੜਪਤੀ ਸਮਝਿਆ ਜਾਂਦਾ ਸੀ। ਲਾਹੌਰ ਵਿਚ ਇਕ ਸੇਠ ਦੁਨੀ ਚੰਦ ਦੇ ਘਰ ਉੱਪਰ ਕਈ ਝੰਡੇ ਲਹਿਰਾ ਰਹੇ ਸਨ। ਸੇਠ ਦੁਨੀ ਚੰਦ ਗੁਰੂ ਸਾਹਿਬ ਦੀ ਮਹਿਮਾ ਸੁਣ ਕੇ ਜਦ ਸਤਿਸੰਗ ਵਿਚ ਆਇਆ ਤਾਂ ਉਸ ਵੇਲੇ ਵੀ ਉਸ ਦੇ ਮਨ ਵਿਚ ਧਨ-ਦੌਲਤ ਦਾ ਅਹਿੰਕਾਰ ਸਾਫ਼ ਝਲਕ ਰਿਹਾ ਸੀ। ਸਤਿਸੰਗ ਤੋਂ ਬਾਅਦ ਜਦ ਦੁਨੀ ਚੰਦ ਪਰਤਣ ਲੱਗਾ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਉਸ ਨੂੰ ਇਕ ਸੂਈ ਦਿੰਦੇ ਹੋਏ ਕਿਹਾ ਕਿ ਪਰਲੋਕ ਸਿਧਾਰਨ ਤੋਂ ਬਾਅਦ ਉਹ ਇਹ ਅਮਾਨਤ ਉਨ੍ਹਾਂ ਨੂੰ ਵਾਪਸ ਮੋੜ ਦੇਵੇ।

ਦੁਨੀ ਚੰਦ ਨੇ ਸਾਰਾ ਹਾਲ ਘਰ ਆ ਕੇ ਆਪਣੀ ਪਤਨੀ ਨੂੰ ਦੱਸਿਆ। ਉਸ ਦੀ ਪਤਨੀ ਸੁਣ ਕੇ ਹੈਰਾਨ ਹੋਈ ਕਿ ਮਰਨ ਤੋਂ ਬਾਅਦ ਕੋਈ ਵਿਅਕਤੀ ਕਿਸੇ ਚੀਜ਼ ਨੂੰ ਆਪਣੇ ਨਾਲ ਕਿਵੇਂ ਲਿਜਾ ਸਕਦਾ ਹੈ? ਉਸ ਨੇ ਦੁਨੀ ਚੰਦ ਨੂੰ ਆਖਿਆ ਕਿ ਇਹ ਕੋਈ ਗਹਿਰੀ ਰਮਜ਼ ਹੈ, ਸਾਨੂੰ ਗੁਰੂ ਸਾਹਿਬ ਕੋਲ ਚੱਲਣਾ ਚਾਹੀਦਾ ਹੈ, ਸ਼ਾਇਦ ਕੋਈ ਢੋਈ ਮਿਲ ਜਾਵੇ।

ਦੋਵਾਂ ਨੇ ਗੁਰੂ ਸਾਹਿਬ ਪਾਸ ਆ ਕੇ ਚਰਨਾਂ 'ਚ ਸੀਸ ਨਿਵਾਇਆ ਤੇ ਆਖਿਆ ਕਿ 'ਮਹਾਰਾਜ, ਆਪ ਦੀ ਦਿੱਤੀ ਹੋਈ ਸੂਈ ਅਸੀ ਮੌਤ ਤੋਂ ਬਾਅਦ ਆਪਣੇ ਨਾਲ ਪਰਲੋਕ 'ਚ ਕਿਵੇਂ ਲਿਜਾ ਸਕਦੇ ਹਾਂ! ਗੁਰੂ ਸਾਹਿਬ ਨੇ ਕਿਹਾ ਕਿ ਜੇ ਇਕ ਸੂਈ ਸਾਡੇ ਨਾਲ ਨਹੀ ਜਾ ਸਕਦੀ ਤਾਂ ਅਸੀਂ ਪਾਪਾਂ ਸੰਗ ਜੋੜੀ ਇਸ ਅਥਾਹ ਮਾਇਆ ਨੂੰ ਕਿਵੇਂ ਆਪਣੇ ਨਾਲ ਲੈ ਕੇ ਜਾਵਾਂਗੇ। ਇਸ ਦੇ ਲਈ ਅਸੀ ਦੂਸਰਿਆਂ ਉੱਪਰ ਅੱਤਿਆਚਾਰ ਕਿਉਂ ਕਰ ਰਹੇ ਹਾਂ, ਜਦਕਿ ਸਭ ਕੁਝ ਏਥੇ ਹੀ ਰਹਿ ਜਾਣਾ ਹੈ।

ਇਹ ਸੁਣ ਦੇ ਦੁਨੀ ਚੰਦ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ ਤੇ ਉਸ ਨੇ ਆਪਣਾ ਬਾਕੀ ਜੀਵਨ ਨੇਕ ਕਮਾਈ, ਨਾਮ ਸਿਮਰਨ ਅਤੇ ਗ਼ਰੀਬਾਂ ਦੀ ਮਦਦ ਵਿਚ ਗੁਜ਼ਾਰਿਆ।

• ਫੀਚਰ ਡੈਸਕ

# ਸਫ਼ਰ-ਏ-ਸ਼ਹਾਦਤ



ਕਾਫ਼ਲੇ ਮੁੱਢ-ਕਦੀਮ ਤੋਂ ਚੱਲਦੇ ਆਏ ਨੇ ਪਰ ਸ਼ਹਾਦਤ ਦੇ ਸਫ਼ਰ ਦਾ ਉਹ ਕਾਫ਼ਲਾ, ਜੋ ਗੁਰੂ ਨਾਨਕ ਦੇਵ ਜੀ ਨੇ 'ਇਤੁ ਮਾਰਗਿ ਪੈਰੁ ਧਰੀਜੈ, ਸਿਰੁ ਦੀਜੈ ਕਾਣਿ ਨ ਕੀਜੈ' ਦੇ ਫਲਸਫ਼ੇ ਨਾਲ ਸ਼ੁਰੂ ਕੀਤਾ ਸੀ, ਉਹ ਦੁਨੀਆ ਦੇ ਇਤਿਹਾਸ 'ਚ ਨਿਵੇਕਲਾ ਹੈ। ਸ਼ਹਾਦਤ ਦੇ ਇਸ ਸਫ਼ਰ 'ਚ ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਖੇ ਤੱਤੀ ਤਵੀ ਉੱਤੇ ਬੈਠ ਕੇ ਪੂਰਨੇ ਪਾਏ ਤੇ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਨੇ ਚਾਂਦਨੀ ਚੌਕ ਦਿੱਲੀ ਵਿਚ ਮਨੁੱਖਤਾ ਨੂੰ ਬਚਾਉਣ ਖ਼ਾਤਰ ਆਪਾ ਕੁਰਬਾਨ ਕੀਤਾ।

ਇਸ ਸਫ਼ਰ-ਏ-ਸ਼ਹਾਦਤ ਦਾ ਇਕ ਕਾਫ਼ਲਾ, ਜਿਸ ਦੀ ਅਗਵਾਈ ਮਰਦ ਅਗੰਮੜਾ ਸਾਹਿਬ-ਏ-ਕਮਾਲ ਸਤਿਗੁਰੂ ਗੋਬਿੰਦ ਸਿੰਘ ਜੀ ਕੀਤੀ। ਇਹ ਕਾਫ਼ਲਾ ਅਨੰਦ ਦੀ ਪੁਰੀ ਤੋਂ ਸਰਸਾ ਦੇ ਕੰਢੇ ਹੁੰਦਾ ਹੋਇਆ ਚਮਕੌਰ ਦੀ ਗੜ੍ਹੀ ਤਕ ਪੁੱਜਦਾ ਹੈ, ਜਿਸ ਵਿਚ ਦੁਨੀਆ ਦੀ ਅਨੋਖੀ ਤੇ ਅਸਾਵੀਂ ਜੰਗ ਵਿਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸ਼ਹਾਦਤ ਦਾ ਜਾਮ ਪੀਂਦੇ ਹਨ ਤੇ ਦੂਜਾ ਕਾਫ਼ਲਾ ਠੰਡੇ ਬੁਰਜ ਤੇ ਸਰਹਿੰਦ ਦੀਆਂ ਦੀਵਾਰਾਂ 'ਚ ਸਿੱਖੀ ਲਈ ਕੁਰਬਾਨ ਹੁੰਦਾ ਹੈ। ਇਸ ਸਫ਼ਰ-ਏ-ਸ਼ਹਾਦਤ ਦੇ ਪਾਂਧੀ ਹਨ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ।

7 ਪੋਹ 1704 ਨੂੰ ਜਦੋਂ ਮੁਗ਼ਲਾਂ ਤੇ ਪਹਾੜੀ ਰਾਜਿਆਂ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਦੀ ਬੇਨਤੀ ਕੀਤੀ ਤਾਂ ਸਤਿਗੁਰੂ ਨੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਕਰਦੇ ਹੋਏ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ ਪਰ ਮੁਗ਼ਲਾਂ ਨੇ ਕਸਮਾਂ ਤੋੜਦੇ ਹੋਏ ਸਰਸਾ ਦੇ ਕੰਢੇ 'ਤੇ ਹੱਲਾ ਬੋਲ ਦਿੱਤਾ। ਗੁਰੂ ਸਹਿਬ ਦੇ ਪ੍ਰਾਣਾਂ ਤੋਂ ਪਿਆਰੇ ਕਈ ਸਿੰਘ ਸ਼ਹੀਦੀਆਂ ਪਾ ਗਏ। ਗੁਰੂ ਸਾਹਿਬ ਨੇ ਜੰਗ ਦੇ ਮੈਦਾਨ ਵਿਚ ਵੀ ਨਿੱਤਨੇਮ ਤੇ ਆਸਾ ਦੀ ਵਾਰ ਦਾ ਕੀਰਤਨ ਕਰ ਕੇ ਸਿੱਖਾਂ ਲਈ ਪੂਰਨੇ ਪਾਏ। ਸਰਸਾ ਦੇ ਕੰਢੇ 'ਤੇ ਗੁਰੂ ਸਾਹਿਬ ਦੇ ਪਰਿਵਾਰ ਦਾ ਵਿਛੋੜਾ ਪਿਆ ਤੇ ਇਹ ਤਿੰਨ ਹਿੱਸਿਆਂ 'ਚ ਵੰਡਿਆ ਗਿਆ। ਸੱਤ ਤੇ ਨੌਂ ਕੁ ਸਾਲ ਦੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ 82 ਵਰ੍ਹਿਆਂ ਦੀ ਬਜ਼ੁਰਗ ਮਾਤਾ ਗੁਜਰ ਕੌਰ ਜੀ ਪੋਹ ਦੀ ਕਕਰੀਲੀ ਰਾਤ ਵਿਚ ਲੰਮੀਆਂ ਵਾਟਾਂ ਦੇ ਪਾਂਧੀ ਬਣ ਕੇ ਸਰਸਾ ਨਦੀ ਦੇ ਕੰਢੇ-ਕੰਢੇ ਤੁਰਦੇ ਹੋਏ ਰੋਪੜ ਨੇੜੇ ਪਿੰਡ ਚੱਕ ਢੇਰਾਂ ਪੁੱਜਦੇ ਹਨ। ਪਿੰਡ ਤੋਂ ਬਾਹਰ ਦਰਿਆ ਕੰਢੇ ਇਕ ਛੰਨ 'ਚ ਦੀਵਾ ਜਗਦਾ ਦਿਖਾਈ ਦਿੱਤਾ। ਇਹ ਛੰਨ ਇਕ ਗ਼ਰੀਬ ਦਰਵੇਸ਼ ਮਲਾਹ ਕਰੀਮ ਬਖ਼ਸ਼ ਦੀ ਹੈ, ਜਿਸ ਨੂੰ ਇਤਿਹਾਸ 'ਚ 'ਬਾਬਾ ਕੁੰਮਾਂ ਮਾਸ਼ਕੀ' ਵੀ ਆਖਦੇ ਹਨ। ਸਾਹਿਬਜ਼ਾਦੇ ਤੇ ਮਾਤਾ ਜੀ ਛੰਨ 'ਚ ਰਾਤ ਗੁਜ਼ਾਰਦੇ ਹਨ ਤੇ ਬਾਬਾ ਕੁੰਮਾਂ ਮਾਸ਼ਕੀ ਇਨ੍ਹਾਂ ਦੀ ਸੇਵਾ ਕਰ ਕੇ ਰਹਿਮਤਾਂ ਦਾ ਪਾਤਰ ਬਣਦਾ ਹੈ।

ਇਸੇ ਪਿੰਡ ਦੀ ਬੀਬੀ ਲੱਛਮੀ ਇਨ੍ਹਾਂ ਰੂਹਾਨੀ ਰਾਹੀਆਂ ਨੂੰ ਲੰਗਰ ਛਕਾ ਕੇ ਆਪਣਾ ਜਨਮ ਸਫਲ ਕਰਦੀ ਹੈ। ਇਥੇ ਹੀ ਪਾਪੀ ਗੰਗੂ ਆ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮਿਲਦਾ ਹੈ ਤੇ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਲੈ ਜਾਂਦਾ ਹੈ। ਗੰਗੂ ਦੇ ਘਰ 'ਚ ਜਦੋਂ 8 ਪੋਹ ਦੀ ਰਾਤ ਨੂੰ ਮਾਤਾ ਜੀ ਤੇ ਸਾਹਿਬਜ਼ਾਦੇ ਵਿਸ਼ਰਾਮ ਕਰ ਰਹੇ ਸਨ ਤਾਂ ਗੰਗੂ ਕੁਝ ਮਾਇਆ ਚੁਰਾ ਲੈਂਦਾ ਹੈ। ਮਾਤਾ ਜੀ ਨੂੰ ਗੰਗੂ ਦੀ ਇਸ ਕਰਤੂਤ ਦਾ ਪਤਾ ਚੱਲਦਾ ਹੈ ਤਾਂ ਚੋਰੀ ਫੜੀ ਜਾਣ ਦੇ ਡਰ ਤੋਂ ਗੰਗੂ ਲਾਲਚ ਵੱਸ ਮੋਰਿੰਡਾ ਥਾਣੇ ਵਿਚ ਸਾਹਿਬਜ਼ਾਦਿਆਂ ਤੇ ਮਾਤਾ ਜੀ ਬਾਰੇ ਇਤਲਾਹ ਦੇ ਦਿੰਦਾ ਹੈ। ਜਾਨੀ ਖ਼ਾਂ ਤੇ ਮਾਨੀ ਖ਼ਾਂ ਦੋ ਸਿਪਾਹੀ ਆਉਂਦੇ ਹਨ ਤੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਗ੍ਰਿਫ਼ਤਾਰ ਕਰ ਕੇ ਮੋਰਿੰਡਾ ਦੀ ਕੋਤਵਾਲੀ 'ਚ ਕੈਦ ਕਰ ਦਿੰਦੇ ਹਨ।



ਐਡਵੋਕੇਟ ਗਗਨਦੀਪ ਸਿੰਘ ਗੁਰਾਇਆ
97815-00050

ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀ 9 ਪੋਹ ਦੀ ਰਾਤ ਮੋਰਿੰਡਾ ਕੋਤਵਾਲੀ ਵਿਚ ਗੁਜ਼ਰਦੀ ਹੈ ਤੇ 10 ਪੋਹ ਸਵੇਰੇ ਮੋਰਿੰਡਾ ਤੋਂ ਸੂਬਾ-ਏ-ਸਰਹਿੰਦ ਵਜ਼ੀਰ ਖ਼ਾਨ ਦੀ ਕਚਹਿਰੀ 'ਚ ਪੇਸ਼ ਕਰਨ ਲਈ ਲਿਜਾਇਆ ਜਾਂਦਾ ਹੈ। ਮਾਤਾ ਗੁਜਰ ਕੌਰ ਜੀ ਦੇ ਪਾਵਨ ਮੁੱਖ 'ਤੇ ਮਿਰਚਾਂ ਵਾਲਾ ਇਕ ਤੋੜਾ ਪਾਇਆ ਜਾਂਦਾ ਹੈ ਤੇ ਸਾਹਿਬਜ਼ਾਦਿਆਂ ਨੂੰ ਖੁਰਜੀਆਂ ਵਿਚ ਪਾ ਕੇ ਯਾਤਨਾਵਾਂ ਦਿੰਦੇ ਹੋਏ ਸਰਹਿੰਦ ਪੁੱਜਦੇ ਹਨ। ਇਥੇ 140 ਫੁੱਟ ਉੱਚੇ ਠੰਢੇ ਬੁਰਜ ਵਿਚ ਕੈਦ 'ਚ ਰੱਖਿਆ ਜਾਂਦਾ ਹੈ। ਬੁਰਜ ਦੇ ਪਿਛਲੇ ਪਾਸੇ ਹੰਸਲਾ ਨਦੀ ਵਗਦੀ ਸੀ ਤੇ ਇਹ ਬੁਰਜ ਗਰਮੀਆਂ 'ਚ ਵੀ ਠੰਢਾ ਰਹਿੰਦਾ ਸੀ। ਤਿੰਨ ਦਿਨ ਬਿਨਾਂ ਕਿਸੇ ਗਰਮ ਕੱਪੜੇ ਤੇ ਭੋਜਨ ਦੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਹਨ।

ਸਾਹਿਬਜ਼ਾਦਿਆਂ ਦੀਆਂ ਤਿੰਨ ਪੇਸ਼ੀਆਂ ਸੂਬੇ ਦੀ ਕਚਿਹਰੀ 'ਚ ਹੁੰਦੀਆਂ ਹਨ। ਲਾਲਚ ਤੇ ਡਰ ਦੇ ਕੇ ਸਿੱਖੀ ਤੋਂ ਮੁਨਕਰ ਕਰਨ ਦੇ ਯਤਨ ਹੁੰਦੇ ਹਨ ਪਰ ਸਾਹਿਬਜ਼ਾਦੇ ਅਡੋਲ ਰਹਿੰਦੇ ਹਨ। ਭਾਈ ਮੋਤੀ ਰਾਮ ਮਹਿਰਾ ਜਾਨ ਦੀ ਪਰਵਾਹ ਨਾ ਕਰਦੇ ਹੋਏ ਤਿੰਨੇ ਦਿਨ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿਚ ਦੁੱਧ ਛਕਾਉਂਦਾ ਹੈ, ਜਿਸ ਦੀ ਕੀਮਤ ਉਸ ਨੂੰ ਆਪਣਾ ਪਰਿਵਾਰ ਕੋਹਲੂ 'ਚ ਪਿੜਵਾ ਕੇ ਚੁਕਾਉਣੀ ਪੈਂਦੀ ਹੈ। ਉਹ ਗੁਰੂ ਦਾ ਸਿੱਖ ਇਤਿਹਾਸ 'ਚ ਅਮਰ ਹੋ ਜਾਂਦਾ ਹੈ।

ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖ਼ਾਨ ਸਾਹਿਬਜ਼ਾਦਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਾ ਹੈ, ਜਿਸ ਲਈ ਸਿੱਖ ਕੌਮ ਵਿਚ ਅੱਜ ਵੀ ਨਵਾਬ ਮਲੇਰਕੋਟਲਾ ਲਈ ਬਹੁਤ ਸਤਿਕਾਰ ਹੈ। ਸੂਬੇ ਦੀ ਕਚਹਿਰੀ 'ਚ ਮਰੀ ਹੋਈ ਜ਼ਮੀਰ ਵਾਲਾ ਇਨਸਾਨ ਦੀਵਾਨ ਸੁੱਚਾ ਨੰਦ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਲਈ ਤਰਲੋ-ਮੱਛੀ ਹੁੰਦਾ ਹੈ। ਅਖ਼ੀਰ ਉਹ ਦਿਨ ਆ ਜਾਂਦਾ ਹੈ ਜਦੋਂ ਸਾਹਿਬਜ਼ਾਦਿਆਂ ਨੂੰ ਜਿਉਂਦੇ ਦੀਵਾਰਾਂ 'ਚ ਚਿਣ ਕੇ ਸ਼ਹੀਦ ਕਰਨ ਦਾ ਫ਼ਤਵਾ ਕਾਜ਼ੀ ਰੁਕਨਦੀਨ ਵੱਲੋਂ ਦਿੱਤਾ ਜਾਂਦਾ ਹੈ। ਸ਼ਹੀਦ ਕਰਨ ਤੋਂ ਪਹਿਲਾਂ ਗੁਰੂ ਦੇ ਲਾਲਾਂ ਨੂੰ ਕਈ ਤਸੀਹੇ ਦਿੱਤੇ ਜਾਂਦੇ ਹਨ। ਗੁਰੂ ਜੀ ਦੇ ਸਮਕਾਲੀ ਇਤਿਹਾਸਕਾਰ ਭਾਈ ਦੁੰਨਾ ਸਿੰਘ ਹੰਢੂਰੀਆ ਦੀ ਕ੍ਰਿਤ 'ਕਥਾ ਗੁਰੂ ਜੀ ਕੇ ਸੁਤਨ ਕੀ' ਅਨੁਸਾਰ ਮਾਸੂਮਾਂ ਨੂੰ ਖਮਚੀਆਂ (ਚਾਬਕ) ਤੇ ਕੋਰੜੇ ਮਾਰੇ ਗਏ, ਪਿੱਪਲ ਦੇ ਰੁੱਖ ਦੁਆਲੇ ਰੱਸਿਆਂ ਨਾਲ ਬੰਨ੍ਹ ਕੇ ਗੁਲੇਲਾਂ ਦੇ ਨਿਸ਼ਾਨੇ ਵੀ ਮਾਰੇ ਗਏ ਤੇ ਮਾਸੂਮਾਂ ਦੀਆਂ ਉਂਗਲਾਂ ਵਿਚ ਅੱਗ ਦੇ ਪਲੀਤੇ ਲਗਾਏ ਗਏ।

13 ਪੋਹ 1761 ਬਿਕ੍ਰਮੀ (27 ਦਸੰਬਰ 1704) ਨੂੰ ਸਰਹਿੰਦ ਦੀ ਖ਼ੂਨੀ ਦੀਵਾਰ ਵਿਚ ਗੁਰੂ ਕੇ ਲਾਲਾ ਨੂੰ ਚਿਣਿਆ ਜਾਣ ਲੱਗਾ। ਦੀਵਾਰਾਂ ਵਿਚ ਜਿਉਂਦੇ ਚਿਣਨ ਉਪਰੰਤ ਹੌਲੀ-ਹੌਲੀ ਸਾਹਿਬਜ਼ਾਦਿਆਂ ਦਾ ਸਾਹ ਘੁਟਣ ਲੱਗਾ ਤੇ ਉਹ ਬੇਹੋਸ਼ੀ ਦੇ ਆਲਮ 'ਚ ਚਲੇ ਗਏ। ਉਨ੍ਹਾਂ ਨੂੰ ਹੋਸ਼ 'ਚ ਲਿਆ ਕੇ ਸਾਮਾਣੇ ਦੇ ਉਹ ਦੋ ਜੱਲਾਦ ਸਾਸ਼ਲ ਬੇਗ ਤੇ ਵਾਸ਼ਲ ਬੇਗ, ਜਿੰਨ੍ਹਾਂ ਦੇ ਵੱਡੇ ਵਡੇਰੇ ਜੱਲਾਦ ਜਲਾਲੁਦੀਨ ਵੱਲੋਂ ਕਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਕ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ ਸੀ, ਵੱਲੋਂ ਸਾਹਿਬਜ਼ਾਦਿਆਂ ਨੂੰ ਗੋਡਿਆਂ ਵਿਚ ਰੱਖ ਕੇ ਛੁਰੀ ਨਾਲ ਸ਼ਾਹ-ਰਗ ਵੱਢ ਕੇ ਜ਼ਿਬਾਹ ਕੀਤਾ ਗਿਆ। ਇਸ ਦਾ ਹਵਾਲਾ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਤੋਂ ਇਲਾਵਾ ਭਾਈ ਰਤਨ ਸਿੰਘ ਭੰਗੂ ਰਚਿਤ ਗ੍ਰੰਥ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਵੀ ਮਿਲਦਾ ਹੈ। ਭਾਈ ਸੰਤੋਖ ਸਿੰਘ ਦੇ ਗ੍ਰੰਥ 'ਗੁਰਪ੍ਰਤਾਪ ਸੂਰਜ', ਕਵੀ ਸੈਣਾ ਸਿੰਘ ਦੇ 'ਸ੍ਰੀ ਗੁਰੂ ਸੋਭਾ' ਤੇ ਭਾਈ ਸੁੱਖਾ ਸਿੰਘ ਦੇ ਗ੍ਰੰਥ 'ਗੁਰਬਿਲਾਸ' ਅਨੁਸਾਰ ਗੁਰੂ ਕੇ ਲਾਲਾਂ ਦੇ ਸੀਸ ਕਲਮ ਕੀਤੇ ਗਏ। ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਅਨੁਸਾਰ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਦੇ ਪ੍ਰਾਣ ਤਾਂ ਉਦੋਂ ਹੀ ਨਿਕਲ ਗਏ ਸਨ ਜਦਕਿ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਅੱਧੀ ਘੜੀ ਅਰਥਾਤ 12-13 ਮਿੰਟ ਬਾਅਦ ਸ਼ਹਾਦਤ ਪ੍ਰਾਪਤ ਕਰ ਗਏ।

ਗੁਰਪ੍ਰਣਾਲੀ ਗੁਲਾਬ ਸਿੰਘ ਅਨੁਸਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ 13 ਪੋਹ 1761 ਬਿਕ੍ਰਮੀ ਮੁਤਾਬਕ 27 ਦਸੰਬਰ 1704 ਨੂੰ ਸਵੇਰੇ 10-11 ਵਜੇ ਦੇ ਵਿਚਾਲੇ ਹੋਈ। ਇਸ ਤਰ੍ਹਾਂ ਨਿੱਕੀਆਂ ਜਿੰਦਾਂ ਵ ਸਾਕੇ ਕਰ ਕੇ ਸਿੱਖੀ ਦੀਆਂ ਨੀਹਾਂ ਨੂੰ ਮਜ਼ਬੂਤ ਕਰ ਗਈਆਂ। ਮਾਤਾ ਗੁ ਕੌਰ ਜੀ ਵੀ ਉਸ 140 ਫੁੱਟ ਉੱਚੇ ਠੰ ਬੁਰਜ ਵਿਚ ਸਖ਼ਤ ਤਸੀਹੇ ਝੱਲਦੇ ਹ ਪੋਤਰਿਆਂ ਨੂੰ ਦਾਦੇ ਕੋਲ ਵਿਦਾ ਕਰ ਸ਼ਹਾਦਤ ਪ੍ਰਾਪਤ ਕਰ ਗਏ।

ਇਸ ਤਰ੍ਹਾਂ ਸ਼ਹਾਦਤ ਦੇ ਬਿਖ ਸਫ਼ਰ ਦਾ ਇਹ ਅਦੁੱਤੀ ਕਾਫ਼ਲਾ, ਸਿ ਦੀ ਝੋਲੀ ਵਿਚ ਸਰਦਾਰੀਆਂ ਬਖ਼ਸ਼ ਹੋਇਆ ਸਿੱਖੀ ਦੇ ਮਹਿਲ ਨੂੰ ਰੁਸ਼ਨਾ ਸ਼ਹੀਦ ਹੋ ਗਿਆ। ਗੁਰੂ ਘਰ ਦੇ ਸ਼ਰਧ ਦੀਵਾਨ ਟੋਡਰ ਮੱਲ ਨੇ ਜੋਤੀ ਸ੍ਵ ਸਾਹਿਬ ਵਿਖੇ ਸੋਨੇ ਦੀਆਂ ਮੋਹਰਾਂ ਖੜ੍ਹੀ ਕਰ ਕੇ ਦੁਨੀਆ ਦੀ ਸਭ ਤੋਂ ਮਹਿੰ ਜ਼ਮੀਨ ਖ਼ਰੀਦੀ, ਜਿੱਥੇ ਸਾਹਿਬਜ਼ਾਦਿ ਤੇ ਮਾਤਾ ਜੀ ਦਾ ਸਸਕਾਰ ਕੀਤਾ ਗਿਆ

ਸੂਬਾ-ਏ-ਸਰਹਿੰਦ ਦੀ ਬੇਗ਼ਮ ਬੀ ਜ਼ੈਨਾ ਇਕ ਖ਼ੁਦਾਪ੍ਰਸਤ ਤੇ ਪਾਕਿ ਸੀ, ਸਾਹਿਬਜ਼ਾਦਿਆਂ ਦੀ ਸ਼ਹੀਦੀ ਸਹਾਰਦੀ ਹੋਈ ਆਪਣੇ ਪੇਟ ਵਿਚ ਕਟ ਮਾਰ ਕੇ ਆਪਣੀ ਜ਼ਿੰਦਗੀ ਕੁਰਬਾਨ ਕ ਦਿੰਦੀ ਹੈ। ਸਿੱਖ ਕੌਮ ਅਜਿਹੀਆਂ ਮਹ ਰੂਹਾਂ ਨੂੰ ਨਮਸਕਾਰ ਕਰਦੀ ਰਹੇਗੀ। ਇ ਗੱਲ ਦਾ ਹਵਾਲਾ ਡਾ. ਭਾਈ ਵੀਰ ਸਿੰ ਰਚਿਤ 'ਕਲਗੀਧਰ ਚਮਤਕਾਰ' ਵਿ ਮਿਲਦਾ ਹੈ।

ਸਾਹਿਬਜ਼ਾਦਿਆਂ ਅਤੇ ਮਾਤਾ ਗੁ ਕੌਰ ਜੀ ਦੇ ਸਫ਼ਰ-ਏ-ਸ਼ਹਾਦਤ ਬਾ-ਕਮਾਲ ਵਰਣਨ ਇਕ ਦਰਵੇ ਰੂਹ ਹਕੀਮ ਅੱਲ੍ਹਾ ਯਾਰ ਖ਼ਾਂ ਯੋਗੀ ਆਪਣੀਆਂ ਰਚਨਾਵਾਂ 'ਸ਼ਹੀਦਾਨਿ ਵਫ਼ ਅਤੇ 'ਗੰਜਿ ਸ਼ਹੀਦਾਂ' ਵਿਚ ਕੀਤਾ ਇਸ ਮਹਾਨ ਕਾਰਜ ਲਈ ਕੌਮ ਸ ਉਨ੍ਹਾਂ ਦੀ ਅਹਿਸਾਨਮੰਦ ਰਹੇਗੀ।

ਰਾਏਕੋਟ ਦੀ ਧਰਤੀ 'ਤੇ ਨੂਰਾ ਮਾ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰ ਜੀ ਨੂੰ ਸਾਹਿਬਜ਼ਾਦਿਆਂ ਤੇ ਮਾਤਾ ਗੁ ਕੌਰ ਜੀ ਦੀ ਸ਼ਹੀਦੀ ਦੀ ਖ਼ਬਰ ਸੁਣਾਉਂ ਹੈ ਤਾਂ ਗੁਰੂ ਸਾਹਿਬ ਕਾਹੀ ਦਾ ਬੂਟਾ ਕੇ ਕਹਿੰਦੇ ਹਨ ਕਿ 'ਮੁਗ਼ਲਾਂ ਦੀ ਜ ਪੁੱਟੀ ਗਈ ਹੈ।' ਇਸ ਸ਼ਹੀਦੀ ਸਾਕੇ ਥੋੜ੍ਹਾ ਸਮਾਂ ਬਾਅਦ ਹੀ 1710 ਈਸ ਵਿਚ ਕੌਮ ਦੇ ਮਹਾਨ ਜਰਨੈਲ ਬਾ ਬੰਦਾ ਸਿੰਘ ਬਹਾਦਰ ਨਾਦੇੜ ਤੋਂ ਪੰਜ ਆਉਂਦੇ ਹਨ ਤੇ ਸਰਹਿੰਦ ਦੀ ਇ ਨਾਲ ਇੱਟ ਖੜਕਾ ਕੇ ਜ਼ਾਲਮ ਸੂਬ ਏ-ਸਰਹਿੰਦ ਵਜ਼ੀਰ ਖ਼ਾਨ ਦਾ ਅੰਤ ਕ ਦਿੰਦੇ ਹਨ ਤੇ ਸਰਹਿੰਦ ਦੇ ਕਿਲ੍ਹੇ ਉ ਖ਼ਾਲਸਾਈ ਪਰਚਮ ਝੁਲਾ ਕੇ ਸਿੱਖ ਰ ਦੀ ਸਥਾਪਨਾ ਕਰਦੇ ਹਨ।

ਬਲਹੀਣ, ਸਾਹਸਹੀਣ ਹੋਈਆਂ ਕੌ ਨੂੰ ਉਸ ਦੇ ਸ਼ਹੀਦਾਂ ਦਾ ਡੁੱਲ੍ਹਿਆ ਹੋਇ ਲਹੂ ਆਪਣੇ ਸਵੈਮਾਣ ਨੂੰ ਕਾਇਮ ਰੱਖ ਲਈ ਜੂਝਣ ਦੀ ਪ੍ਰੇਰਨਾ ਦਿੰਦਾ ਹੈ। •



• ਸਤਨਾਮ ਕੌਰ ਚੌਹਾਨ
98886-15531

## ਦਾਦੀ ਦੀ ਵੇਦਨਾ

ਗਾਵੋ ਨੀ, ਮੇਰੇ ਲਾਲਾਂ ਦੀਆਂ ਘੋੜੀਆਂ।
ਚੜ੍ਹਨੀਆਂ ਨੀ ਫੇਰ ਜੰਞਾਂ ਸੋਹਣੀਆਂ।
ਮਲ ਦਿਓ ਨੀ ਜੋਸ਼ ਵਾਲਾ ਵਟਣਾ
ਲਾ ਦਿਓ ਨੀ ਹੱਥੀਂ ਸ਼ਹਾਦਤ ਦੀ ਮਹਿੰਦੀ
ਮਹਿੰਦੀ ਜੋ ਕਦੇ ਨਾ ਲਹਿੰਦੀ
ਬੰਨ੍ਹ ਦਿਓ ਨੀ ਮੱਥੇ ਕਲੀਆਂ ਦੇ ਸਿਹਰੇ
ਵਿਦਾ ਹੋਣੇ ਨੇ ਕੱਲ੍ਹ ਲਾਲ ਸਵੇਰੇ
ਪਾ ਦਿਓ ਨੀ ਅੱਖੀਂ ਕੁਰਬਾਨੀ ਦਾ ਸੁਰਮਾ
ਫੇਰ ਲਾਲਾਂ ਨੇ ਘਰ ਨਹੀਂ ਮੁੜਨਾ
ਵਿਆਹੁਣੀ ਨੀ, ਇਨ੍ਹਾਂ ਮੌਤ ਏ ਲਾੜੀ
ਵਾਰਾਂਗੀ ਮੈਂ ਸਿਰਾਂ ਤੋਂ ਪਾਣੀ
ਦੱਸੋ ਨੀ, ਹੋਰ ਕੀ-ਕੀ ਸ਼ਗਨ ਮਨਾਵਾਂ
ਲਾਲਾਂ ਨੂੰ ਮੈਂ ਘੋੜੀ ਚੜ੍ਹਾਵਾਂ
ਗਾਵੋ ਨੀ ਮੇਰੇ ਲਾਲਾਂ ਦੀਆਂ ਘੋੜੀਆਂ।
ਚੜ੍ਹਨੀਆਂ ਨੇ ਫੇਰ ਜੰਞਾਂ ਸੋਹਣੀਆਂ।
ਦਾਦੇ ਨੇ ਜਦੋਂ ਸਵਰਗ 'ਚੋਂ ਤੱਕਣਾ
ਲਾਲਾਂ ਨੇ ਜਦੋਂ ਜੰਗ 'ਚ ਛੁੱਕਣਾ
ਫੇਰ ਸਈਓ, ਨੀ ਮੇਰੇ ਨਿੱਕੇ ਵੀ ਜਾਣੇ
ਜ਼ਾਲਮਾਂ ਨੇ ਉਹ ਨੀਹਾਂ 'ਚ ਚਿਣਾਉਣੇ
ਲਾ ਦਿਓ ਨੀ, ਮੱਥੇ ਇਨ੍ਹਾਂ ਦੇ ਕਲਗੀ
ਕਲਗੀ ਜੋ ਮੈਂ ਸਦਾ ਰਹਾਂ ਤੱਕਦੀ
ਜੋੜੀਆਂ ਨੀ ਹੁਣ ਮੁੜ ਨਹੀਓਂ ਆਉਣੀਆਂ।
ਗਾਵੋ ਨੀ, ਮੇਰੇ ਲਾਲਾਂ ਦੀਆਂ ਘੋੜੀਆਂ
ਚੜ੍ਹਨੀਆਂ ਨੀ ਫੇਰ ਜੰਞਾਂ ਸੋਹਣੀਆਂ। •



• ਬੂਟਾ ਸਿੰਘ ਗੁਲਾਮੀ ਵਾਲਾ
94171 97395

## ਛੋਟੇ-ਛੋਟੇ ਲਾਲ

ਨੀਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।
ਕੌਮ ਦੇ ਲਈ ਕਰ ਗਏ ਕਮਾਲ ਛੋਟੇ ਛੋਟੇ।

ਦਾਦੀ ਨੇ ਤਿਆਰ ਕੀਤੇ ਬੜੇ ਸੋਹਣੇ ਫੱਬਦੇ,
ਇਹੋ ਜਿਹੇ ਹੀਰੇ ਰੋਜ਼-ਰੋਜ਼ ਨਹੀਓਂ ਲੱਭਦੇ,
ਠੰਡੀਆਂ ਸੀ ਰਾਤਾਂ, ਦਾਦੀ ਨਾਲ ਛੋਟੇ ਛੋਟੇ,
ਨੀਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।

ਪਹਿਲਾਂ ਸੀ ਵਿਛੋੜਾ ਪਰਿਵਾਰ ਵਿਚ ਪੈ ਗਿਆ,
ਧੋਖੇ ਨਾਲ ਗੰਗੂ ਸੀ, ਰਸੋਈਆ ਘਰ ਲੈ ਗਿਆ।
ਬੁਰੇ ਦਿਲ ਵਿਚ ਆਏ ਸੀ ਖ਼ਿਆਲ ਛੋਟੇ ਛੋਟੇ,
ਨੀਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।

ਡਰੇ ਨਾ, ਡਰਾਵੇ ਬੜੇ ਦਿੱਤੇ ਸਨ ਪਾਪੀਆਂ,
ਵੈਰੀਆਂ ਦੇ ਮੂਹਰੇ, ਤਾਣ ਖੜ੍ਹ ਗਏ ਛਾਤੀਆਂ।
ਕਰ ਗਏ ਲੋਕਾਈ ਨੂੰ ਸੁਆਲ ਛੋਟੇ ਛੋਟੇ,
ਨੀਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।

ਲਾੜੀ ਮੌਤ ਨਾਲ ਉਨ੍ਹਾਂ ਵਿਆਹ ਕਰਵਾ ਲਿਆ,
ਵਾਰ ਕੇ ਸੀ ਜਾਨਾਂ ਉਨ੍ਹਾਂ ਧਰਮ ਬਚਾ ਲਿਆ।
ਬਦਲੀ ਨਾ ਸੂਬੇ ਅੱਗੇ, ਚਾਲ ਛੋਟੇ ਛੋਟੇ,
ਨੀਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।

ਤੁਰ ਗਏ ਦਾਦੇ ਦੀਆਂ ਪਾਈਆਂ ਹੋਈਆਂ ਲੀਹਾਂ 'ਤੇ,
ਤਾਹੀ ਤਾਂ ਸੀ ਖੜ੍ਹੇ ਬੇਖੌਫ਼ ਵਿਚ ਨੀਹਾਂ ਦੇ।
'ਗੁਲਾਮੀ ਵਾਲੇ' ਕਰ ਗਏ ਕਮਾਲ ਛੋਟੇ ਛੋਟੇ,
ਨੀਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।

# ਸਿਦਕ, ਸਾਹਸ ਤੇ ਸਹਿਣਸ਼ੀਲਤਾ ਦੀ ਮੂਰਤ

## ਮਾਤਾ ਗੁਜਰੀ ਜੀ



ਸਿੱਖ ਇਤਿਹਾਸ ਵਿਚ ਮਾਤਾ ਗੁਜਰੀ ਜੀ ਦੇ ਬਲੀਦਾਨ ਦੀ ਗਾਥਾ ਬੇਮਿਸਾਲ ਹੈ। ਆਪ ਦੀ ਸੰਸਾਰ ਨੂੰ ਮਹਾਨ ਦੇਣ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਤਿਲਕ ਤੇ ਜੰਞੂ ਦੀ ਰਾਖੀ ਹਿਤ ਕੁਰਬਾਨੀ ਦੇਣ ਲਈ ਅਡੋਲਤਾ ਨਾਲ ਦਿੱਲੀ ਵਿਖੇ ਭੇਜਣਾ ਹੈ। ਛੋਟੇ-ਛੋਟੇ ਸਾਹਿਬਜ਼ਾਦਿਆਂ (ਪੋਤਿਆਂ) ਵਿਚ ਦ੍ਰਿੜ੍ਹਤਾ ਤੇ ਸਿਦਕ ਪੈਦਾ ਕਰ ਕੇ ਉਨ੍ਹਾਂ ਨੂੰ ਈਨ ਨਾ ਮੰਨਣ ਲਈ ਤਿਆਰ ਕਰਨਾ ਤੇ ਉਨ੍ਹਾਂ ਦੀ ਸ਼ਹਾਦਤ ਪਿੱਛੋਂ ਖ਼ੁਦ ਸਵਾਸ ਤਿਆਗ ਦੇਣਾ ਵੀ ਉਨ੍ਹਾਂ ਦੀ ਸਿੱਖ ਧਰਮ ਪ੍ਰਤੀ ਲਾਸਾਨੀ ਦੇਣ ਹੈ।

ਮਾਤਾ ਗੁਜਰੀ ਜੀ ਸੰਸਾਰ ਦੀ ਉਹ ਪੂਜਨੀਕ ਮਾਤਾ ਹਨ, ਜਿਨ੍ਹਾਂ ਨੇ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਛੱਬੀ ਸਾਲ, ਛੇ ਮਹੀਨੇ, ਤੇਰਾਂ ਦਿਨ ਦੀ ਤਪੱਸਿਆ ਦੌਰਾਨ ਦੁਨਿਆਵੀ ਸੁੱਖਾਂ ਦਾ ਤਿਆਗ ਕਰ ਕੇ ਤਨਦੇਹੀ ਨਾਲ ਸੇਵਾ ਕੀਤੀ। ਜਿਥੇ ਆਪ ਨੂੰ ਪਹਿਲੀ ਸਿੱਖ ਸ਼ਹੀਦ ਔਰਤ ਹੋਣ ਦਾ ਮਾਣ ਪ੍ਰਾਪਤ ਹੈ, ਉੱਥੇ ਉਹ ਸ਼ਹੀਦ ਗੁਰੂ ਤੇਗ ਬਹਾਦਰ ਜੀ ਦੀ ਪਤਨੀ, ਸ਼ਹੀਦ ਸ੍ਰੀ ਕ੍ਰਿਪਾਲ ਚੰਦ ਦੀ ਭੈਣ, ਚਾਰ ਸ਼ਹੀਦ ਪੋਤਰਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦੀ ਦਾਦੀ ਤੇ ਪੰਜ ਸ਼ਹੀਦ ਦੋਹਤਿਆਂ (ਬੀਬੀ ਵੀਰੋ ਜੀ ਦੇ ਸਪੁੱਤਰਾਂ-ਭਾਈ ਸੰਗੋ ਸ਼ਾਹ ਤੇ ਜੀਤ ਮੱਲ) ਦੀ ਮਾਮੀ ਸਨ।

ਮਾਤਾ ਗੁਜਰੀ ਜੀ ਦਾ ਜਨਮ ਕਰਤਾਰਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਲਾਲ ਚੰਦ ਜੀ ਤੇ ਮਾਤਾ ਬਿਸ਼ਨ ਕੌਰ ਦੇ ਘਰ 1619 ਈਸਵੀ 'ਚ ਹੋਇਆ। ਆਪ ਦਾ ਆਨੰਦ ਕਾਰਜ ਛੋਟੀ ਉਮਰੇ (ਮਾਰਚ 1632) ਵਿਚ ਗੁਰੂ ਤੇਗ ਬਹਾਦਰ ਜੀ ਨਾਲ ਹੋ ਗਿਆ ਸੀ। ਵਿਆਹ ਤੋਂ ਪਿੱਛੋਂ ਆਪ ਆਪਣੇ ਪਤੀ ਨਾਲ ਅੰਮ੍ਰਿਤਸਰ ਆ ਕੇ ਰਹਿਣ ਲੱਗੇ। ਆਪ ਸੱਚ ਦੇ ਧਾਰਨੀ ਤੇ ਪਰਮਾਤਮਾ 'ਚ ਵਿਸ਼ਵਾਸ ਰੱਖਦੇ ਸਨ।

ਮਾਤਾ ਜੀ ਸੇਵਾ, ਸਿਮਰਨ ਤੇ ਤਿਆਗ ਦੀ ਜਿਉਂਦੀ-ਜਾਗਦੀ ਮਿਸਾਲ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਅੰਤਲੇ ਸਮੇਂ ਗੁਰੂ ਤੇਗ ਬਹਾਦਰ ਜੀ ਨੂੰ ਮਾਤਾ ਗੁਜਰੀ ਤੇ ਮਾਤਾ ਨਾਨਕੀ ਸਮੇਤ ਬਾਬੇ ਬਕਾਲੇ ਭੇਜ ਦਿੱਤਾ ਸੀ। ਮਾਤਾ ਗੁਜਰੀ ਜੀ, ਗੁਰੂ ਤੇਗ ਬਹਾਦਰ ਜੀ ਨਾਲ ਕਾਫ਼ੀ ਸਮਾਂ ਬਕਾਲੇ ਵਿਖੇ ਰਹੇ। ਆਪ ਕਈ ਘੰਟੇ ਗੁਰਬਾਣੀ ਦਾ ਜਾਪ ਕਰਦੇ। ਆਪ ਨੇ ਗੁਰੂ ਜੀ ਦੀ ਬੰਦਗੀ ਤੇ ਸਮਾਧੀ ਸਮੇਂ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪੈਣ ਦਿੱਤਾ ਤੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ।

ਗੁਰੂ ਤੇਗ ਬਹਾਦਰ ਜੀ ਨੂੰ 1661 ਵਿਚ ਗੁਰਿਆਈ ਮਿਲੀ ਤਾਂ ਮਾਤਾ ਜੀ ਗੁਰੂ ਸਾਹਿਬ ਨਾਲ ਬਾਬਾ ਬਕਾਲਾ ਤੋਂ ਤੁਰ ਪਏ ਤੇ ਜਿੱਥੇ ਵੀ ਗੁਰੂ ਜੀ ਗਏ, ਆਪ ਉਨ੍ਹਾਂ ਦੇ ਨਾਲ ਰਹੇ। ਗੁਰੂ ਜੀ ਪ੍ਰਯਾਗ,



ਡਾ. ਕੁਲਦੀਪ ਕੌਰ
94643-60051

ਇਲਾਹਾਬਾਦ, ਬਨਾਰਸ ਹੁੰਦੇ ਹੋਏ ਗੰਗਾ ਕਿਨਾਰੇ ਪਟਨਾ ਸ਼ਹਿਰ ਪਹੁੰਚੇ। ਇਥੇ ਗੁਰੂ ਜੀ ਕੁਝ ਸਮਾਂ ਪਰਿਵਾਰ ਨਾਲ ਠਹਿਰੇ ਤੇ ਫਿਰ ਪ੍ਰਚਾਰ-ਦੌਰਿਆਂ ਲਈ ਅਸਾਮ ਤੇ ਬੰਗਾਲ ਦੀ ਯਾਤਰਾ ਨੂੰ ਚੱਲ ਪਏ ਤੇ ਪਰਿਵਾਰ ਨੂੰ ਪਟਨਾ ਵਿਖੇ ਛੱਡ ਗਏ। ਗੁਰੂ ਜੀ ਨੂੰ ਪ੍ਰਚਾਰ-ਫੇਰੀ ਦੌਰਾਨ ਹੀ ਮਾਤਾ ਗੁਜਰੀ ਜੀ ਦੇ ਉਦਰ ਤੋਂ ਬਾਲਕ ਗੋਬਿੰਦ ਰਾਏ ਦੇ ਪ੍ਰਕਾਸ਼ ਦੀ ਸੂਚਨਾ ਮਿਲੀ ਸੀ।

22 ਦਸੰਬਰ 1666 ਨੂੰ (ਗੁਰੂ) ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਅਵਤਾਰ ਧਾਰਿਆ। ਗੁਰੂ ਤੇਗ ਬਹਾਦਰ ਜੀ ਚਾਰ ਸਾਲ ਬਾਅਦ ਪਟਨਾ ਆਏ ਤੇ ਪਹਿਲੀ ਵਾਰ ਆਪਣੇ ਬੱਚੇ ਨੂੰ ਵੇਖਿਆ। ਫਿਰ ਗੁਰੂ ਜੀ ਪੰਜਾਬ ਆ ਗਏ, ਜਿੱਥੇ ਉਨ੍ਹਾਂ ਨੇ ਮਾਖੋਵਾਲ ਨਗਰ ਵਿਖੇ ਜ਼ਮੀਨ ਖ਼ਰੀਦ ਕੇ 'ਚੱਕ ਨਾਨਕੀ' ਨਗਰ ਵਸਾਇਆ, ਜੋ ਹੁਣ ਅਨੰਦਪੁਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮਾਤਾ ਗੁਜਰੀ ਜੀ ਨੇ ਗੁਰੂ ਜੀ ਦੇ ਪ੍ਰਚਾਰ- ਦੌਰਿਆਂ ਸਮੇਂ ਬਾਲਕ ਗੋਬਿੰਦ ਰਾਏ ਦੀ ਪਰਵਰਿਸ਼ ਬੜੀ ਸੂਝ-ਬੂਝ ਨਾਲ ਕੀਤੀ। ਗੁਰੂ ਤੇਗ ਬਹਾਦਰ ਜੀ ਨੇ ਕੁਝ ਸਮੇਂ ਪਿੱਛੋਂ ਪਰਿਵਾਰ ਨੂੰ ਵੀ ਪੰਜਾਬ ਵਿਖੇ ਬੁਲਾ ਲਿਆ।

ਅਨੰਦਪੁਰ ਵਿਖੇ ਕਸ਼ਮੀਰੀ ਪੰਡਿਤਾਂ ਦੀ ਵਿਥਿਆ ਸੁਣ ਕੇ ਜਦੋਂ ਗੁਰੂ ਤੇਗ ਬਹਾਦਰ ਜੀ ਨੇ (1675 ਈ:) ਸ਼ਹਾਦਤ ਦਾ ਸੰਕਲਪ ਲਿਆ ਤਾਂ ਮਾਤਾ ਜੀ ਨੇ ਇਸ ਭਾਣੇ ਨੂੰ ਅਡੋਲਤਾ ਨਾਲ ਪ੍ਰਵਾਨ ਕੀਤਾ। ਜਦੋਂ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਦਿੱਲੀ ਤੋਂ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਆਏ ਤਾਂ ਆਪ ਨੇ ਕੋਈ ਵਿਰਲਾਪ ਨਹੀਂ ਕੀਤਾ, ਸਗੋਂ ਸੀਸ ਪ੍ਰਵਾਨ ਕਰਦਿਆਂ ਕਿਹਾ, 'ਆਪ ਜੀ ਦੀ ਤਾਂ ਨਿਭ ਗਈ ਹੈ,ਕਿਰਪਾ ਕਰਨੀ ਮੇਰੀ ਵੀ ਨਿਭ ਜਾਵੇ।' ਗੁਰੂ-ਪਤੀ ਦੀ ਸ਼ਹਾਦਤ ਪਿੱਛੋਂ ਮਾਤਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਖੇਤਰ 'ਚ ਸੁਯੋਗ ਅਗਵਾਈ ਕੀਤੀ।

ਦਸੰਬਰ 1704 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰਨਾ ਪਿਆ ਤਾਂ ਸਰਸਾ ਨਦੀ ਕਿਨਾਰੇ ਪਰਿਵਾਰ ਖੇਰੂੰ- ਖੇਰੂੰ ਹੋ ਗਿਆ। ਮਾਤਾ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਪੁਰਾਣੇ ਰਸੋਈਏ ਗੰਗੂ ਨਾਲ ਉਹਦੇ ਪਿੰਡ ਸਹੇੜੀ (ਮੋਰਿੰਡਾ, ਰੋਪੜ) ਚਲੇ ਗਏ। ਗੰਗੂ ਨੇ ਲਾਲਚ ਵਿਚ ਮਾਤਾ ਜੀ ਦੀਆਂ ਮੋਹਰਾਂ ਚੁਰਾ ਲਈਆਂ ਅਤੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਹਾਕਮਾਂ ਰਾਹੀਂ ਸੂਬਾ ਸਰਹਿੰਦ ਵਜ਼ੀਰ ਖ਼ਾਨ ਕੋਲ ਪਕੜਵਾ ਦਿੱਤਾ। ਮਾਤਾ ਜੀ ਨੂੰ ਸਾਹਿਬਜ਼ਾਦਿਆਂ ਸਮੇਤ ਸਰਹਿੰਦ ਦੇ ਠੰਢੇ ਬੁਰਜ 'ਚ ਕੈਦ ਕਰ ਦਿੱਤਾ ਗਿਆ, ਜਿੱਥੇ ਉਹ ਸਾਹਿਬਜ਼ਾਦਿਆਂ ਨੂੰ ਸਿੱਖੀ-ਗੌਰਵ, ਸ਼ਹਾਦਤਾਂ ਤੇ ਇਤਿਹਾਸ ਦੀਆਂ ਸਾਖੀਆਂ ਸੁਣਾ ਕੇ ਆਪਣੇ ਪਿਤਾ ਤੇ ਦਾਦੇ ਦੇ ਮਾਰਗ 'ਤੇ ਚੱਲਣ ਲਈ ਦ੍ਰਿੜ੍ਹ ਕਰਦੇ ਰਹੇ। ਮਾਤਾ ਜੀ ਨੇ ਸੂਬੇ ਦੀ ਕੈਦ 'ਚ ਰਹਿੰਦਿਆਂ ਉਸ ਦੀ ਰਸੋਈ ਦਾ ਖਾਣਾ ਇਹ ਕਹਿ ਕੇ ਖਾਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਮਲੇਛਾਂ ਦਾ ਭੋਜਨ ਹੈ। ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਭਾਈ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਖ਼ਤਰੇ 'ਚ ਪਾ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀ ਦੁੱਧ ਨਾਲ ਸੇਵਾ ਕੀਤੀ।

ਮਾਤਾ ਜੀ ਦੀਆਂ ਸਿੱਖਿਆਵਾਂ ਅਤੇ ਸਾਖੀਆਂ ਸਦਕਾ ਸਾਹਿਬਜ਼ਾਦਿਆਂ ਨੇ ਵਜ਼ੀਰ ਖ਼ਾਂ ਦੀ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਆਪਣੇ ਧਰਮ 'ਚ ਪ੍ਰ ਰਹਿ ਕੇ ਲਾਸਾਨੀ ਸ਼ਹਾਦਤ ਦਿੱਤੀ।

ਮਾਤਾ ਜੀ ਨੇ ਠੰਢੇ ਬੁਰਜ ਵਿ ਰਹਿੰਦਿਆਂ ਪੋਤਿਆਂ ਦੀ ਸ਼ਹਾਦਤ ਸੂਚਨਾ ਮਿਲਣ 'ਤੇ ਆਪਣੇ ਸਵ ਤਿਆਗ ਦਿੱਤੇ। ਗੁਰੂ-ਘਰ ਦੇ ਇ ਹੋਰ ਸ਼ਰਧਾਲੂ ਦੀਵਾਨ ਟੋਡਰ ਮੱਲ ਭਾਈ ਮੋਤੀ ਰਾਮ ਦੀ ਮਦਦ ਨਾਲ ਮਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਸਸਕਾਰ ਲਈ ਚੰਦਨ ਦੀ ਚਿਖਾ ਤਿਆ ਕੀਤੀ। ਸਸਕਾਰ ਵਾਲੀ ਥਾਂ 'ਤੇ ਅ ਕੱਲ੍ਹ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿ ਹੈ। ਜਿਸ ਥਾਂ 'ਤੇ ਸਸਕਾਰ ਕੀਤਾ ਗਿ ਸੀ, ਉਸ ਅਸਥਾਨ ਨੂੰ ਗੁਰੂ ਘਰ ਸ਼ਰਧਾਲੂ ਦੀਵਾਨ ਟੋਡਰ ਮੱਲ ਨੇ ਸੋਨੇ ਮੋਹਰਾਂ ਖੜ੍ਹੇ ਦਾਅ ਰੱਖ ਕੇ ਸੂਬਾ ਸਰਹਿੰ ਪਾਸੋਂ ਖ਼ਰੀਦਿਆ ਸੀ।

ਸੇਵਾ, ਸਿਮਰਨ, ਸਿਦਕ, ਸਾਹਸ ਸਹਿਣਸ਼ੀਲਤਾ ਦੀ ਲਾਸਾਨੀ ਮਿਸ ਮਾਤਾ ਗੁਜਰੀ ਜੀ ਦੇ ਨਾਂ 'ਤੇ ਫ਼ਤਹਿਗ ਸਾਹਿਬ ਵਿਖੇ ਉੱਤਰੀ ਭਾਰਤ ਦਾ ਪਹਿ ਆਟੋਨੋਮਸ ਕਾਲਜ ਸੁਸ਼ੋਭਿਤ ਹੈ, ਜਿ ਦਾ ਨਾਂ ਹੈ-ਮਾਤਾ ਗੁਜਰੀ ਕਾਲਜ, ਅੱਜ ਤੋਂ 61 ਸਾਲ ਪਹਿਲਾਂ 1957 ਵਿ ਸਥਾਪਿਤ ਕੀਤਾ ਗਿਆ ਸੀ। ਮਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਯਾਦ ਵਿਚ ਹਰ ਸਾਲ 11 ਤੋਂ 13 ਪੋ ਤਕ ਸ਼ਹੀਦੀ ਜੋੜ ਮੇਲਾ ਮਨਾਇ ਜਾਂਦਾ ਹੈ। ਸਿਆਣਪ ਤੇ ਦੂਰ-ਦ੍ਰਿਸ਼ ਵਾਲੀ ਪਵਿੱਤਰ ਆਤਮਾ ਮਾਤਾ ਗੁਜ ਜੀ ਬਾਰੇ ਕਿਸੇ ਕਵੀ ਨੇ ਠੀਕ ਲਿਖਿਆ ਹੈ :

*ਮੇਰਾ ਨਾਂ ਗੁਜਰੀ, ਮੇਰੀ ਔਲ਼ ਗੁਜ*
*ਇਹੋ ਜਿਹੀ ਕਹਾਣੀ ਤਾਂ ਮੇਰੇ ਉੱ*
*ਘੜੀ-ਘੜੀ ਗੁਜਰੀ, ਪਲ ਪਲ ਗੁਜ*
*ਪਹਿਲਾਂ ਪਤੀ ਦਿੱਤਾ, ਫਿਰ ਮੈਂ ਪੋਤੇ ਦਿ*
*ਆ ਹੁਣ ਮੌਤ ਮੈਨੂੰ ਕਹਿੰਦੀ ਚੱਲ ਗੁਜ*
*ਗੁਜਰੀ ਲੋਕ ਮੈਨੂੰ ਤਾਹੀਓਂ ਆਖਦੇ*
*ਜਿਹੜੀ ਆਈ ਸਿਰ ਤੇ, ਉਹ ਝੱਲ ਗੁਜਰੀ।* •



ਸੁਲੱਖਣ ਸਰਹੱਦੀ
94174-84337

# ਵਿਦਵਤਾ ਤੇ ਸੁਰਸਤੀ ਦਾ ਸਰੂਪ

## ਡਾ. ਜਸਬੀਰ ਕੌਰ

ਡਾ. ਜਸਬੀਰ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਨੀਆ ਦੀਆਂ ਉਨ੍ਹਾਂ ਵਿਦਵਾਨ ਨਾਰੀਆਂ 'ਚੋਂ ਹੈ ਜਿਨ੍ਹਾਂ ਨੇ ਗ਼ਰੀਬੀ, ਵਿੱਦਿਅਕ ਪਛੜੇਵੇਂ ਤੇ ਸੀਮਤ ਪ੍ਰਸਥਿਤੀਆਂ ਦੇ ਬਾਵਜੂਦ ਵਿਦਵਤਾ ਭਰਪੂਰ ਯੋਗਤਾ ਪ੍ਰਾਪਤ ਕੀਤੀ ਤੇ ਸਮਾਜ 'ਚ ਅਹਿਮ ਸਥਾਨ ਹਾਸਲ ਕੀਤਾ।

ਡਾ. ਜਸਬੀਰ ਨੇ 'ਗੁਰਮਤ ਸੰਗੀਤ ਦਾ ਇਤਿਹਾਸਿਕ ਵਿਕਾਸ' ਵਿਸ਼ੇ 'ਚ ਪੀਐੱਚਡੀ ਕੀਤੀ ਤੇ ਗੁਰਮਤਿ ਸੰਗੀਤ ਨੂੰ ਐਸੇ ਵਿਦਵਤਾ ਭਰਪੂਰ ਲਹਿਜੇ 'ਚ ਗਾਇਨ ਵਜੋਂ ਪੇਸ਼ ਕੀਤਾ ਕਿ ਗੁਰਮਤਿ ਸੰਗੀਤ 'ਚ ਨਵੀਂ ਜਾਗ੍ਰਿਤੀ, ਲੋਕ ਅਪਣੱਤ ਤੇ ਸਹਿਜ-ਸੁਰਤਾ ਪੈਦਾ ਹੋਈ। ਇਸ ਖੇਤਰ 'ਚ ਡਾ. ਜਸਬੀਰ ਕੌਰ ਹੀ ਐਸੀ ਗਾਇਨ ਸ਼ੈਲੀ ਨੂੰ ਪ੍ਰਣਾਈ ਦਿਖਾਈ ਦਿੰਦੀ ਹੈ, ਜਿਸ ਨੇ ਗੁਰਮਤਿ ਸੰਗੀਤ ਨੂੰ ਪੁਸਤਕੀ ਵਿਦਵਤਾ ਤਕ ਹੀ ਸੀਮਤ ਨਾ ਰਹਿਣ ਦਿੱਤਾ ਸਗੋਂ ਸੁਰਸਤੀ ਵਾਂਗ ਉਨ੍ਹਾਂ ਨੇ ਵੀਣਾ ਨੂੰ ਸੁਰਾਂ ਨਾਲ ਮਾਲਾਮਾਲ ਕਰ ਕੇ ਸੰਸਾਰ 'ਚ ਪ੍ਰਸਿੱਧੀ ਪ੍ਰਾਪਤ ਕੀਤੀ। ਸੰਗੀਤ ਤੇ ਗੁਰਮਤਿ ਸੰਗੀਤ ਵਿਰਸੇ ਦੀ ਸੰਭਾਲ ਤੇ ਸ੍ਰੇਸ਼ਟਤਾ ਪ੍ਰਦਾਨ ਕਰਨ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਸੂਫ਼ੀ ਸੰਗੀਤ, ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਪਰੰਪਰਾਵਾਂ ਨੂੰ ਜਰਬ-ਤਕਸੀਮ ਕਰ ਕੇ ਉਨ੍ਹਾਂ ਨੇ ਗਾਇਕੀ ਨੂੰ ਸਮਝਣ ਤੇ ਨਵੀਨ ਗਾਇਨ ਸ਼ੈਲੀ 'ਚ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ੁੱਧ ਤੇ ਮਿਸਰਤ ਰਾਗਾਂ ਨੂੰ ਗੁਰਮਤਿ ਸੰਗੀਤ ਪ੍ਰਬੰਧ ਤਹਿਤ ਗਾਇਨ ਕੀਤਾ ਤੇ ਉਸ ਦਾ ਪ੍ਰਚਾਰ ਕੀਤਾ।

ਰਾਗ ਸੋਰਠਿ, ਬੈਰਾੜੀ, ਬਿਹਾਗੜਾ, ਕਲਿਆਣ, ਜੈਤਸਰੀ, ਮਲਾਰ, ਸੂਹੀ, ਬਿਲਾਵਲ ਦੱਖਣੀ, ਵਡਹੰਸ ਦੱਖਣੀ, ਰਾਮਕਲੀ ਦੱਖਣੀ, ਗਉੜੀ ਦੇ ਪ੍ਰਕਾਰ, ਵਡਹੰਸ ਰਾਗ ਵਿਚਲੀਆਂ ਘੋੜੀਆਂ, ਅਲਾਹੁਣੀਆਂ ਤੋਂ ਇਲਾਵਾ ਦਸਮ ਗ੍ਰੰਥ, ਰਾਗਮਾਲਾ ਦੇ ਰਾਗ ਦੇਸਾਖ, ਮੇਵਾਰਾ, ਪੰਚਮ, ਅਸਲੇਖੀ, ਸੁਰਮਾਨੰਦ ਤੇ ਰਾਮਕਲੀ ਦੀਆਂ ਸਾਰੀਆਂ ਬੰਦਿਸ਼ਾਂ ਨੂੰ ਉਨ੍ਹਾਂ ਨੇ ਤੰਤੀ ਸਾਜਾਂ ਨਾਲ ਸੁਚੱਜਤਾ ਤੇ ਗੁਰਮਤਿ ਆਦਰ ਨਾਲ ਗਾਇਨ ਕੀਤਾ ਕਿ ਇਸ ਖੇਤਰ 'ਚ ਉਹ ਸਰਵੋ-ਸਿੱਧ ਸਤਿਕਾਰ ਤੇ ਪ੍ਰਭਾਵੀ ਆਦਰ ਪ੍ਰਾਪਤ ਕਰ ਗਏ। ਉਨ੍ਹਾਂ ਦੇ ਮਨ ਮਸਤਕ, ਜਜ਼ਬਾਤ ਤੇ ਰਾਗਾਤਮਿਕਤਾ ਦੀ ਪੇਸ਼ਕਾਰ-ਸ਼ੈਲੀ ਨੇ ਉਨ੍ਹਾਂ ਦਾ ਮਾਣ ਸਥਾਨਕਤਾ ਤਕ ਹੀ ਮਹਿਦੂਦ ਨਾ ਰਹਿਣ ਦਿੱਤਾ ਸਗੋਂ ਬਹੁਤ ਸਾਰੇ ਦੇਸ਼ਾਂ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਸਿੰਗਾਪੁਰ, ਥਾਈਲੈਂਡ, ਪਾਕਿਸਤਾਨ ਦੀਆਂ ਗੁਰਮਤਿ ਗਾਇਨ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਉਚੇਚ ਨਾਲ ਬੁਲਾਇਆ ਤੇ ਮਾਣ ਸਤਿਕਾਰ ਨਾਲ ਸੁਣਿਆ। ਉਹ ਕੁਝ ਸਮਾਂ ਯੂਨੀਵਰਸਿਟੀ ਦੇ ਡੀਪੀਡੀ ਵਿਭਾਗ ਦੀ ਮੁਖੀ ਰਹੇ ਅਤੇ ਮੈਂਬਰ ਸਿੰਡੀਕੇਟ ਤੇ ਡੀਨ ਆਰਟਸ ਕਲਚਰਲ ਵਜੋਂ ਵੀ ਸੇਵਾ ਕਾਰਜ ਕੀਤਾ। ਡਾ. ਜਸਬੀਰ ਕੌਰ ਨੇ ਗੁਰਮਤਿ ਸੰਗੀਤ ਦੇ ਨਾਲ ਲੋਕ ਸੰਗੀਤ, ਸੂਫ਼ੀ ਸੰਗੀਤ ਤੇ ਭਗਤੀ ਸੰਗੀਤ ਪ੍ਰਤੀ ਵੀ ਵਿਦਿਆਰਥੀਆਂ ਦੀ ਰੁਚੀ ਪੈਦਾ ਕੀਤੀ। ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਗੁਲਾਮ ਫ਼ਰੀਦ, ਬਾਬਾ ਫ਼ਰੀਦ, ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਪੂਰਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਡਾ. ਹਰਿਭਜਨ ਸਿੰਘ ਦੀਆਂ ਰਚਨਾਵਾਂ ਨੂੰ ਵੀ ਉਹ ਬਾਖ਼ੂਬੀ ਗਾਉਂਦੇ ਹਨ।

ਡਾ. ਜਸਬੀਰ ਕੌਰ ਦੇ ਮੂਲ ਸਰੋਕਾਰ ਭਾਵੇਂ ਗੁਰਮਤਿ ਸੰਗੀਤ ਤੇ ਪੇਚੀਦਾ-ਸਮਿਲਤ ਰਾਗਾਂ ਪ੍ਰਤੀ ਸਹਿਜ ਗਾਇਨ ਖੋਜ ਹੈ ਪਰ ਸੁਰਸਤੀ ਦੇਵੀ ਦੀ ਰੂਹ ਉਨ੍ਹਾਂ 'ਚ ਸਮਾਈ ਹੈ। ਉਨ੍ਹਾਂ ਨੇ ਸੈਂਕੜੇ ਉੱਚ ਪਾਏ ਦੇ ਗ੍ਰੰਥਾਂ ਨੂੰ ਸੰਪਾਦਿਤ ਕੀਤਾ ਤੇ ਕਈ ਵੱਡੇ ਪ੍ਰਾਜੈਕਟਾਂ 'ਤੇ ਕੰਮ ਕੀਤਾ। ਜਦੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਗਿਣਦੇ ਹਾਂ ਸੁਰਤ ਸੋਚਦੀ ਹੈ ਕਿ ਉਹ ਇਕ ਨਾਰੀ ਹੈ ਜਾਂ ਸੰਸਥਾ। ਏਥੇ ਕੁਝ ਕੁ ਗ੍ਰੰਥਾਂ, ਪੁਸਤਕਾਂ ਦਾ ਜ਼ਿਕਰ ਜ਼ਰੂਰੀ ਸਮਝਦਾ ਹਾਂ, ਜਿਨ੍ਹਾਂ 'ਚ ਡਾ. ਜਸਬੀਰ ਕੌਰ ਦੀ ਲਗਨ, ਮਿਹਨਤ ਤੇ ਕਾਬਲੀਅਤ ਬੋਲਦੀ ਹੈ। ਇਨ੍ਹਾਂ ਵਿਚ ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ (2006), ਗੁਰੂ ਅਰਜਨ ਬਾਣੀ ਸੰਗੀਤ ਪ੍ਰਬੰਧ (2007), ਸੰਪਾਦਿਤ ਪੁਸਤਕਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ (2004), ਗੁਰੂ ਅਰਜਨ ਦੇਵ ਅਤੇ ਇਨ੍ਹਾਂ ਦਾ ਯੁੱਗ (2006), ਗੁਰੂ ਅਰਜਨ ਦੇਵ ਜੀਵਨ ਅਤੇ ਸ਼ਹਾਦਤ (2005), ਡਾ. ਅਮਰਜੀਤ ਸਿੰਘ ਕਾਂਗ ਸਿਮਰਤੀ ਗ੍ਰੰਥ, ਪੰਜਾਬ ਦੀ ਵਿਰਾਸਤ ਸਮਕਾਲੀਨ ਪ੍ਰਸੰਗਿਕਤਾ (2013), ਪੰਜਾਬੀ ਸਮਾਜ ਅਤੇ ਮੀਡੀਆ, ਡਾ. ਹਰਭਜਨ ਸਿੰਘ ਸਿਮਰਤੀ ਗ੍ਰੰਥ, ਗਿਆਨੀ ਲਾਲ ਸਿੰਘ ਸਿਮਰਤੀ ਗ੍ਰੰਥ, ਪੰਜਾਬੀ ਭਾਸ਼ਾ, ਨਿਰਮਲ ਸੰਪ੍ਰਦਾਇ, ਉਦਾਸੀ ਸੰਪ੍ਰਦਾਇ ਆਦਿ ਸ਼ਾਮਲ ਹਨ।



ਜਦੋਂ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਵਜੋਂ ਤਿੰਨ ਸਾਲ ਦਾ ਸਮਾਂ ਮਿਲਿਆ ਤਾਂ ਉਨ੍ਹਾਂ ਨੇ 30 ਸ਼ਾਨਦਾਰ ਖੋਜ ਮੁਖੀ ਕੋਸ਼ ਸੰਪਾਦਿਤ ਕੀਤੇ, ਜਿਨ੍ਹਾਂ ਵਿਚ ਕੁਝ ਐਸੀਆਂ ਪੁਸਤਕਾਂ ਵੀ ਸਨ ਜਿਨ੍ਹਾਂ ਦੀ ਪ੍ਰਕਾਸ਼ਨਾਂ ਨਾਲ ਯੂਨੀਵਰਸਿਟੀ ਦਾ ਮਾਣ ਵਧਿਆ ਹੈ। ਇਸ ਦੌਰਾਨ ਉਨ੍ਹਾਂ ਨੇ ਇਨ੍ਹਾਂ ਸਤਰਾਂ ਦੇ ਲੇਖਕ ਗ਼ਜ਼ਲਕਾਰ ਤੋਂ 'ਪਿੰਗਲ ਅਤੇ ਅਰੂਜ਼ ਸੰਦਰਭ ਕੋਸ਼' ਤਿਆਰ ਕਰਵਾਇਆ। ਇਸ ਤੋਂ ਇਲਾਵਾ ਨੇ ਲੇਖਕਾਂ ਪਾਸੋਂ ਐਸੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਕਰਵਾਈ, ਜਿਨ੍ਹਾਂ ਦੀ ਅਕਾਦਮਿਕ ਹਲਕਿਆਂ 'ਚ ਭਰਪੂਰ ਪ੍ਰਸ਼ੰਸਾ ਹੋਈ-ਜਿਵੇਂ ਬੁੱਧ ਦੇ ਸਮੇਂ ਦਾ ਸਮਾਜ, ਮਨੁੱਖ ਅਤੇ ਵਿਗਿਆਨ (ਸੁਰਜੀਤ ਸਿੰਘ ਢਿੱਲੋਂ), ਵਾਦਨ ਰਚਨਾ ਸਾਗਰ, ਸੰਗੀਤ ਸੰਸਾਰ ਦੀਆਂ ਅਭੁੱਲ ਯਾਦਾਂ, ਸੰਗੀਤ ਤ੍ਰਿਵੈਣੀ ਗ੍ਰੰਥ, ਸੰਗੀਤ ਦਾ ਅਧਿਆਪਨ, ਸੰਗੀਤ ਦੀ ਸਿੱਖਿਆ ਵਿਚ ਮਨੋਵਿਗਿਆਨਕ ਸਿਧਾਂਤਾਂ ਦਾ ਉਪਯੋਗ, ਚੰਨੇ ਦੇ ਉਹਲੇ (ਫਰਖੰਦਾ ਲੋਧੀ) ਆਦਿ।

ਡਾ. ਜਸਬੀਰ ਕੌਰ ਨੇ ਸੰਗੀਤ ਨਾਲ ਸਬੰਧਤ 13 ਖੋਜ ਪੱਤ੍ਰਿਕਾਵਾਂ ਦੇ ਵਿਸ਼ੇਸ਼ ਅੰਕ ਕੱਢੇ। ਇਸ ਦੇ ਨਾਲ ਉਨ੍ਹਾਂ ਦੁਆਰਾ ਤਿੰਨ ਦਰਜਨ ਤੋਂ ਵਧੇਰੇ ਖੋਜ-ਪੱਤਰ ਦੇਸ਼-ਵਿਦੇਸ਼ ਦੀਆਂ ਕਾਨਫ਼ਰੰਸਾਂ ਦਾ ਸ਼ਿੰਗਾਰ ਬਣੇ। ਇਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ ਸੰਗੀਤਕ ਪਰੰਪਰਾ, ਧਰਮ ਅਤੇ ਸ਼ਹਾਦਤ, ਪੰਜਾਬ ਦੀ ਸਿੱਖ ਢਾਡੀ ਪਰੰਪਰਾ, ਗੁਰਮਤਿ ਸੰਗੀਤ ਉਦੇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਦਾ ਸਰੂਪ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਕੀਰਤਨੀਏ, ਪੰਜਾਬ ਵਾਰ ਸਾਹਿਤ ਅਤੇ ਢਾਡੀ ਪਰੰਪਰਾ, ਪੰਜਾਬ ਦੇ ਲੋਕ ਸਾਜ਼ ਤੇ ਉਨ੍ਹਾਂ ਦੀ ਬਨਾਵਟ, ਗੁਰਬਾਣੀ ਵਿਚ ਲੋਕ ਗਾਇਨ ਰੂਪ, ਪੰਜਾਬੀ ਭਾਸ਼ਾ ਵਿਕਾਸ ਦੇ ਬਦਲਦੇ ਪਰਿਪੇਖ, ਰਬਾਬ ਵਾਦਕ ਭਾਈ ਮਰਦਾਨਾ, ਪੰਜਾਬਣਾਂ ਦੇ ਲੋਕ ਗੀਤਾਂ ਦੀ ਸੰਗੀਤ ਪਰੰਪਰਾ, ਸੂਫ਼ੀ ਸੰਗੀਤ ਦੀਆਂ ਗਾਇਨ ਸ਼ੈਲੀਆਂ, ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ, ਬੇਬੇ ਨਾਨਕੀ ਦੀ ਕੀਰਤਨ ਨੂੰ ਦੇਣ ਸ਼ਾਮਲ ਹਨ।

ਉਨ੍ਹਾਂ ਨੇ ਲਗਪਗ ਦੋ ਦਰਜਨ ਸਾਹਿਤਕ ਲੇਖ ਅਖ਼ਬਾਰਾਂ ਤੇ ਰਸਾਲਿਆਂ 'ਚ ਪ੍ਰਕਾਸ਼ਿਤ ਕਰਵਾਏ। ਉਨ੍ਹਾਂ ਨੇ 30 ਤੋਂ ਵਧੇਰੇ ਸੰਸਾਰ ਪੱਧਰ ਦੀਆਂ ਕਾਨਫ਼ਰੰਸਾਂ/ਸੈਮੀਨਾਰਾਂ 'ਚ ਪੇਪਰ ਪੇਸ਼ ਕੀਤੇ। ਉਨ੍ਹਾਂ ਨੇ ਅਨੇਕਾਂ ਗਾਇਨ ਉਤਸਵਾਂ ਮੌਕੇ ਸੂਫ਼ੀ ਕਾਵਿ ਨੂੰ ਪੱਕੇ ਰਾਗਾਂ 'ਚ ਪੇਸ਼ ਕੀਤਾ।

ਸ. ਪ੍ਰੀਤਮ ਸਿੰਘ ਤੇ ਮਾਤਾ ਗੁਰਸ਼ਰਨ ਕੌਰ ਦੇ ਘਰ ਜਨਮੀ ਇਸ ਸ਼ਖ਼ਸੀਅਤ ਦਾ ਪਿਛੋਕੜ ਪੱਛਮੀ ਪੰਜਾਬ ਨਾਲ ਸਬੰਧਤ ਹੈ। ਜਲੰਧਰ ਜ਼ਿਲ੍ਹੇ ਦੇ ਨਿੱਕੇ ਤੇ ਪਛੜੇ ਪਿੰਡ ਵਿਚ 7 ਜਮਾਤਾਂ ਪਾਸ ਕੀਤੀਆਂ ਸਨ ਕਿ ਆਪ ਦੇ ਪਿਤਾ ਦੀ ਬਦਲੀ ਗੁਰਦਾਸਪੁਰ ਸ਼ਹਿਰ ਹੋ ਗਈ। ਜਸਬੀਰ ਵੀ ਪਰਿਵਾਰ ਨਾਲ ਗੁਰਦਾਸਪੁਰ ਆ ਗਈ ਪਰ ਪੜ੍ਹਾਈ ਜਾਰੀ ਨਾ ਰੱਖ ਸਕੀ। ਪਿਤਾ ਜੀ ਇੰਸਪੈਕਟਰ ਸਨ। ਏਥੇ ਆ ਕੇ ਲੱਗਦਾ ਸੀ ਕਿ ਇਹ ਕੁੜੀ ਅਨਪੜ੍ਹ ਰਹਿ ਜਾਵੇਗੀ ਪਰ ਪ੍ਰਾਈਵੇਟ ਤੌਰ 'ਤੇ ਮੈਟ੍ਰਿਕ ਕਰ ਕੇ ਉਸ ਨੇ ਪੜ੍ਹਾਈ ਜਾਰੀ ਰੱਖੀ।

ਸਕੂਲੀ ਵਿੱਦਿਆ ਉਪਰੰਤ ਸਰਕਾਰੀ ਕਾਲਜ ਗੁਰਦਾਸਪੁਰ 'ਚ ਦਾਖ਼ਲਾ ਲੈ ਲਿਆ। ਉਹ ਸਾਹਿਤਕ ਪ੍ਰੋਗਰਾਮਾਂ 'ਚ ਕਵਿਤਾ ਲਿਖ ਕੇ ਪਿਆਰੇ ਅੰਦਾਜ਼ 'ਚ ਗਾ ਕੇ ਪੇਸ਼ ਕਰਦੀ। ਉਹ ਸਾਜ਼ਾਂ ਨਾਲ ਵੀ ਪ੍ਰਥਾਈ ਕਵਿਤਾ ਤੇ ਖ਼ਾਸ ਕਰ ਸ਼ਬਦ ਗਾਉਂਦੀ ਸੀ ਕਿਉਂਕਿ ਬਚਪਨ 'ਚ ਹੀ ਉਸ ਨੇ ਗੁਰਦਾਸਪੁਰ ਕਲਾ ਕੇਂਦਰ ਤੋਂ ਪੰਡਤ ਓਂਕਾਰਨਾਥ ਠਾਕੁਰ ਦੇ ਸ਼ਗਿਰਦ ਪੰਡਿਤ ਸੂਰਜ ਪ੍ਰਕਾਸ਼ ਪਾਸੋਂ ਤੇ ਫਿਰ ਪ੍ਰੋ. ਤਾਰਾ ਸਿੰਘ, ਪ੍ਰੋ. ਸ਼ਮਸ਼ੇਰ ਸਿੰਘ ਕਰੀਰ, ਪੰਡਿਤ ਯਸ਼ਪਾਲ ਚੰਡੀਗੜ੍ਹ, ਉਸਤਾਦ ਬਦਰੁਜ਼ਮਾ (ਲਾਹੌਰ) ਪਾਸੋਂ ਸੰਗੀਤ ਦੀ ਵਿੱਦਿਆ ਹਾਸਲ ਕੀਤੀ।

ਇਸੇ ਦੌਰਾਨ ਇਕ ਘਟਨਾ ਘਟੀ। ਮਾਸਟਰ ਤਾਰਾ ਸਿੰਘ ਦੀ ਲੜਕੀ ਡਾ. ਰਜਿੰਦਰ ਕੌਰ ਦੀ ਉਨ੍ਹਾਂ ਦੇ ਪਿਤਾ ਨਾਲ ਨੇੜਤਾ ਸੀ। ਸ. ਪ੍ਰੀਤਮ ਸਿੰਘ ਅਜਿਹੇ ਖ਼ਾਨਦਾਨ 'ਚੋਂ ਸੀ ਜਿਸ ਦੇ ਵਡੇਰੇ ਨਨਕਾਣਾ ਸਾਹਿਬ ਦੇ ਸਨ ਤੇ ਰਾਗੀ ਭਾਈ ਸੁੱਖਾ ਸਿੰ ਮੁਲਤਾਨ ਵਾਲਿਆਂ ਨਾਲ ਕੀਰਤਨ ਕ ਸਨ। ਸਾਰਾ ਪਰਿਵਾਰ ਧਾਰਮਿਕ ਰੁਚੀ ਵਾਲਾ ਸੀ। ਜਸਬੀਰ ਦੀ ਭਾਸ਼ਣ ਜਥੇਬੰਦਕ ਯੋਗਤਾ ਕਰਕੇ ਡਾ. ਰਜਿੰ ਕੌਰ ਨੇ ਉਨ੍ਹਾਂ ਨੂੰ ਅਕਾਲੀ ਦਲ ਇਸਤ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਬਣਾ ਦਿੱ ਇਸ ਦੌਰਾਨ ਅਕਾਲੀ ਦਲ ਵੱਲੋਂ ਧ ਯੁੱਧ ਮੋਰਚਾ ਤੇ ਜੇਲ੍ਹ ਭਰੋ ਅੰਦੋਲਨ ਚ ਰਿਹਾ ਸੀ। ਗੁਰਦਾਸਪੁਰ ਵਿਖੇ ਸ੍ਰੀਮ ਇੰਦਰਾ ਗਾਂਧੀ ਸਰਕਾਰੀ ਕਾਲਜ ਵਿ ਹੈਲੀਕਾਪਟਰ 'ਚੋਂ ਉਤਰੇ ਹੀ ਸਨ ਸੈਂਕੜੇ ਸਿੱਖ ਬੀਬੀਆਂ ਨੇ ਉਨ੍ਹਾਂ ਖ਼ਿਲ ਨਾਅਰੇਬਾਜ਼ੀ ਕੀਤੀ। ਜਸਬੀਰ ਤੇ ਕੁ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿ ਗਿਆ। ਪੜ੍ਹਾਈ ਫਿਰ ਵਿੱਚੇ ਰਹਿ ਗ ਜਸਬੀਰ ਨੇ ਬੀਏ ਤੇ ਐੱਮਏ ਜੇਲ੍ਹ ਵਿੱਚੋਂ ਪ੍ਰਾਈਵੇਟ ਤੌਰ 'ਤੇ ਕੀਤੀ ਤੇ ਫਿਰ ਪੰਜ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਦਰ ਸਿੰਘ ਚੰਡੀਗੜ੍ਹ ਦੀ ਨਿਗਰਾਨੀ ਅਧ ਪੀਐੱਚਡੀ ਕੀਤੀ।

ਡਾ. ਜਸਬੀਰ ਕੌਰ ਹਿੰਮਤ, ਮਿਹਨ ਦਲੇਰੀ, ਨਿਸ਼ਚਾ ਤੇ ਲਗਨ ਦੀ ਮਿਸ ਹੈ। ਉਹ ਤੰਤੀ ਸਾਜਾਂ ਨਾਲ ਦੇਸ਼-ਵਿਦੇ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹ ਗੁਰਮਤਿ ਅਧਿਐਨ ਦੇ ਖੇਤਰ 'ਚ ਉਨ੍ਹਾਂ ਪੰਜਾਬ ਤੇ ਦੇਸ਼-ਵਿਦੇਸ਼ 'ਚੋਂ ਅਨੇਕਾਂ ਮਾ ਸਨਮਾਨ ਪ੍ਰਾਪਤ ਹੋਏ ਪਰ ਇਹ ਉਨ੍ਹਾਂ ਅਧਿਐਨ ਰੁਚੀ ਤੇ ਕਦੇ ਭਾਰੂ ਨਹੀਂ ਹੋ ਮੌਜੂਦਾ ਸਮੇਂ ਉਹ ਗੁਰਮਤਿ ਸੰਗੀਤ ਪ੍ਰਮੁੱਖ ਕੀਰਤਨਕਾਰ, ਪੰਜਾਬ ਦੀ ਢਾ ਪਰੰਪਰਾ ਤੋਂ ਇਲਾਵਾ ਕਈ ਵੱਡੇ ਪ੍ਰਾਜੈਕ 'ਤੇ ਖੋਜ ਕਰ ਰਹੇ ਹਨ। •

# ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ



ਖੋਜਾਰਥਣ-ਸੀਤਾ
8968574186
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਵੱਧ ਦਰਦਨਾਕ ਅਤੇ ਦਿਲ ਨੂੰ ਕੰਬਾ ਦੇਣ ਵਾਲੀ ਘਟਨਾ ਹੈ। ਇਕ ਪਾਸੇ ਇਹ ਘਟਨਾ ਤੇ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ, ਦੂਸਰੇ ਪਾਸੇ ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ ਅਤੇ ਸਿੱਖੀ ਸਿਦਕ ਦੀ ਭਾਵਨਾ ਨਾਲ ਜ਼ੁਲਮ ਤੇ ਤਸ਼ੱਦਦ ਵਿਰੁੱਧ, ਧਾਰਮਿਕ ਸੁਤੰਤਰਤਾ ਲਈ ਡਟ ਕੇ ਮੁਕਾਬਲਾ ਕਰਨ ਦੇ ਸਿਖ਼ਰ ਨੂੰ ਪ੍ਰਗਟ ਕਰਦੀ ਹੈ। ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕੋਈ ਵੀ ਮਨੋ ਨਹੀਂ ਭੁਲਾ ਸਕਦਾ। ਪੋਹ ਦਾ ਇਹ ਮਹੀਨਾ ਸਿੱਖ ਇਤਿਹਾਸ ਵਿਚ ਸ਼ਹੀਦੀ ਮਹੀਨੇ ਵਜੋਂ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਮਨ ਵੈਰਾਗ ਨਾਲ ਭਰ ਜਾਂਦਾ ਹੈ। ਸਿੱਖ ਇਤਿਹਾਸ ਵਿਚ ਸ਼ਹੀਦੀਆਂ ਇਕ ਖ਼ਾਸ ਮੁਕਾਮ ਰੱਖਦੀਆਂ ਹਨ। ਗੁਰੂ ਸਾਹਿਬਾਨ ਨੇ ਬਾਣੀ ਰਾਹੀ ਸਿਰਫ਼ ਉਪਦੇਸ਼ ਹੀ ਨਹੀਂ ਦਿੱਤਾ ਸਗੋਂ ਉਸ ਤੇ ਖ਼ੁਦ ਅਮਲ ਕਰਕੇ ਇਹ ਸਬਕ ਦ੍ਰਿੜ੍ਹ ਵੀ ਕਰਵਾਇਆ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਆਰੰਭ ਹੋ ਕੇ ਅਣਮੋਲ ਹੀਰੇ, ਨਿੱਕੀਆਂ ਉਮਰਾਂ 'ਚ ਵੱਡੇ ਸਾਕੇ ਕਰਨ ਵਾਲੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਜਦੋਂ ਸਿੰਘਾਂ ਤੇ ਆਪਣੇ ਪਰਿਵਾਰ ਨਾਲ ਸ੍ਰੀ ਆਨੰਦਪੁਰ ਸਾਹਿਬ ਦੇ ਕਿਲੇ ਵਿਚੋਂ ਨਿਕਲੇ ਤੇ ਸਾਰੇ ਹੀ ਇਕ ਦੂਸਰੇ ਤੋਂ ਵਿਛੜ ਗਏ। ਗੁਰੂ ਸਾਹਿਬ ਤਾਂ ਸਰਸਾ ਪਾਰ ਕਰ ਗਏ ਪਰ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਸਰਸਾ ਪਾਰ ਨਹੀਂ ਕਰ ਸਕੇ ਕਿਉਂਕਿ ਸਰਸਾ ਵਿਚ ਹੜ੍ਹ ਆਇਆ ਹੋਇਆ ਸੀ। ਇਸੇ ਤਰ੍ਹਾਂ ਹੀ ਸਰਸਾ ਨਦੀ ਤੇ ਵਿਛੋੜਾ ਪੈ ਗਿਆ ਛੋਟੇ-ਛੋਟੇ ਬੱਚਿਆਂ ਦਾ। ਇਤਿਹਾਸਿਕ ਤਾਰੀਖ਼ਾਂ ਬਾਰੇ ਵਿਦਵਾਨਾਂ ਦੇ ਮਤਭੇਦ ਪਾਏ ਜਾਂਦੇ ਹਨ, ਸ਼ਹੀਦੀ ਛੋਟੇ ਸਾਹਿਬਜ਼ਾਦਿਆਂ ਦੀ ਤਾਰੀਖ਼ 13 ਪੋਹ ਜੋ ਹਰ ਸਾਲ 26 ਦਸੰਬਰ ਨੂੰ ਆਉਂਦੀ ਹੈ। ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਾਰ ਸਿੰਘ (9 ਸਾਲ) ਅਤੇ ਬਾਬਾ ਫ਼ਤਿਹ ਸਿੰਘ (7 ਸਾਲ) ਸੂਬਾ ਸਰਹਿੰਦ ਦੀ ਕੈਦ ਵਿਚ ਸ਼ਹੀਦ ਕਰ ਦਿੱਤੇ ਗਏ। ਇਸ ਸਰਹਿੰਦ ਦੇ ਸਾਕੇ ਵਿਚ ਬਾਬਾ ਮੋਤੀ ਰਾਮ ਮਹਿਰਾ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸਮਰਪਤ ਸੇਵਕ ਸਨ। ਜਿਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਕੇ ਠੰਢੇ ਬੁਰਜ ਵਿਚ ਕੈਦ ਮਾਤਾ ਗੁਜਰ ਕੌਰ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਤਿੰਨ ਰਾਤਾਂ ਦੁੱਧ ਪਿਲਾਉਣ ਦੀ ਸੇਵਾ ਕੀਤੀ। ਪੰਜਾਂ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਬਾਬਾ ਮੋਤੀ ਰਾਮ ਮਹਿਰਾ ਦੇ ਚਾਚਾ ਜੀ ਸਨ। ਇਸੇ ਇਤਿਹਾਸ ਘਟਨਾ ਦੇ ਸੰਦਰਭ ਵਿਚ ਨੰਦ ਲਾਲ ਨੂਰਪੁਰੀ ਆਪਣੀ ਕਵਿਤਾ ਰਾਹੀਂ ਕੁਝ ਸਤਰਾਂ ਇਉਂ ਵਿਅਕਤ ਕਰਦਾ ਹੈ:-

ਅੱਧੀ ਰਾਤੀਂ ਮਾਂ ਗੁਜਰੀ, ਬੈਠੀ,
ਘੋੜੀਆਂ ਚੰਦਾਂ ਦੀਆਂ ਗਾਵੈ।
ਅੱਖੀਆਂ ਦੇ ਤਾਰਿਆਂ ਦਾ, ਮੈਨੂੰ
ਚਾਨਣਾ ਨਜ਼ਰ ਨਾ ਆਵੇ।
ਨੀ ਕੱਲ੍ਹ ਜਦੋਂ ਸੌਣ ਲੱਗੀ, ਮੇਰੇ ਕੋਲ
ਹੀਰਿਆਂ ਦੀ ਜੋੜੀ।
ਪਿੰਡਿਆਂ 'ਤੇ ਹੱਥ ਫੇਰ ਕੇ, ਮੈਂ ਆਖਿਆ
ਵੰਡੂੰਗੀ ਲੋਹੜੀ
ਢਿੱਡ ਦਾ ਸੇਕ ਬੁਰਾ, ਨੀ ਮੈਥੋਂ ਝੱਲਿਆ
ਨਾ ਜਾਵੈ।
ਅੱਧੀ ਰਾਤੀਂ ਮਾਂ ਗੁਜਰੀ................

ਮਾਤਾ ਗੁਜਰੀ ਨੇ ਆਪਣੇ ਸ਼ਹੀਦ ਹੋ ਚੁੱਕੇ ਦੋਵੇਂ ਪੋਤਰਿਆਂ ਸਾਹਿਬਜ਼ਾਦਾ ਜੋਰਾਵਾਰ ਸਿੰਘ ਅਤੇ ਫ਼ਤਿਹ ਸਿੰਘ ਦੇ ਵਿਛੋੜੇ ਤੇ ਦਰਦ ਨੂੰ ਘੋੜੀਆਂ ਰਾਹੀਂ ਵਿਅਕਤ ਕਰਦੀ ਹੈ।

ਮੁਗਲ ਹਕੂਮਤ ਦੇ ਸਿਪਾਹੀ ਪਹਿਲੀ ਵਾਰ 24 ਦਸੰਬਰ ਦੇ ਦਿਨ ਠੰਢੇ ਬੁਰਜ 'ਚੋਂ ਦੋਵਾਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਆਏ। ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਬਹਾਦਰ ਪਿਤਾ ਦੇ ਬਹਾਦਰ ਸ਼ੇਰ ਪੁੱਤਰਾਂ ਨੇ ਕਚਹਿਰੀ ਵਿਚ ਵਜ਼ੀਰ ਖਾਂ ਦੇ ਸਾਹਮਣੇ ਖੜ੍ਹ ਕੇ ਪੂਰੇ ਜੋਸ਼ ਨਾਲ਼ ਫਤਿਹ ਬੁਲਾਈ। ਨਿੱਕੇ-ਨਿੱਕੇ ਬੱਚਿਆਂ ਦਾ ਜੋਸ਼ ਦੇਖ ਕੇ ਸੂਬਾ ਸਰਹਿੰਦ ਕੰਬ ਗਿਆ। ਉਸ ਨੇ ਸਾਹਿਬਜ਼ਾਦਿਆਂ ਦਾ ਧਰਮ ਬਦਲਣ ਲਈ ਕਈ ਕੋਸ਼ਿਸ਼ਾਂ ਕੀਤੀਆਂ। ਲਾਲਚ ਅਤੇ ਸਬਜ਼ਬਾਗ ਵੀ ਵਿਖਾਏ ਗਏ ਤਾਂ ਕਿ ਉਹ ਆਪਣੇ ਪਿਤਾ ਅਤੇ ਦਾਦੇ ਵਾਲਾ ਸਿੱਖ ਧਰਮ ਛੱਡ ਕੇ ਇਸਲਾਮ ਕਬੂਲ ਕਰ ਲੈਣ ਪਰ ਉਹ ਆਪਣੇ ਸਿਦਕ ਤੇ ਡਟੇ ਰਹੇ। ਇਸ ਇਤਿਹਾਸਿਕ ਘਟਨਾ ਬਾਰੇ ਭਾਈ ਸੰਤੋਖ ਸਿੰਘ 'ਸੂਰਜ ਪ੍ਰਕਾਸ਼' ਲਿਖਦੇ ਹਨ:-

ਸਾਹਿਬਜ਼ਾਦਿਓ ਪਿਤਾ ਤੁਹਾਰਾ। ਗਢ
ਚਮਕੌਰ ਘੇਰ ਗਹਿ ਮਾਰਾ।
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ। ਸੰਗੀ ਸਿੰਘ
ਸਕਲ ਸੋ ਮਾਰੇ।

ਸੂਬਾ ਸਰਹਿੰਦ ਦੇ ਡਰਾਵੇ ਸੁਣ ਕੇ ਨਿਡਰ ਤੇ ਨਿਰਭੈ ਸਾਹਿਬਜ਼ਾਦਿਆਂ ਨੇ ਉਸ ਨੂੰ ਮੋੜਵਾ ਜਵਾਬ ਦਿੱਤਾ। ਭਾਈ ਸੰਤੋਖ ਸਿੰਘ 'ਸੂਰਜ ਪ੍ਰਕਾਸ਼' ਲਿਖਦੇ ਹਨ:-

ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ। ਜਗ
ਮਹਿੰ ਕੌਨ ਸਕੇ ਤਿੰਹ ਮਾਰਾ।
ਜਿਮ ਆਕਾਸ਼ ਕੋ ਕਿਆ ਕੋਈ ਮਾਰਹਿ।
ਕੌਨ ਅੰਧੇਰੀ ਕੋ ਨਿਰਵਾਰਹਿ।

ਕੁਝ ਇਤਿਹਾਸਕਾਰਾਂ ਅਨੁਸਾਰ ਇਹ ਵੀ ਕਿਹਾ ਜਾਂਦਾ ਹੈ ਕਿ ਤੀਜੀ ਪੇਸ਼ੀ 26 ਦਸੰਬਰ ਨੂੰ ਅਤੇ 27 ਦਸੰਬਰ 1704 ਈ. ਨੂੰ ਹੋਈ। ਇਸਲਾਮ ਧਾਰਨ ਕਰਨ ਦੀ ਰਟ ਮੁੜ ਦੁਹਰਾਈ ਗਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ ਅਤੇ ਸੂਬੇ ਨੇ ਆਪਣਾ ਆਖ਼ਰੀ ਫੈਸਲਾ ਸੁਣਾ ਦਿੱਤਾ ਕਿ ਇੰਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਉਹ ਕਿਹੜੀ ਅੱਖ ਸੀ ਜਿਹੜੀ ਇਸ ਗੱਲ ਨੂੰ ਸੁਣਕੇ ਨਾ ਰੋਈ ਹੋਵੇ। ਇਸ ਤੱਥ ਦੀ ਪੁਸ਼ਟੀ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ:-

ਸ਼ਾਸ਼ਲ ਬੇਗ ਅਰ ਬਾਸ਼ਲ ਬੇਗ। ਉਭੈ
ਜਲਾਦਨ ਖਿਚ ਕੈ ਤੇਗ।
ਤਿਸਹੀ ਠੌਰ ਖਰਿਓ ਕੈ ਸੀਸ। ਤੁਰਤ
ਉਤਾਰੇ ਦੁਸ਼ਟੈਂ ਰੀਸ।

ਤੇਰਾਂ ਪੋਹ ਥਾ ਮੰਗਲਵਾਰ। ਮਚਿਓ ਸ਼ਹਿਰ
ਮੇਂ ਹਾਹਾਕਾਰ॥

ਇਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹ ਸਪਸ਼ਟ ਹੈ ਕਿ ਸਾਹਿਬਜ਼ਾਦਿਆਂ ਦੀ ਮੌਤ ਨੀਹਾਂ ਵਿਚ ਦਮ ਘੁੱਟਣ ਕਰਕੇ ਨਹੀਂ ਹੋਈ ਸਗੋਂ ਉਨ੍ਹਾਂ ਦੇ ਸਿਰ ਕਲਮ ਕੀਤੇ ਗਏ। ਇਸ ਦੁਖਦਾਈ ਖ਼ਬਰ ਦਾ ਪਤਾ ਜਦੋਂ ਮਾਤਾ ਗੁਜਰੀ ਜੀ ਨੂੰ ਲੱਗਿਆ ਤਾਂ ਉਹਨਾਂ ਤੋਂ ਇਹ ਸਦਮਾ ਬਰਦਾਸ਼ਤ ਨਹੀਂ ਹੋਇਆ ਤੇ ਉਹ ਵੀ ਜੋਤੀ ਜੋਤ ਸਮਾ ਗਏ। ਉਸ ਸਥਾਨ ਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ।

ਪੋਹ ਦਾ ਇਹ ਮਹੀਨਾ ਇਨ੍ਹਾਂ ਸ਼ਹੀਦਾਂ ਨੂੰ ਯਾਦ ਕਰਨ ਦਾ ਮਹੀਨਾ ਹੁੰਦਾ ਹੈ ਆਓ ਇਨ੍ਹਾਂ ਸੋਹਲ ਤੇ ਮਾਸੂਸ ਜਿੰਦਾਂ ਨੂੰ ਨਤਮਸਤਕ ਹੋਈਏ ਤੇ ਉਸ ਦਰਦ ਨੂੰ ਮਹਿਸੂਸ ਕਰੀਏ ਜੋ ਦਰਦ ਗੁਰੂ ਸਾਹਿਬ ਦੇ ਪਰਿਵਾਰ ਨੇ ਸਿੱਖੀ ਸਿਦਕ ਲਈ ਜਰਿਆ।

## ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਹੋਏ ਨਤਮਸਤਕ



**ਗੜ੍ਹਸ਼ੰਕਰ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਸ੍ਰੀ ਚਰਨ ਛੋਹ ਗੰਗਾ (ਅੰਮ੍ਰਿਤ-ਕੁੰਡ) ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਸ਼ਵ ਭਰ ਤੋਂ' ਸੰਗਤਾਂ ਨਤਮਸਤਕ ਹੋ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕਰ ਰਹੀਆਂ ਹਨ। ਬੀਤੇ ਦਿਨ ਸ੍ਰੀ ਚਰਨ ਛੋਹ ਗੰਗਾ ਵਿਖੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਨਤਮਸਤਕ ਹੋਏ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਇਸ ਮੌਕੇ ਬੋਲਦਿਆਂ ਸ੍ਰੀ ਬਲਵਿੰਦਰ ਬੰਗਾ ਸ੍ਰੀ ਗੁਰੂ ਰਵਿਦਾਸ ਸਭਾ ਦੁਬਈ ਪੰਜਾਬ ਟੀਮ, ਅੰਬੇਡਕਰ ਸੈਨਾ ਪੰਜਾਬ ਜਲੰਧਰ ਨੇ ਕਿਹਾ ਕਿ ਸ੍ਰੀ ਚਰਨ ਛੋਹ ਗੰਗਾ ਵਿਖੇ ਕੁਝ ਵਿਵਾਦ ਚੱਲ ਰਿਹਾ ਹੈ ਜਿਸ ਦੇ ਚੱਲਦੇ ਇੱਕ ਧਿਰ ਨੇ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਇੱਥੇ ਰਸੀਵਰ ਲਗਾਇਆ ਜਾਵੇ। ਅਸੀਂ ਇਸਦੀ ਕਰੜੇ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ ਅਤੇ ਇਹ ਤਾੜਨਾ ਕਰਦੇ ਹਾਂ ਕਿ ਇਸ ਪਵਿੱਤਰ ਅਸਥਾਨ 'ਤੇ ਸਰਕਾਰ ਦੀ ਦਖ਼ਲ ਅੰਦਾਜੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਾਡੇ ਧਾਰਮਿਕ ਅਸਥਾਨ ਸਾਡੇ ਸੰਤ ਮਹਾਂਪੁਰਸ਼ਾਂ ਦੀ ਸੇਵਾ ਅਧੀਨ ਵਧੀਆ ਚੱਲ ਰਹੇ ਹਨ। ਇਨ੍ਹਾਂ ਅਸਥਾਨਾਂ ਦੀ ਸਾਂਭ ਸੰਭਾਲ ਕਰਨ ਵਾਸਤੇ ਪੂਰੀ ਕੌਮ ਅਤੇ ਸਾਡੇ ਸੰਤ ਮਹਾਂਪੁਰਸ਼ ਇੱਕ ਮੰਚ ਤੇ ਇਕੱਠੇ ਹਨ।

ਉਨ੍ਹਾਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਰਸੀਵਰ ਲਗਾਉਣ ਦੀ ਜਗ੍ਹਾ ਇਸ ਅਸਥਾਨ 'ਤੇ ਆ ਰਹੇ ਮਾਰਗਾਂ ਨੂੰ ਚੌੜਾ ਕੀਤਾ ਜਾਵੇ। ਕਿਉਂਕਿ ਇੱਥੇ ਸਰਕਾਰੀ ਪ੍ਰਬੰਧ ਪੂਰੇ ਨਾ ਹੋਣ ਕਰਕੇ ਸੜਕਾਂ ਦੀ ਹਾਲਤ ਬਹੁਤ ਮਾੜੀ ਹੈ ਜੇਕਰ ਇਨ੍ਹਾਂ ਸੜਕਾਂ ਨੂੰ ਆਵਾਜਾਈ ਲਈ ਸੁਚਾਰੂ ਨਾ ਬਣਾਇਆ ਗਿਆ ਤਾਂ ਅਸੀਂ ਇਸ ਲਈ ਵੀ ਸੰਘਰਸ਼ ਕਰਾਂਗੇ। ਇਸ ਮੌਕੇ ਗੁਰੂ ਘਰ ਕਮੇਟੀ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਚ ਸੰਗਤਾਂ ਹਾਜ਼ਰ ਸਨ।

# ਪਾਕਿ 'ਚ ਹਿੰਦੂਆਂ ਨੇ IPS ਤੋਂ ਲੈ ਕੇ DSP ਤਕ ਦੇ ਅਹੁਦੇ ਕੀਤੇ ਹਾਸਿਲ

**ਅੰਮ੍ਰਿਤਸਰ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜੇਂਦਰ ਮੇਘਵਾਰ ਇੱਕ ਨੌਜਵਾਨ ਪਾਕਿਸਤਾਨੀ ਹਿੰਦੂ ਹੈ ਜਿਸ ਨੇ 2024 ਦੇ ਆਖ਼ਰੀ ਮਹੀਨੇ 'ਚ ਇਤਿਹਾਸ ਰਚ ਦਿੱਤਾ ਹੈ। ਉਹ ਪਾਕਿਸਤਾਨ ਪੁਲੀਸ ਸੇਵਾ (**PSP**) ਜਿਸ ਨੂੰ ਭਾਰਤ ਦੇ **IPS** ਦੇ ਬਰਾਬਰ ਮੰਨਿਆ ਜਾਂਦਾ ਹੈ) 'ਚ ਪਹਿਲਾ ਹਿੰਦੂ ਅਧਿਕਾਰੀ ਬਣ ਗਿਆ ਹੈ। ਕੁੱਝ ਦਿਨ ਪਹਿਲਾਂ ਜੀਓ ਨਿਊਜ਼ 'ਤੇ ਉਸ ਦੀ ਇੰਟਰਵਿਊ ਤੋਂ ਕਾਫ਼ੀ ਖ਼ੁਸ਼ੀ ਹੋਈ। ਉਹ ਸਿੰਧ ਸੂਬੇ ਨਾਲ ਸਬੰਧਤ ਹੈ ਅਤੇ ਉਸ ਨੂੰ ਪੰਜਾਬ ਸੂਬੇ ਦੇ ਫ਼ੈਸਲਾਬਾਦ ਸ਼ਹਿਰ 'ਚ ਸਹਾਇਕ ਸੁਪਰਿਨਟੈਂਡੈਂਟ ਔਫ਼ ਪੁਲੀਸ (**ASP**) ਨਿਯੁਕਤ ਕੀਤਾ ਗਿਆ ਹੈ। ਰਾਜੇਂਦਰ ਮੇਘਵਾਰ ਇੱਕ ਸੈੱਲਫ਼ਮੇਡ ਵਿਅਕਤੀ ਹੈ ਜਿਸ ਨੇ ਆਪਣੀ ਮਿਹਨਤ ਨਾਲ ਮੁਸਲਿਮ ਬਹੁਲ ਸਮਾਜ 'ਚ ਆਪਣੀ ਕਿਸਮਤ ਲਿਖੀ ਹੈ। ਉਸ ਨੇ ਆਪਣੀ ਯੋਗਤਾ ਦੇ ਆਧਾਰ 'ਤੇ **ASP** ਦਾ ਅਹੁਦਾ ਹਾਸਿਲ ਕੀਤਾ ਹੈ, ਅਤੇ ਕਿਸੇ ਨੇ ਵੀ ਉਸ ਨੂੰ ਇਸ ਅਹੁਦੇ 'ਤੇ ਨਿਯੁਕਤ ਕਰ ਕੇ ਕੋਈ ਅਹਿਸਾਨ ਨਹੀਂ ਕੀਤਾ। ਉਸ ਦੀ ਪੋਸਟਿੰਗ ਨਾ ਸਿਰਫ਼ ਪਾਕਿਸਤਾਨੀ ਹਿੰਦੂਆਂ ਲਈ ਸਗੋਂ ਉਨ੍ਹਾਂ ਪਾਕਿਸਤਾਨੀ ਮੁਸਲਮਾਨਾਂ ਲਈ ਵੀ ਚੰਗੀ ਖ਼ਬਰ ਹੈ ਜੋ ਸਿਆਸੀਕਰਣ ਕਾਰਨ ਪੁਲੀਸ 'ਚ ਆਪਣਾ ਭਰੋਸਾ ਗੁਆ ਰਹੇ ਹਨ।

ਰਾਜੇਂਦਰ ਮੇਘਵਾਰ ਪਾਕਿਸਤਾਨੀ ਹਿੰਦੂਆਂ ਲਈ ਇੱਕ ਨਵਾਂ ਰੋਲ ਮਾਡਲ ਹੈ। ਉਹ ਅਸਲ 'ਚ ਡਾ. ਸਨਾ ਰਾਮਚੰਦ ਗੁਲਵਾਨੀ ਦਾ ਅਨੁਸਰ ਕਰਦਾ ਹੈ ਜੋ ਇੱਕ ਹਿੰਦੂ ਔਰਤ ਹੈ ਜਿਹੜੀ ਪਿਛਲੇ ਸਾਲ ਪਾਕਿਸਤਾਨ ਸਿਵਲ ਪ੍ਰਸ਼ਾਸਨ 'ਚ ਸ਼ਾਮਿਲ ਹੋਈ ਸੀ। ਡਾ. ਸਨਾ ਨੂੰ ਪੰਜਾਬ ਦੇ ਹਸਨ ਅਬਦਾਲ ਸ਼ਹਿਰ ਦਾ ਸਹਾਇਕ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਸਿੰਧ ਪ੍ਰਾਂਤ 'ਚ ਵੀ ਕਈ ਹਿੰਦੂ ਪੁਲੀਸ ਅਧਿਕਾਰੀ ਹੇਠਲੇ ਰੈਂਕ 'ਤੇ ਹਨ ਜਿਨ੍ਹਾਂ 'ਚ ਪਹਿਲੀ ਮਹਿਲਾ ਹਿੰਦੂ **DSP** ਮਨੀਸ਼ਾ ਰੋਪੇਟਾ ਵੀ ਸ਼ਾਮਿਲ ਹੈ। ਦੋ ਸਾਲ ਪਹਿਲਾਂ ਕੈਲਾਸ਼ ਕੁਮਾਰ ਅਤੇ ਓਨਲ ਕੁਮਾਰ ਨੂੰ ਪਾਕਿਸਤਾਨੀ ਫ਼ੌਜ 'ਚ ਮੇਜਰ ਦੇ ਰੈਂਕ ਤੋਂ ਲੈਫ਼ਟੀਨੈਂਟ ਕਰਨਲ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਸੀ। ਪਾਕਿਸਤਾਨ ਮਿਲਟਰੀ ਅਕੈਡਮੀ 'ਚ ਹਿੰਦੂ ਕੈਡਿਟਾਂ ਦੀ ਭਰਤੀ 2005 'ਚ ਓਦੋਂ ਸ਼ੁਰੂ ਹੋਈ ਸੀ ਜਦੋਂ ਜਨਰਲ ਪਰਵੇਜ਼ ਮੁਸ਼ੱਰਫ਼ ਸੱਤਾ 'ਚ ਸਨ। ਇਸ ਤੋਂ ਪਹਿਲਾਂ ਹਿੰਦੂ ਸਿਰਫ਼ ਮੈਡੀਕਲ ਕੋਰ ਦਾ ਹਿੱਸਾ ਸਨ। ਹੁਣ ਬਹੁਤ ਸਾਰੇ ਹਿੰਦੂ ਪਾਕਿਸਤਾਨੀ ਫ਼ੌਜ ਦੀ ਲੜਾਈ ਕੋਰ ਦਾ ਹਿੱਸਾ ਹਨ।

ਜਸਟਿਸ ਸੁਮਨ ਕੁਮਾਰੀ ਪਹਿਲੀ ਮਹਿਲਾ ਪਾਕਿਸਤਾਨੀ ਹਿੰਦੂ ਜੱਜ ਹੈ ਜੋ 2019 ਤੋਂ ਕਮਰ ਸ਼ਾਹਦਾਦਕੋਟ ਸਿੰਧ 'ਚ ਇੱਕ ਸਿਵਲ ਜੱਜ ਵਜੋਂ ਸੇਵਾ ਕਰ ਰਹੀ ਹੈ। ਹਾਲਾਂਕਿ ਉਨ੍ਹਾਂ ਤੋਂ ਪਹਿਲਾਂ ਜਸਟਿਸ ਰਾਣਾ ਭਗਵਾਨਦਾਸ 2007 'ਚ ਥੋੜ੍ਹੇ ਸਮੇਂ ਲਈ ਪਾਕਿਸਤਾਨ ਦੇ ਚੀਫ਼ ਜਸਟਿਸ ਸਨ। 2009 'ਚ ਉਨ੍ਹਾਂ ਨੂੰ ਪਾਕਿਸਤਾਨ ਦੇ ਸੁਪਰੀਮ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਰੋਹਿਤ ਭਾਗਵਤ ਪਾਕਿਸਤਾਨ ਦੇ ਸਭ ਤੋਂ ਵੱਡੇ ਅੰਗਰੇਜ਼ੀ ਅਖ਼ਬਾਰ ਡਾਅਨ 'ਚ ਇੱਕ ਕਾਰਟੂਨਿਸਟ ਹਨ। ਉਹ ਜਵਾਨ ਅਤੇ ਸਾਹਸੀ ਹਨ ਅਤੇ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਲਈ ਹਮੇਸ਼ਾ ਖੜ੍ਹੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਕਾਰਟੂਨ ਬਹੁਤ ਘੱਟ ਸਮੇਂ 'ਚ ਪੂਰੇ ਪਾਕਿਸਤਾਨ 'ਚ ਮਸ਼ਹੂਰ ਹੋ ਗਏ ਹਨ।

ਅਨਿਲ ਦਲਪਤ ਅਤੇ ਦਾਨਿਸ਼ ਕਨੇਰੀਆ ਪਾਕਿਸਤਾਨ ਕ੍ਰਿਕਟ ਟੀਮ ਲਈ ਖੇਡ ਚੁੱਕੇ ਹਨ। ਉਨ੍ਹਾਂ ਦੋਵਾਂ ਨੂੰ ਅਪਵਾਦ ਮੰਨਿਆ ਜਾਂਦਾ ਸੀ, ਪਰ ਮੌਜੂਦਾ ਸਮੇਂ 'ਚ ਵੱਖ-ਵੱਖ ਖੇਤਰਾਂ ਤੋਂ ਪਹਿਲੇ ਦਰਜੇ ਦੀ ਕ੍ਰਿਕਟ ਖੇਡ ਰਹੇ ਬਹੁਤ ਸਾਰੇ ਨੌਜਵਾਨ ਹਿੰਦੂ ਹਨ, ਅਤੇ ਆਉਣ ਵਾਲੇ ਸਾਲਾਂ 'ਚ ਉਨ੍ਹਾਂ 'ਚੋਂ ਕੁੱਝ ਨੂੰ ਰਾਸ਼ਟਰੀ ਟੀਮ 'ਚ ਆਪਣੀ ਜਗ੍ਹਾ ਮਿਲ ਜਾਵੇ ਤਾਂ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਹੁਣ ਰਾਜਨੀਤੀ ਵੱਲ ਆਉਂਦੇ ਹਾਂ। ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਨੇ 1947 'ਚ ਇੱਕ ਹਿੰਦੂ ਜੋਗਿੰਦਰ ਨਾਥ ਮੰਡਲ ਨੂੰ ਪਾਕਿਸਤਾਨ ਦਾ ਪਹਿਲਾ ਕਾਨੂੰਨ ਮੰਤਰੀ ਨਿਯੁਕਤ ਕੀਤਾ ਸੀ। ਮੰਡਲ ਨੂੰ ਕਸ਼ਮੀਰ ਮਾਮਲਿਆਂ ਦੇ ਮੰਤਰਾਲੇ ਦਾ ਚਾਰਜ ਵੀ ਦਿੱਤਾ ਗਿਆ ਸੀ। ਉਹ ਜਿਨਾਹ ਦੇ ਬਹੁਤ ਨੇੜੇ ਸੀ, ਪਰ ਜਿਨਾਹ ਦੀ ਮੌਤ ਤੋਂ ਬਾਅਦ ਇਸ ਬੰਗਾਲੀ ਹਿੰਦੂ ਨੂੰ 1950 'ਚ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਉਹ ਕਾਨੂੰਨ ਮੰਤਰੀ ਸੀ, ਪਰ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) 'ਚ ਕੁੱਝ ਦੰਗਿਆਂ ਤੋਂ ਬਾਅਦ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕੀਤੇ ਗਏ ਸਨ। ਇਸ ਕਾਰਨ ਉਨ੍ਹਾਂ ਨੂੰ ਭਾਰਤ ਭੇਜ ਦਿੱਤਾ ਗਿਆ। ਬਹੁਤ ਸਾਰੇ ਪਾਕਿਸਤਾਨੀ ਹਿੰਦੂ ਉਸ ਦੀ ਭਾਰਤ ਵਾਪਸੀ ਤੋਂ ਨਿਰਾਸ਼ ਹੋ ਗਏ ਸਨ, ਅਤੇ ਇੱਕ ਲੰਬੇ ਸਮੇਂ ਤਕ ਉਨ੍ਹਾਂ ਨੇ ਪਾਕਿਸਤਾਨ ਦੀ ਮੁੱਖ ਧਾਰਾ ਦੀ ਰਾਜਨੀਤੀ ਦਾ ਹਿੱਸਾ ਬਣਨ ਦੀ ਕੋਸ਼ਿਸ਼ ਨਹੀਂ ਕੀਤੀ। ਪਾਕਿਸਤਾਨ ਪੀਪਲਜ਼ ਪਾਰਟੀ ਨੇ ਫ਼ਿਰ ਹਿੰਦੂਆਂ ਨੂੰ ਉਤਸਾਹਿਤ ਕਰਨਾ ਸ਼ੁਰੂ ਕਰ ਦਿੱਤਾ। **PPP** ਨੇ 2018 'ਚ ਹਿੰਦੂ ਸਿਆਸਤਦਾਨ ਮਹੇਸ਼ ਮਲਾਨੀ ਨੂੰ ਟਿਕਟ ਦਿੱਤੀ ਸੀ। ਉਹ ਮੁਸਲਿਮ ਬਹੁਲ ਜਨਰਲ ਸੀਟ ਤੋਂ ਚੋਣ ਜਿੱਤ ਕੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ (ਹੇਠਲੇ ਸਦਨ) ਲਈ ਪਹਿਲੇ ਚੁਣੇ ਗਏ ਹਿੰਦੂ ਮੈਂਬਰ ਬਣੇ। ਓਦੋਂ **PPP** ਨੇ ਪਾਕਿਸਤਾਨ ਦੀ ਸੈਨੇਟ 'ਚ ਜਨਰਲ ਸੀਟ ਤੋਂ ਕ੍ਰਿਸ਼ਨਾ ਕੁਮਾਰੀ ਨੂੰ ਟਿਕਟ ਦਿੱਤੀ ਸੀ। ਉਹ 2018 'ਚ ਇੱਕ ਜਨਰਲ ਸੀਟ 'ਤੇ ਚੁਣੀ ਜਾਣ ਵਾਲੀ ਪਹਿਲੀ ਮਹਿਲਾ ਹਿੰਦੂ ਸੈਨੇਟਰ ਬਣ ਗਈ ਸੀ। ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਅਤੇ ਸੈਨੇਟ ਦੀਆਂ ਕੁੱਝ ਸੀਟਾਂ ਘੱਟ-ਗਿਣਤੀਆਂ ਲਈ ਰਾਖਵੀਆਂ ਹਨ। ਇਨ੍ਹਾਂ ਰਾਖਵੀਆਂ ਸੀਟਾਂ 'ਤੇ ਪੰਜ ਹਿੰਦੂ ਨੈਸ਼ਨਲ ਅਸੈਂਬਲੀ ਅਤੇ ਤਿੰਨ ਹਿੰਦੂ ਸੈਨੇਟ ਮੈਂਬਰ ਹਨ।

## ਪੰਜਾਬ ਸਰਕਾਰ ਦਾ ਭੂਮੀ ਸੁਧਾਰ ਲਈ ਉਪਰਾਲਾ

**ਮਲੇਰਕੋਟਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਭੂਮੀ ਸੁਧਾਰ ਲਈ ਇੱਕ ਵੱਡਾ ਉਪਰਾਲਾ ਕੀਤਾ ਗਿਆ ਹੈ। ਇਸ ਉਪਰਾਲੇ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵੱਧ ਪੀ.ਐਚ. ਵਾਲੀਆਂ ਖੇਤੀ ਜ਼ਮੀਨਾਂ ਨੂੰ ਸਿਹਤਯਾਬ ਕਰਨ ਲਈ ਸਬਸੀਡੀ ਤੇ ਜਿਪਸਮ ਉਪਲਬੱਧ ਕਾਰਵਾਈ ਜਾ ਰਹੀ ਹੈ ।ਇਹ ਜਾਣਕਾਰੀ ਖੇਤੀਬਾੜੀ ਅਫ਼ਸਰ ਡਾ. ਕੁਲਵੀਰ ਸਿੰਘ ਨੇ ਦਿੱਤੀ।

ਖੇਤੀਬਾੜੀ ਅਫ਼ਸਰ ਡਾ. ਕੁਲਵੀਰ ਸਿੰਘ ਨੇ ਦੱਸਿਆ ਕਿ ਮਿੱਟੀ ਵਿੱਚ ਕੈਲਸ਼ੀਅਮ ਅਤੇ ਸਲਫਰ ਤੱਤ ਦੀ ਮਾਤਰਾ ਵਿੱਚ ਵਾਧਾ ਕਰਨ ਲਈ ਜਿਪਸਮ ਇੱਕ ਸਸਤਾ ਸਰੋਤ ਹੈ।ਇਸ ਨਾਲ ਮਿੱਟੀ ਦੀ ਬਣਤਰ ਅਤੇ ਪਾਣੀ ਜੀਰਨ ਦੀ ਸਮਰੱਥਾ ਵਿੱਚ ਵੀ ਸੁਧਾਰ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਜਿੰਨਾ ਕਿਸਾਨਾਂ ਦੀਆਂ ਜਮੀਨਾਂ ਵਿੱਚ ਕੱਲਰ ਜਾਂ ਜੋ ਜਮੀਨਾ ਅਲਕਲਾਈਨ ਨੇਚਰ ਦੀਆਂ ਹਨ ਉਹ ਕਿਸਾਨ ਮਹਿਕਮੇ ਕੋਲ ਮਿੱਟੀ ਚੈੱਕ ਕਰਵਾ ਕੇ ਜ਼ਰੂਰਤ ਅਨੁਸਾਰ ਜਿਪਸਮ ਦੀ ਵਰਤੋਂ ਕਰਕੇ ਜ਼ਮੀਨ ਸਿਹਤ ਸੁਧਾਰਨ ਦਾ ਕੰਮ ਕਰ ਸਕਦੇ ਹਨ।

ਉਨ੍ਹਾਂ ਹੋਰ ਦੱਸਿਆ ਕਿ ਸੀਜਨ ਹਾੜ੍ਹੀ 2024-25 ਦੌਰਾਨ 50 ਫ਼ੀਸਦੀ ਸਬਸਿਡੀ ਤੇ ਜਿਪਸਮ ਉਪਲਬਧ ਕਰਵਾਇਆ ਜਾ ਰਿਹਾ ਹੈ ,ਚਾਹਵਾਨ ਕਿਸਾਨ ਸਬਸਿਡੀ ਤੇ ਜਿਪਸਮ ਲੈਣ ਲਈ agrimachinerypb.com ਪੋਰਟਲ ਉੱਪਰ ਆਨਲਾਈਨ ਅਪਲਾਈ ਕਰ ਸਕਦੇ ਹਨ । ਉਨ੍ਹਾਂ ਹੋਰ ਦੱਸਿਆ ਕਿ ਇੱਕ ਕਿਸਾਨ ਵੱਧ ਤੋਂ ਵੱਧ 25 ਥੈਲੇ (50ਕਿਲੋਗ੍ਰਾਮ) ਸਬਸਿਡੀ ਕੱਟ ਕੇ ਰੇਟ 205 ਰੁਪਏ ਪ੍ਰਤੀ ਥੈਲਾ ਲੈ ਸਕਦਾ ਹੈ । ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਚਾਹਵਾਨ ਕਿਸਾਨ,ਨੇੜਲੇ ਖੇਤੀਬਾੜੀ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

# ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਅੱਗੇ ਚੁੱਕਿਆ ਰੂਸ 'ਚ ਫ਼ਸੇ ਭਾਰਤੀਆਂ ਦਾ ਮਾਮਲਾ

**ਚੰਡੀਗੜ੍ਹ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਭਾਰਤੀ ਨੌਜਵਾਨਾਂ ਨੂੰ ਸੁਰੱਖਿਅਤ ਵਾਪਿਸ ਲਿਆਉਣ ਦੀ ਮੰਗ ਨੂੰ ਵਿਦੇਸ਼ ਮੰਤਰਾਲੇ ਕੋਲ ਸੰਜੀਦਗੀ ਨਾਲ ਉਠਾਇਆ। ਉਨ੍ਹਾਂ ਨੇ ਪਾਰਲੀਮੈਂਟ ਦੇ ਚੱਲ ਰਹੇ ਸਰਦ ਰੁੱਤ ਦੇ ਸ਼ੈਸ਼ਨ ਦੌਰਾਨ ਵਿਦੇਸ਼ ਮੰਤਰਾਲੇ ਨੂੰ ਇੱਕ ਪੱਤਰ ਸੌਂਪਦਿਆ ਹੋਇਆ ਮੰਗ ਕੀਤੀ ਕਿ ਅਜੇ ਵੀ ਰੂਸ ਤੇ ਯੂਕ੍ਰੇਨ 'ਚ ਚੱਲ ਰਹੇ ਯੁੱਧ ਦੌਰਾਨ ਕਈ ਭਾਰਤੀ ਹਾਲੇ ਵੀ ਰੂਸੀ ਫ਼ੌਜ 'ਚ ਫ਼ਸੇ ਹੋਏ ਹਨ ਜਿਨ੍ਹਾਂ 'ਤੇ ਹਰ ਵੇਲੇ ਮੌਤ ਦਾ ਖ਼ਤਰਾ ਬਣਿਆ ਹੋਇਆ ਹੈ।

ਸੰਤ ਸੀਚੇਵਾਲ ਵਲੋਂ ਸੌਂਪੇ ਪੱਤਰ ਨਾਲ 10 ਨੌਜਵਾਨਾਂ ਦੀ ਇੱਕ ਸੂਚੀ ਵੀ ਸੀ ਜੋ ਅਜੇ ਵੀ ਉੱਥੇ ਮਜਬੂਰਨ ਰੂਸੀ ਫ਼ੌਜ ਲਈ ਕੰਮ ਕਰ ਰਹੇ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਇਹ ਨੌਜਵਾਨ ਤਾਂ ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ ਗਏ ਸੀ ਪਰ ਠੱਗ ਟਰੈਵਲ ਏਜੰਟਾਂ ਵਲੋਂ ਇਨ੍ਹਾਂ ਨੂੰ ਨੌਜਵਾਨਾਂ ਨੂੰ ਧੋਖੇ ਤੇ ਗੁੰਮਰਾਹ ਕਰ ਕੇ ਰੂਸੀ ਫ਼ੌਜ 'ਚ ਭਰਤੀ ਕਰਵਾ ਦਿੱਤਾ ਗਿਆ।ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੇ 10 ਨੌਜਵਾਨਾਂ ਦੀ ਉਨ੍ਹਾਂ **ਵਲੋਂ** ਸੂਚੀ ਦਿੱਤੀ ਗਈ ਹੈ ਇਸਤੋਂ ਇਲਾਵਾ ਵੀ ਉੱਥੇ ਹਾਲੇ ਹੋਰ ਵੀ ਨੌਜਵਾਨ ਰੂਸੀ ਫ਼ੌਜ 'ਚ ਹਨ ਜਿਨ੍ਹਾਂ ਬਾਰੇ ਕੁੱਝ ਵੀ ਨਹੀਂ ਪਤਾ ਲੱਗ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਆਪਣੇ ਤੁਰੰਤ ਪ੍ਰਭਾਵਾਂ ਦੀ ਵਰਤੋਂ ਕਰਦੇ ਹੋਏ ਰਹਿੰਦੇ ਭਾਰਤੀਆਂ ਨੂੰ ਵੀ ਜਲਦ ਤੋਂ



ਜਲਦੀ ਸੁਰੱਖਿਅਤ ਵਾਪਿਸ ਲਿਆਂਦਾ ਜਾਵੇ। ਜ਼ਿਕਰਯੋਗ ਹੈ ਕਿ ਬੀਤੇ ਦਿਨੀ ਰਾਕੇਸ਼ ਯਾਦਵ ਜਿਸ ਦੀ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਸਦਕਾ ਘਰ ਵਾਪਸੀ ਹੋਈ ਸੀ, ਉਸ ਵਲੋਂ ਬੜੀ ਦਰਦਭਰੀ ਹੱਡਬੀਤੀ ਦੱਸੀ ਗਈ ਸੀ। ਵਿਦੇਸ਼ ਮੰਤਰਾਲੇ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਪੱਤਰ ਦਾ ਤੁਰੰਤ ਜਵਾਬ ਦਿੰਦਿਆਂ ਦੱਸਿਆ ਕਿਹਾ ਕਿ ਭਾਰਤ ਸਰਕਾਰ ਇਨ੍ਹਾਂ ਨੌਜਵਾਨਾਂ ਨੂੰ ਵਤਨ ਵਾਪਿਸ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ।ਭਾਰਤੀ ਦੂਤਾਵਾਸ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਵਲੋਂ ਇਸ ਮਾਮਲੇ ਨੂੰ ਪਹਿਲ ਦਿੱਤੀ ਹੈ ਅਤੇ ਜਲਦੀ ਹੱਲ ਲਈ ਸਰਗਰਮੀ ਨਾਲ ਪੈਰਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੇਰਵੇ ਪ੍ਰਾਪਤ ਹੋਣ 'ਤੇ ਦੂਤਾਵਾਸ ਦੁਆਰਾ ਤੁਰੰਤ ਕਾਰਵਾਈ ਸ਼ੁਰੂ ਕੀਤੀ ਗਈ ਸੀ। ਬੀਤੇ ਦਿਨੀ ਪਾਰਲੀਮੈਂਟ ਦੇ ਚੱਲ ਰਹੇ ਸ਼ੈਸ਼ਨ ਦੌਰਾਨ ਵੀ ਸਦਨ 'ਚ ਵਿਦੇਸ਼ ਰਾਜ ਮੰਤਰੀ ਕੀਰਤੀਵਰਧਨ ਵਲੋਂ ਵੀ ਕਿਹਾ ਗਿਆ ਹੈ ਕਿ 19 ਭਾਰਤੀ ਹਾਲੇ ਵੀ ਰੂਸੀ ਸੈਨਾ 'ਚ ਤਾਇਨਾਤ ਹਨ।**ਠੱਗ ਏਜੰਟਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ**: ਸੰਤ ਸੀਚੇਵਾਲ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਗਿਰੋਹ 'ਚ ਸ਼ਾਮਿਲ ਏਜੰਟਾਂ ਤੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਹੱਕ ਦੀ ਕਮਾਈ ਦਿਵਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਏਜੰਟਾਂ ਨਾ ਕੇਵਲ ਭਾਰਤੀ ਨੌਜਵਾਨਾਂ ਨੂੰ ਰਸ਼ੀਅਨ ਆਰਮੀ 'ਚ ਜਬਰਨ ਭਾਰਤੀ ਕਰਵਾਇਆ ਸਗੋਂ ਉੱਥੋਂ ਮਿਲਣ ਵਾਲੀ ਤਨਖਾਹ ਅਤੇ ਮੁਆਵਜ਼ੇ ਦੀ ਰਕਮ ਨੂੰ ਉਨ੍ਹਾਂ ਦੇ ਖਾਤਿਆਂ 'ਚੋਂ ਕੱਢਵਾ ਲਿਆ ਹੈ ਜਿਸ ਦੀ ਜਾਣਕਾਰੀ ਵਾਪਿਸ ਪਰਤੇ ਰਾਕੇਸ਼ ਯਾਦਵ ਵਲੋਂ ਦਿੱਤੀ ਗਈ। ਰਾਕੇਸ਼ ਨੇ ਦੱਸਿਆ ਕਿ ਉਸ ਦੇ ਖਾਤੇ 'ਚ 45 ਲੱਖ ਦੇ ਕਰੀਬ ਦੀ ਰਕਮ ਏਜੰਟਾਂ ਵਲੋਂ ਕਢਵਾ ਲਈ ਗਈ ਜੋ ਉਸ ਨੂੰ ਆਰਮੀ 'ਚ ਰਹਿੰਦਿਆਂ ਤਨਖਾਹ ਤੇ ਸੱਟ ਦੌਰਾਨ ਸਰਕਾਰ ਵਲੋਂ ਦਿੱਤਾ ਗਿਆ ਮੁਆਵਜ਼ਾ ਵਜੋਂ ਮਿਲੀ ਸੀ।

## ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ਦੇ ਮੌਸਮ 'ਚ ਲੋਕ ਪੂਰੀ ਅਹਿਤਿਆਤ ਵਰਤਣ: ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਂਦੇ ਦਿਨਾਂ ਵਿਚ ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ 'ਚ ਵਾਧੇ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਠੰਡ ਦੇ ਮੌਸਮ ਦੌਰਾਨ ਪੂਰੀ ਅਹਿਤਿਆਤ ਵਰਤਣ ਤਾਂ ਜੋ ਕਿਸੇ ਵੀ ਅਣਸੁਖਾਵੀਂ ਹਾਲਤ ਤੋਂ ਬਚਿਆ ਜਾ ਸਕੇ। ਠੰਡੀਆਂ ਹਵਾਵਾਂ ਤੋਂ ਬਚਾਅ ਲਈ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਇਸ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਲੋੜੀਂਦੇ ਪ੍ਰਬੰਧ ਯਕੀਨੀ ਬਣਾ ਲੈਣੇ ਚਾਹੀਦੇ ਹਨ ਜਿਨ੍ਹਾਂ ਨੂੰ ਇਕਦਮ ਠੰਡ ਵਿਚ ਵਾਧੇ ਸਮੇਂ ਅਮਲੀ ਰੂਪ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ ਖਾਸਕਰ ਬਜ਼ੁਰਗਾਂ, ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਦੇ ਨਾਲ-ਨਾਲ ਪਸ਼ੂਆਂ, ਫ਼ਸਲਾਂ ਅਤੇ ਹੋਰ ਵਸਤੂਆਂ ਦੀ ਸੰਭਾਲ ਨੂੰ ਤਰਜ਼ੀਹ ਦੇਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਠੰਡ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ ਅਤੇ ਆਪਣੇ ਘਰਾਂ ਆਦਿ ਵਿਚ ਵੀ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਤਿਆਰੀ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਠੰਡ ਕਾਰਨ ਕੋਈ ਸਰੀਰਕ ਸਮੱਸਿਆ ਪੇਸ਼ ਆਉਂਦੀ ਹੈ ਤਾਂ ਫੌਰੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਧੁੰਦ ਦੇ ਮੌਸਮ ਦੌਰਾਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖਣ ਦੇ ਨਾਲ-ਨਾਲ ਗੱਡੀਆਂ ਦੀਆਂ ਲਾਈਟਾਂ ਅਤੇ ਇਸ਼ਾਰੇ ਪੂਰੀ ਤਰ੍ਹਾਂ ਕੰਮ ਕਰਦੇ ਰੱਖਣੇ ਚਾਹੀਦੇ ਹਨ ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬਾਇਲ ਦੀ ਵਰਤੋਂ ਅਤੇ ਓਵਰਟੇਕਿੰਗ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦਿਆਂ ਹਮੇਸ਼ਾ ਸੁਰੱਖਿਅਤ ਡਰਾਈਵਿੰਗ ਵੱਲ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਠੰਡੀਆਂ ਹਵਾਵਾਂ ਦੌਰਾਨ ਪਸ਼ੂਆਂ ਦਾ ਵੀ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਬੰਨਣ ਵਾਲੀ ਥਾਂ 'ਤੇ ਠੰਡੀਆਂ ਹਵਾਵਾਂ ਦੀ ਰੋਕਥਾਮ ਲਈ ਢੁੱਕਵੇਂ ਇੰਤਰਾਜ ਰੱਖਣੇ ਚਾਹੀਦੇ ਹਨ।

# ਅਮਰੀਕਾ 'ਚ 18 ਹਜ਼ਾਰ ਭਾਰਤੀਆਂ 'ਤੇ ਲਟਕੀ ਦੇਸ਼ ਨਿਕਾਲੇ ਦੀ ਤਲਵਾਰ



**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ 'ਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਕਰੀਬ 18 ਹਜ਼ਾਰ ਭਾਰਤੀਆਂ ਨੂੰ ਜਲਦ ਹੀ ਆਪਣੇ ਦੇਸ਼ ਪਰਤਣਾ ਪੈ ਸਕਦਾ ਹੈ। ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ (**ICE**) ਦੀ ਤਾਜ਼ਾ ਰਿਪੋਰਟ ਮੁਤਾਬਿਕ 17 ਹਜ਼ਾਰ 940 ਭਾਰਤੀ ਉਨ੍ਹਾਂ 14.45 ਲੱਖ ਲੋਕਾਂ 'ਚ ਸ਼ਾਮਿਲ ਹਨ ਜਿਨ੍ਹਾਂ ਨੂੰ ਦੇਸ਼ 'ਚੋਂ ਡੀਪੋਰਟ ਕਰਨ ਦਾ ਹੁਕਮ ਦਿੱਤਾ ਗਿਆ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਦੇ ਅਗਲੇ ਮਹੀਨੇ ਅਹੁਦਾ ਸੰਭਾਲਣ ਤੋਂ ਬਾਅਦ ਦੇਸ਼-ਨਿਕਾਲੇ ਦੀ ਪ੍ਰਕਿਰਿਆ ਤੇਜ਼ ਹੋਣ ਦੀ ਸੰਭਾਵਨਾ ਹੈ। **ICE** ਨੇ ਕਿਹਾ ਹੈ ਕਿ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਦਾ ਦੇਸ਼-ਨਿਕਾਲਾ ਟਰੰਪ ਦੇ ਸਰਹੱਦੀ ਸੁਰੱਖਿਆ ਏਜੰਡੇ ਦਾ ਕੇਂਦਰ ਹੈ। ਉਨ੍ਹਾਂ ਨੇ ਆਪਣੀ ਚੋਣ ਮੁਹਿੰਮ 'ਚ ਪਰਵਾਸੀਆਂ ਦਾ ਮੁੱਦਾ ਬਾਰ-ਬਾਰ ਉਠਾਇਆ ਸੀ।

ਰਿਪੋਰਟ ਮੁਤਾਬਿਕ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਮਾਮਲੇ 'ਚ ਭਾਰਤ 13ਵੇਂ ਨੰਬਰ 'ਤੇ ਹੈ। ਨਵੰਬਰ 2024 'ਚ ਜਾਰੀ ਦੇ ਅੰਕੜਿਆਂ ਅਨੁਸਾਰ 17 ਹਜ਼ਾਰ 940 ਭਾਰਤੀਆਂ ਨੂੰ ਏਜੰਸੀ ਦੀ ਗ਼ੈਰ-ਹਿਰਾਸਤ ਵਾਲੀ ਸੂਚੀ 'ਚ ਸੂਚੀਬੱਧ ਕੀਤਾ ਗਿਆ ਹੈ। ਇਸ 'ਚ ਉਹ ਲੋਕ ਸ਼ਾਮਿਲ ਹਨ ਜਿਨ੍ਹਾਂ ਨੂੰ ਦੇਸ਼-ਨਿਕਾਲਾ ਦੇ ਅੰਤਿਮ ਆਦੇਸ਼ ਦਿੱਤੇ ਗਏ ਹਨ ਜੋ ਦੀ ਹਿਰਾਸਤ 'ਚ ਨਹੀਂ ਹਨ ਪਰ ਦੇਸ਼ ਨਿਕਾਲੇ ਦੇ ਆਦੇਸ਼ ਦੀ ਉਡੀਕ ਕਰ ਰਹੇ ਹਨ। ਇਸ ਰਿਪੋਰਟ 'ਚ ਖਾਸ ਗੱਲ ਇਹ ਹੈ ਕਿ ਭਾਰਤ ਨੂੰ ਦੇਸ਼ ਨਿਕਾਲੇ ਦੀ ਪ੍ਰਕਿਰਿਆ 'ਚ ਨਾ-ਸਹਿਯੋਗੀ ਦੱਸਿਆ ਗਿਆ ਹੈ। ਗ਼ੈਰ-ਸਹਿਯੋਗੀ ਦੇਸ਼ਾਂ 'ਚ 15 ਦੇਸ਼ਾਂ ਦੇ ਨਾਂ ਸ਼ਾਮਿਲ ਹਨ। ਜਿਹੜੇ ਦੇਸ਼ ਆਪਣੇ ਨਾਗਰਿਕਾਂ ਦੀ ਵਾਪਸੀ ਤੋਂ ਇਨਕਾਰ ਕਰਦੇ ਹਨ ਅਤੇ ਦੇਸ਼-ਨਿਕਾਲੇ 'ਚ ਸਹਿਯੋਗ ਨਹੀਂ ਕਰਦੇ ਹਨ, ਉਨ੍ਹਾਂ ਨੂੰ ਇਸ ਸੂਚੀ 'ਚ ਸ਼ਾਮਿਲ ਕੀਤਾ ਗਿਆ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਪਿਛਲੇ ਤਿੰਨ ਸਾਲਾਂ 'ਚ ਅਮਰੀਕਾ ਦੀ ਸਰਹੱਦ 'ਤੇ ਔਸਤਨ 90 ਹਜ਼ਾਰ ਭਾਰਤੀ ਨਾਗਰਿਕ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਪਰਵਾਸੀਆਂ ਦਾ ਵੱਡਾ ਹਿੱਸਾ ਪੰਜਾਬ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ ਵਰਗੇ ਭਾਰਤੀ ਰਾਜਾਂ ਤੋਂ ਆ ਰਿਹਾ ਹੈ।

# ਅਮਰੀਕਾ, ਕੈਨੇਡਾ, UAE 'ਚ ਸੁਰੱਖਿਅਤ ਨਹੀਂ ਭਾਰਤੀ

**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵੱਡੀ ਗਿਣਤੀ 'ਚ ਭਾਰਤੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ 'ਚ ਵਸੇ ਹੋਏ ਹਨ। ਅਮਰੀਕਾ, ਕੈਨੇਡਾ, ਸਾਊਦੀ ਅਰਬ 'ਚ ਰਹਿਣਾ ਅਤੇ ਬਹੁਤ ਪੈਸਾ ਕਮਾਉਣਾ ਭਾਰਤੀਆਂ ਸਮੇਤ ਕਈ ਦੇਸ਼ਾਂ ਦੇ ਨਾਗਰਿਕਾਂ ਦਾ ਸੁਪਨਾ ਹੈ, ਪਰ ਇਹ ਸੁਪਨੇ ਜਾਨਲੇਵਾ ਵੀ ਸਾਬਤ ਹੋ ਸਕਦੇ ਹਨ। ਵਿਦੇਸ਼ਾਂ 'ਚ ਭਾਰਤੀਆਂ 'ਤੇ ਹੋਏ ਹਮਲੇ ਇਸ ਗੱਲ ਦੀ ਗਵਾਹੀ ਭਰਦੇ ਹਨ। ਸਰਕਾਰ ਨੇ ਸੰਸਦ ਨੂੰ ਸੂਚਿਤ ਕੀਤਾ ਹੈ ਕਿ ਸਾਲ 2023 'ਚ ਵੱਖ-ਵੱਖ ਦੇਸਾਂ 'ਚ 86 ਭਾਰਤੀ ਨਾਗਰਿਕਾਂ 'ਤੇ ਹਮਲੇ ਕੀਤੇ ਗਏ ਜਾਂ ਉਨ੍ਹਾਂ ਦੇ ਕਤਲ ਕਰ ਦਿੱਤੇ ਗਏ। ਇਸ 'ਚ ਜ਼ਿਆਦਾਤਰ ਹਮਲੇ ਭਾਰਤੀ ਨਾਗਰਿਕਾਂ 'ਤੇ ਅਮਰੀਕਾ 'ਚ ਹੋਏ।

ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇੱਕ ਸਵਾਲ ਦੇ ਲਿਖਤੀ ਜਵਾਬ 'ਚ ਇਹ ਅੰਕੜੇ ਸਾਂਝੇ ਕੀਤੇ। ਉਸ ਨੇ ਪਿਛਲੇ ਤਿੰਨ ਸਾਲਾਂ ਦੇ ਦੇਸ਼-ਵਾਰ ਅੰਕੜੇ ਸਾਂਝੇ ਕੀਤੇ ਜਿਸ ਅਨੁਸਾਰ 2021 'ਚ 29,2022 'ਚ 57 ਅਤੇ 2023 'ਚ 86 ਅਜਿਹੇ ਕੇਸ ਸਨ। ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ 2023 'ਚ ਅਜਿਹੇ 86 ਮਾਮਲਿਆਂ 'ਚੋਂ 12 ਅਮਰੀਕਾ 'ਚ ਹੋਏ ਜਦੋਂ ਕਿ ਕੈਨੇਡਾ, ਬ੍ਰਿਟੇਨ ਅਤੇ ਸਾਊਦੀ ਅਰਬ 'ਚ 10-10 ਮਾਮਲੇ ਹੋਏ।



ਇੱਕ ਵੱਖਰੇ ਸਵਾਲ 'ਚ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਪਿਛਲੇ ਪੰਜ ਸਾਲਾਂ ਦੌਰਾਨ ਰਾਜ-ਵਾਰ ਅਤੇ ਸਾਲ ਦੇ ਹਿਸਾਬ ਨਾਲ ਕਿੰਨੇ ਭਾਰਤੀ ਨਾਗਰਿਕਾਂ ਨੇ ਸਵੈ-ਇੱਛਾ ਨਾਲ ਆਪਣੀ ਭਾਰਤੀ ਨਾਗਰਿਕਤਾ ਤਿਆਗ ਦਿੱਤੀ ਅਤੇ ਇਸ ਦੇ ਕੀ ਕਾਰਨ ਸਨ।

ਇਸ ਸਵਾਲ ਦੇ ਜਵਾਬ 'ਚ ਉਸ ਨੇ ਕਿਹਾ, "ਮੰਤਰਾਲੇ ਕੋਲ ਉਪਲਬਧ ਜਾਣਕਾਰੀ ਅਨੁਸਾਰ ਆਪਣੀ ਭਾਰਤੀ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ (2019 ਵਿੱਚ) 144, 017, (2020 'ਚ) 85, 256, (2021 'ਚ) 1, 63, 370, (2022 'ਚ) 225, 620 ਅਤੇ (2023 'ਚ) 216, 219 ਸੀ।" ਵਿਦੇਸ਼ੀ ਨਾਗਰਿਕਤਾ ਲਈ ਭਾਰਤੀ ਨਾਗਰਿਕਤਾ ਤਿਆਗਣ ਵਾਲੇ ਲੋਕਾਂ ਦੇ ਰਾਜ-ਵਾਰ ਵੇਰਵੇ ਉਪਲਬਧ ਨਹੀਂ ਹਨ। ਹਾਲ ਹੀ 'ਚ ਨਵੰਬਰ ਦੇ ਅੰਤ 'ਚ ਤੇਲੰਗਾਨਾ ਦੇ ਖੰਮਮ ਜ਼ਿਲ੍ਹੇ ਦੇ ਇੱਕ ਨੌਜਵਾਨ ਦੀ ਅਮਰੀਕਾ 'ਚ ਇੱਕ ਗੈਸ ਸਟੇਸ਼ਨ 'ਤੇ ਬਦਮਾਸ਼ਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਨੌਜਵਾਨ ਉੱਥੇ ਕੰਮ ਕਰਦਾ ਸੀ। ਮ੍ਰਿਤਕ ਸਾਈ ਤੇਜਾ ਨੁਕਾਰਪੂ (22) ਨੂੰ ਸ਼ਿਕਾਗੋ ਨੇੜੇ ਗੈਸ ਸਟੇਸ਼ਨ 'ਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ।

## ਇੰਜੀਨੀਅਰਿੰਗ ਕਾਲਜ ਅਮਲੋਹ ਵਿਖੇ ਕਰਵਾਈ ਕਰੀਅਰ ਕਾਨਫਰੰਸ

**ਫਤਹਿਗੜ੍ਹ ਸਾਹਿਬ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾ ਹੇਠ 13 ਦਸੰਬਰ ਨੂੰ ਜ਼ਿਲ੍ਹਾ ਰੋਜ਼ਗਾਰ ਬਿਊਰੋ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਵੱਲੋਂ ਦੇਸ਼ ਭਗਤ ਯੂਨੀਵਰਸਿਟੀ ਅਧੀਨ ਆਉਂਦੇ ਇੰਜੀਨੀਅਰਿੰਗ ਕਾਲਜ, ਅਮਲੋਹ ਵਿਖੇ ਕਰੀਅਰ ਕਾਨਫਰੰਸ ਦਾ ਆਯੋਜਨ ਕੀਤਾ ਗਿਆ।

ਜ਼ਿਲ੍ਹਾ ਰੋਜਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸ੍ਰੀ ਹਰਪ੍ਰੀਤ ਸਿੰਘ ਸਿੱਧੂ ਵੱਲੋ ਜਾਣਕਾਰੀ ਦਿੱਤੀ ਗਈ ਕਿ ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸਮੇਂ ਸਮੇਂ ਤੇ ਇਹ ਕਰੀਅਰ ਕਾਨਫਰੰਸਾ ਕਰਵਾਈਆ ਜਾਂਦੀਆਂ ਹਨ ਤਾਂ ਜੋ ਸਾਡੇ ਜਿਲ੍ਹੇ ਦੇ ਵਿਦਿਆਰਥੀਆਂ ਦਾ ਸਮੇਂ ਸਿਰ ਸਹੀ ਮਾਰਗ ਦਰਸ਼ਨ ਹੋ ਸਕੇ।

ਇਸ ਮੌਕੇ ਕਰੀਅਰ ਕਾਉਂਸਲਰ ਸ੍ਰੀ ਹਰਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫਲਤਾ ਹਾਸਿਲ ਕਰਨ ਦੇ ਨੁਕਤੇ ਸਾਂਝੇ ਕੀਤੇ ਅਤੇ ਵੱਖ ਵੱਖ ਵਿਭਾਗਾਂ ਦੀਆਂ ਸਵੈ ਰੋਜਗਾਰ ਨਾਲ ਸਬੰਧਤ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਟ੍ਰੇਨਿੰਗ ਅਤੇ ਪਲੇਸਮੈਂਟ ਅਫਸਰ ਪੂਜਾ ਅਤੇ ਜਿਲ੍ਹਾ ਗਾਇਡੈਂਸ ਕਾਊਂਸਲਰ (ਸਕੂਲ) ਸ੍ਰੀ ਦੀਪਕ ਕੁਮਾਰ ਨੇ ਪ੍ਰਾਰਥੀਆਂ ਨੂੰ ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਦੀਆਂ ਸੁਵਿਧਾਵਾਂ ਦਾ ਲਾਭ ਲੈਣ ਦੀ ਅਪੀਲ ਕੀਤੀ।

ਦੇਸ਼ ਭਗਤ ਯੂਨੀਵਰਸਿਟੀ ਅਧੀਨ ਇੰਜੀਨੀਅਰਿੰਗ ਕਾਲਜ, ਅਮਲੋਹ, ਦੇ ਡੀਨ-ਕਮ-ਵਾਇਸ ਪ੍ਰਧਾਨ ਸ਼੍ਰੀ ਹਰਸ਼ ਸਦਾਵਰਤੀ ਨੇ ਜਾਣਕਾਰੀ ਦਿੱਤੀ ਕਿ ਕਰੀਅਰ ਕਾਨਫਰੰਸ ਕਰਵਾਉਣ ਵਿੱਚ ਸ਼੍ਰੀ ਗੁਰਜੀਤ ਸਿੰਘ ਪੰਧੇਰ, ਐਚਓਡੀ, ਕੰਪਿਊਟਰ ਸਾਇੰਸ ਐਪਲੀਕੇਸ਼ਨ ਦਾ ਵਿਸ਼ੇਸ਼ ਯੋਗਦਾਨ ਹੈ ਜਿਸ ਦੇ ਨਾਲ ਹੀ ਉਹਨਾਂ ਨੇ ਰੋਜਗਾਰ ਦਫਤਰ ਦੀ ਪੂਰੀ ਟੀਮ ਦਾ ਤਹਿ ਦਿਲੋ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਹੋ ਜਿਹੇ ਪ੍ਰੋਗਰਾਮ ਕਰਵਾਉਣ ਲਈ ਕਿਹਾ।

# ਸੰਜੇ ਦੱਤ ਵੱਲੋਂ ਸਿਆਸਤ 'ਚ ਆਉਣ ਤੋਂ ਇਨਕਾਰ

**ਅੰਮ੍ਰਿਤਸਰ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੌਲੀਵੁੱਡ ਅਦਾਕਾਰ ਕਲਾਕਾਰ ਸੰਜੈ ਦੱਤ ਨੇ ਸਿਆਸਤ ਵਿੱਚ ਆਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਉਹ ਅੱਜ ਇੱਥੇ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਸਨ। ਉਹ ਇੱਥੇ ਆਪਣੀ ਇੱਕ ਫਿਲਮ ਦੀ ਸ਼ੂਟਿੰਗ ਦੇ ਸਬੰਧ ਵਿੱਚ ਆਏ ਹੋਏ ਹਨ। ਹਰਿਮੰਦਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਸਿਆਸਤ ਵਿੱਚ ਸ਼ਾਮਲ ਹੋਣ ਸਬੰਧੀ ਸਵਾਲ ਪੁੱਛਿਆ ਤਾਂ ਉਨ੍ਹਾਂ ਹੱਥ ਜੋੜਦਿਆਂ ਕਿਹਾ ਕਿ ਮੈਨੂੰ ਮੁਆਫ਼ ਕਰੋ। ਦੱਸਣਯੋਗ ਹੈ ਕਿ ਸੰਜੈ ਦੱਤ ਤੇ ਪਿਤਾ ਮਰਹੂਮ ਸੁਨੀਲ ਦੱਤ ਅਤੇ ਉਨ੍ਹਾਂ ਦੀ ਭੈਣ ਦੋਵੇਂ ਹੀ ਸੰਸਦ ਮੈਂਬਰ ਰਹਿ ਚੁੱਕੇ ਹਨ।

ਸੰਜੈ ਦੱਤ ਨਾਲ, ਯਾਮੀ ਗੌਤਮ, ਨਿਰਦੇਸ਼ਕ ਅਦਿਤਿਆਧਰ ਤੇ ਹੋਰਨਾਂ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਯਾਮੀ ਅਤੇ ਅਦਿਤਿਆ ਨਾਲ ਉਨ੍ਹਾਂ ਦਾ ਨਵ-ਜੰਮਿਆ ਪੁੱਤਰ ਅਤੇ



ਪਰਿਵਾਰ ਵੀ ਸੀ।

ਫ਼ਿਲਹਾਲ ਫਿਲਮ ਦੇ ਨਾਮ ਦਾ ਐਲਾਨ ਨਹੀਂ ਕੀਤਾ ਗਿਆ। ਹਰਿਮੰਦਰ ਸਾਹਿਬ ਨਤਮਸਤਕ ਹੋਣ ਸਮੇਂ ਫਿਲਮ ਕਲਾਕਾਰ ਸੰਜੇ ਦੱਤ ਨੇ ਕਿਹਾ ਕਿ ਉਸ ਨੂੰ ਗੁਰੂ ਘਰ ਨਤਮਸਤਕ ਹੋ ਕੇ ਬੜਾ ਚੰਗਾ ਲੱਗਾ ਹੈ। ਉਨ੍ਹਾਂ ਨੇ ਪੰਜਾਬ ਨੂੰ ਸਾਡਾ ਪੰਜਾਬ ਕਿਹਾ। ਪੰਜਾਬੀ ਵਿੱਚ ਬੋਲਣ ਦਾ ਯਤਨ ਕਰਦਿਆਂ ਉਨ੍ਹਾਂ ਕਿਹਾ ਕਿ ਮੈਨੂੰ ਇੱਥੇ ਆਉਣਾ ਪਸੰਦ ਹੈ। ਫਿਲਮ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਐਕਸ਼ਨ ਅਤੇ ਰੋਮਾਂਚ ਭਰਪੂਰ ਫਿਲਮ ਹੈ ਅਤੇ ਲੋਕਾਂ ਨੂੰ ਪਸੰਦ ਆਵੇਗੀ। ਸ਼ਹਿਰ ਵਿੱਚ ਖਾਣ-ਪੀਣ ਵਾਲੀਆਂ ਚੀਜ਼ਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੈਂ ਲੱਸੀ ਪੀਤੀ ਹੈ, ਪਨੀਰ ਦੇ ਟਿੱਕੇ ਅਤੇ ਕਚੌਰੀ ਖਾਧੀ ਹੈ। ਉਨ੍ਹਾਂ ਕਿਹਾ ਕਿ ਉਹ ਜਲੇਬੀ ਖਾਣਾ ਚਾਹੁੰਦੇ ਹਨ। ਇਸ ਦੌਰਾਨ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਵੀ ਫਿਲਮ ਕਲਾਕਾਰ ਸੰਜੇ ਦੱਤ ਨਾਲ ਮੁਲਾਕਾਤ ਕੀਤੀ ਹੈ।

## ਸੰਪਾਦਕੀ

# ਮਨੁੱਖੀ ਹੱਕ ਅਤੇ ਭਾਰਤ ’ਚ ਕਿਰਤੀਆਂ ਦੇ ਹਾਲਾਤ

ਸੰਯੁਕਤ ਰਾਸ਼ਟਰ ਦੀ ਪੈਰਿਸ ਵਿੱਚ ਹੋਈ ਜਨਰਲ ਅਸੈਂਬਲੀ ਵਿੱਚ ਵਿਸ਼ਵਵਿਆਪੀ ਐਲਾਨਨਾਮਾ 10 ਦਸੰਬਰ 1948 ਨੂੰ ਪਾਸ ਕੀਤਾ ਗਿਆ। ਐਲਾਨਨਾਮੇ ਦਾ ਮਕਸਦ ਮਨੁੱਖਾਂ ਦੇ ਮੁੱਢਲੇ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਸੀ। ਇਹ ਐਲਾਨਨਾਮਾ ਇਸ ਸਚਾਈ ਉੱਪਰ ਆਧਾਰਿਤ ਹੈ ਕਿ ਪੈਦਾ ਹੋਣ ਵਾਲੇ ਸਾਰੇ ਵਿਅਕਤੀ ਹਰ ਪੱਖ ਤੋਂ ਬਰਾਬਰ ਅਤੇ ਆਜ਼ਾਦ ਹੁੰਦੇ ਹਨ, ਇਸ ਲਈ ਉਹ ਬਰਾਬਰੀ ਅਤੇ ਮਾਨ ਸਨਮਾਨ ਦੇ ਹੱਕਦਾਰ ਹਨ। ਸਾਫ ਸੁਥਰੀ ਤੇ ਸੁਰੱਖਿਅਤ ਜੀਵਨ ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਉਨ੍ਹਾਂ ਦੀਆਂ ਮੁੱਢਲੀਆਂ ਨਿਊਨਤਮ ਜ਼ਰੂਰਤਾਂ ਕੁੱਲੀ, ਗੁੱਲੀ ਤੇ ਜੁੱਲੀ ਦੀ ਪ੍ਰਾਪਤੀ ਜ਼ਰੂਰੀ ਹੈ। ਇਨ੍ਹਾਂ ਦੀ ਅਣਹੋਂਦ ਜਾਂ ਕਾਣੀ ਵੰਡ ਵਿਦਰੋਹ ਨੂੰ ਜਨਮ ਦਿੰਦੀ ਹੈ। ਕੇਵਲ ਉਤਪਾਦਨ ਦੇ ਸਾਧਨਾਂ ਦੀ ਮਾਲਕੀ ਕਾਰਨ ਜ਼ਰੂਰਤ ਤੋਂ ਵੱਧ ਹੱਕ ਮਾਨਣਾ ਅਧਿਕਾਰਾਂ ਦੇ ਨਾਂ ’ਤੇ ਦੂਜਿਆਂ ਦਾ ਸ਼ੋਸ਼ਣ ਹੁੰਦਾ ਹੈ। ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਘੇਰੇ ਵਿੱਚ ਲਗਭਗ ਸਾਰੇ ਹੀ ਮਨੁੱਖੀ ਅਧਿਕਾਰ ਸ਼ਾਮਿਲ ਹਨ ਜਿਨ੍ਹਾਂ ਨੂੰ ਮੰਨਣਾ ਸਾਰੇ ਮੈਂਬਰ ਦੇਸ਼ਾਂ ਲਈ ਸੰਵਿਧਾਨਿਕ ਅਤੇ ਕਾਨੂੰਨੀ ਤੌਰ ’ਤੇ ਲਾਜ਼ਮੀ ਹੈ ਤਾਂ ਕਿ ਵਿਸ਼ਵ ਵਿੱਚ ਅਮਨ, ਕਾਨੂੰਨ, ਸ਼ਾਂਤੀ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾ ਸਕੇ। ਇਨ੍ਹਾਂ ਅਧਿਕਾਰਾਂ ਨੂੰ ਕੁੱਲ 30 ਧਾਰਾਵਾਂ ਵਿੱਚ ਵੰਡਿਆ ਗਿਆ ਹੈ। ਪਹਿਲੀਆਂ 4 ਧਾਰਾਵਾਂ ਮਨੁੱਖੀ ਆਜ਼ਾਦੀ ਅਤੇ ਭਾਈਚਾਰਕ ਬਰਾਬਰੀ ਨਾਲ ਸਬੰਧਿਤ ਹਨ। ਅਗਲੀਆਂ 5 ਤੋਂ 21 ਧਾਰਾਵਾਂ, ਬਿਨਾਂ ਕਿਸੇ ਕਾਰਨ ਨਜ਼ਰਬੰਦੀ, ਗ੍ਰਿਫਤਾਰੀ ਜਾਂ ਕੈਦ ਵਿਰੁੱਧ ਕਾਨੂੰਨੀ ਸੁਰੱਖਿਆ ਦਿੰਦੀਆਂ ਹਨ। ਆਖਿ ?ਰੀ 22 ਤੋਂ 30 ਤੱਕ ਦੀਆਂ ਧਾਰਾਵਾਂ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਅਧਿਕਾਰਾਂ ਬਾਰੇ ਹਨ। ਕੰਮ ਦਾ ਅਧਿਕਾਰ, ਵਾਜਿਬ ਮਜ਼ਦੂਰੀ, ਸਮਾਜਿਕ ਸੁਰੱਖਿਆ, ਲੋੜੀਂਦਾ ਜੀਵਨ ਪੱਧਰ, ਭੁੱਖ ਤੋਂ ਮੁਕਤੀ, ਸਿੱਖਿਆ ਅਤੇ ਸਿਹਤ ਸੇਵਾਵਾਂ ਦੀ ਪ੍ਰਾਪਤੀ ਤੋਂ ਇਲਾਵਾ ਟਰੇਡ ਯੂਨੀਅਨ ਬਣਾਉਣ ਦਾ ਅਧਿਕਾਰ ਇਸ ਵਿੱਚ ਸ਼ਾਮਿਲ ਹਨ। ਭਾਰਤ ਉਨ੍ਹਾਂ ਮੁੱਢਲੇ ਦੇਸ਼ਾਂ ਵਿੱਚੋਂ ਹੈ ਜਿਸ ਨੇ ਇਸ ਐਲਾਨਨਾਮੇ ਉੱਪਰ ਦਸਤਖ਼ਤ ਕੀਤੇ ਹਨ। 1960ਵਿਆਂ ਦੌਰਾਨ ਯੂਐੱਨਓ ਨੇ ਇਨ੍ਹਾਂ ਅਧਿਕਾਰਾਂ ਨੂੰ ਦੋ ਕੋਵੀਨੈਂਟ ਦੇ ਰੂਪ ਵਿੱਚ ਪਾਸ ਕੀਤਾ। ਪਹਿਲੇ ਵਿੱਚ ਸਿਵਿਲ ਅਧਿਕਾਰ ਤੇ ਦੂਜੇ ਵਿੱਚ ਸਮਾਜਿਕ ਅਤੇ ਆਰਥਿਕ ਅਧਿਕਾਰ ਹਨ। ਇਨ੍ਹਾਂ ਕੋਵੀਨੈਂਟਾਂ ’ਤੇ ਵੀ ਭਾਰਤ ਦੇ ਦਸਤਖ਼ਤ ਹਨ। ਭਾਰਤ ਨੇ ਮਨੁੱਖੀ ਅਧਿਕਾਰਾਂ ਦੇ ਇਸ ਐਲਾਨਨਾਮੇ ਦੀ ਤਰਜ਼ ’ਤੇ ਇਨ੍ਹਾਂ ਸਾਰੇ ਅਧਿਕਾਰਾਂ ਨੂੰ ਆਪਣੇ ਸੰਵਿਧਾਨ ਵਿੱਚ ਦਰਜ ਕੀਤਾ ਹੈ ਪਰ ਕੀ ਇਨ੍ਹਾਂ ਅਧਿਕਾਰਾਂ ਦੀ ਤਰਜਮਾਨੀ ਬਰਾਬਰੀ ਦੇ ਸਿਧਾਂਤ ਅਨੁਸਾਰ ਹੋ ਰਹੀ ਹੈ ? ਕੀ ਇਨ੍ਹਾਂ ਦੀ ਵਰਤੋਂ ਕਰਨ ਵੇਲੇ ਜਾਤ-ਪਾਤ, ਰੰਗ, ਨਸਲ, ਲਿੰਗ, ਧਰਮ ਤੋਂ ਇਲਾਵਾ ਅਮੀਰ-ਗਰੀਬ ਦਾ ਮਸਲਾ ਸਾਹਮਣੇ ਨਹੀਂ ਆਉਂਦਾ ? ਵਪਾਰਕ ਅਦਾਰਿਆਂ, ਉਦਯੋਗਾਂ ਤੇ ਵੱਡੇ ਕਾਰਪੋਰੇਟ ਘਰਾਣਿਆਂ ਜਾਂ ਕੰਪਨੀਆਂ ’ਚ ਕੰਮ ਕਰਦੇ ਕਿਰਤੀਆਂ ਤੇ ਹੋਰ ਮੁਲਾਜ਼ਮਾਂ ਅਤੇ ਦੂਜੇ ਪਾਸੇ ਸਰਮਾਏਦਾਰ ਮਾਲਕਾਂ ਲਈ ਇਹ ਅਧਿਕਾਰ ਵੱਖੋ-ਵੱਖਰੀਆਂ ਭਾਵਨਾਵਾਂ ਤੇ ਮਕਸਦ ਤਹਿਤ ਲਾਗੂ ਨਹੀਂ ਹੁੰਦੇ ? ਸੱਚ ਇਹ ਹੈ ਕਿ ਆਲਮੀ ਪੱਧਰ ’ਤੇ ਵੱਡੇ ਉਦਯੋਗਪਤੀਆਂ ਅਤੇ ਸਮੇਂ ਦੀਆਂ ਸਰਕਾਰਾਂ ਮਿਲ ਕੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਮਕਸਦ ਸਪਸ਼ਟ ਹੈ- ਇੱਕ ਧਿਰ ਵੱਧ ਤੋਂ ਵੱਧ ਮੁਨਾਫਾ ਚਾਹੁੰਦੀ ਹੈ; ਦੂਜੀ ਧਿਰ ਆਪਣੀ ਮਿਹਨਤ ਦੀ ਵਾਜਿਬ ਵਸੂਲੀ ਚਾਹੁੰਦੀ ਹੈ। 1919 ਵਿੱਚ ਕੌਮਾਂਤਰੀ ਮਜ਼ਦੂਰ ਸੰਗਠਨ ਮਜ਼ਦੂਰ ਜਮਾਤ ਦੇ ਹਿੱਤਾਂ ਦੀ ਸੁਰੱਖਿਆ, ਕਿਰਤ ਮਿਆਰਾਂ ਵਿੱਚ ਇਕਸਾਰਤਾ ਅਤੇ ਕਿਰਤੀਆਂ ਦੇ ਸੋਸ਼ਣ ਜਾਂ ਲੁੱਟ-ਖਸੁੱਟ ਬੰਦ ਕਰਵਾਉਣ ਲਈ ਹੋਂਦ ਵਿੱਚ ਆਇਆ ਸੀ। ਕੌਮਾਂਤਰੀ ਤਰਜ਼ ’ਤੇ ਭਾਰਤ ਵਿੱਚ ਵੀ ਮਜ਼ਦੂਰਾਂ ਸਬੰਧੀ ਕਾਨੂੰਨ, ਉਦਯੋਗਕ ਸੰਬੰਧ ਅਤੇ ਉਦਯੋਗਕ ਝਗੜਿਆਂ ਦੇ ਨਿਬੇੜੇ ਲਈ ਕਾਨੂੰਨ ਬਣੇ। ਇਨ੍ਹਾਂ ਕਾਨੂੰਨਾਂ ਤਹਿਤ ਮਜ਼ਦੂਰਾਂ ਦੀ ਸਿਹਤ ਸੁਰੱਖਿਆ, ਕੰਮ ਦੇ ਘੰਟੇ, ਮਜ਼ਦੂਰੀ ਦੀਆਂ ਦਰਾਂ, ਰੁਜ਼ਗਾਰ ਦੀ ਸੁਰੱਖਿਆ, ਟਰੇਡ ਯੂਨੀਅਨ ਬਣਾਉਣ ਦਾ ਅਧਿਕਾਰ, ਹੱਕਾਂ ਦੀ ਪ੍ਰਾਪਤੀ ਲਈ ਹੜਤਾਲ ਕਰਨਾ ਅਤੇ ਹੋਰ ਅਨੇਕ ਮਜ਼ਦੂਰ ਕਲਿਆਣ ਪ੍ਰੋਗਰਾਮ ਬਣਾਏ ਜਾਂਦੇ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਅਤੇ ਕਾਨੂੰਨਾਂ ਵਿੱਚ ਸਮੇਂ-ਸਮੇਂ ਅਤੇ ਜ਼ਰੂਰਤ ਅਨੁਸਾਰ ਤਬਦੀਲੀਆਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ।

1991 ਤੋਂ ਬਾਅਦ ਉਦਯੋਗਕ ਉਦਾਰੀਕਰਨ, ਨਿਜੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਤਹਿਤ ਕਾਰਪੋਰੇਟ ਖੇਤਰ ਦੇ ਵੱਡੇ ਉਦਯੋਗਪਤੀਆਂ ਅਤੇ ਸਰਮਾਏਦਾਰਾਂ ਨੇ ਸਰਕਾਰਾਂ ਨਾਲ ਮਿਲ ਕੇ ਮਜ਼ਦੂਰਾਂ ਦੇ ਅਧਿਕਾਰਾਂ ਵਾਲੇ ਕਾਨੂੰਨਾਂ ਵਿੱਚ ਸੁਧਾਰ ਦੇ ਨਾਮ ’ਤੇ ਤਬਦੀਲੀ ਸ਼ੁਰੂ ਕਰ ਦਿੱਤੀ ਜਿਹੜੀ ਅੱਜ ਵੀ ਜਾਰੀ ਹੈ। ਇਨ੍ਹਾਂ ਤਬਦੀਲੀਆਂ ਦੇ ਦੂਰਗਾਮੀ ਪ੍ਰਭਾਵ ਕੀ ਹੋਣਗੇ, ਇਸ ਦਾ ਅੰਦਾਜ਼ਾ ਲਗਾਉਣਾ ਵੀ ਸੰਭਵ ਨਹੀਂ। ਪ੍ਰਚਾਰਿਆ ਇਹ ਜਾਂਦਾ ਹੈ ਕਿ ਸੋਧਾਂ ਕਾਰੋਬਾਰ ਅਤੇ ਉਤਪਾਦਨ ਵਧਾਉਣ ਵਾਸਤੇ ਹਨ ਜਿੱਥੇ ਮਜ਼ਦੂਰਾਂ, ਮੁਲਾਜ਼ਮਾਂ ਦੇ ਹਿੱਤਾਂ ਦਾ ਪੂਰਨ ਧਿਆਨ ਰੱਖਿਆ ਜਾਵੇਗਾ; ਹਕੀਕਤ ਇਹ ਹੈ ਕਿ ਆਲਮੀ ਪੱਧਰ ’ਤੇ ਕਾਰਪੋਰੇਟ ਘਰਾਣਿਆਂ ਅਤੇ ਵੱਡੇ ਉਦਯੋਗਪਤੀਆਂ ਨੇ ਮਿਲ ਕੇ ਯੋਜਨਾਬੱਧ ਤਰੀਕੇ ਨਾਲ ਕਾਨੂੰਨਾਂ ਨੂੰ ਇਸ ਢੰਗ ਨਾਲ ਤੋੜਿਆ ਮਰੋੜਿਆ ਕਿ ਇਹ ਅੱਜ ਮਜ਼ਦੂਰਾਂ ਦੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਉੱਪਰ ਹਮਲਾ ਹਨ। ਦੂਜੇ ਪਾਸੇ ਇਹ ਕਾਰਪੋਰੇਟ ਸਰਮਾਏਦਾਰੀ ਦਾ ਪੱਖ ਪੂਰਦੇ ਹਨ।

## ਗੁਰਵਿੰਦਰ ਸਿੰਘ ਜੋਸ਼ਨ ਨੂੰ ਸਰਬ ਸੰਮਤੀ ਨਾਲ ਬਣਾਇਆ ਗਿਆ ਸਬਜ਼ੀ ਮੰਡੀ ਦਾ ਪ੍ਰਧਾਨ



ਸਨੌਰ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਨੌਰ ਪਟਿਆਲਾ ਰੋਡ ਸਬਜੀ ਮੰਡੀ ਵਿੱਚ ਸਰਬ ਸੰਮਤੀ ਦੇ ਨਾਲ ਅੱਜ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਵੱਲੋਂ ਪ੍ਰਧਾਨਗੀ ਦੀ ਚੋਣ ਕੀਤੀ ਗਈ। ਜਿਸ ਵਿੱਚ ਗੁਰਵਿੰਦਰ ਸਿੰਘ ਜੋਸ਼ਨ ਨੂੰ ਸਰਬ ਸੰਮਤੀ ਨਾਲ ਸਬਜ਼ੀ ਮੰਡੀ ਸਨੌਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਤੇ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਕਿਹਾ ਗਿਆ ਕਿ ਸਬਜ਼ੀ ਮੰਡੀ ਵਿੱਚ ਜਿਹੜੀਆਂ ਵੀ ਕਮੀਆਂ ਪੇਸ਼ੀਆਂ ਹਨ ਉਹਨਾਂ ਨੂੰ ਬਹੁਤ ਜਲਦ ਦੂਰ ਕਰ ਦਿੱਤਾ ਜਾਵੇਗਾ। ਜਿਸ ਤੋਂ ਬਾਅਦ ਸਬਜ਼ੀ ਮੰਡੀ ਦੀ ਆੜਤੀਆਂ ਵੱਲੋਂ ਨਵੇਂ ਚੁਣੇ ਪ੍ਰਧਾਨ ਗੁਰਵਿੰਦਰ ਸਿੰਘ ਜੋਸ਼ਨ ਜੋਲੀ ਨੂੰ ਸਰੋਪਾ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ। ਜੋਲੀ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਮੰਡੀ ਵਿੱਚ ਜਿਹੜੀਆਂ ਵੀ ਕਮੀਆਂ ਹਨ ਉਹਨਾਂ ਨੂੰ ਪੰਜਾਬ ਸਰਕਾਰ ਤੋਂ ਵੱਧ ਤੋਂ ਵੱਧ ਗਰਾਂਟ ਲਿਆ ਕੇ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਤੇ ਸਬਜ਼ੀ ਮੰਡੀ ਦੇ ਆੜਤੀਆਂ ਵੱਲੋਂ ਗੁਰਵਿੰਦਰ ਜੋਹਲੀ ਨੂੰ ਪ੍ਰਧਾਨ ਬਣਨ ਤੇ ਵਧਾਈ ਦਿੱਤੀ ਗਈ ਅਤੇ ਉਨਾਂ ਨੇ ਕਿਹਾ ਕਿ ਮੰਡੀ ਵਿੱਚ ਜਿਹੜੇ ਵੀ ਅਧੂਰੇ ਕੰਮ ਹਨ ਉਹਨਾਂ ਨੂੰ ਬਹੁਤ ਜਲਦੀ ਪੂਰਾ ਕਰਵਾਏ ਜਾਵੇਗਾ ਇਸ ਮੌਕੇ ਤੇ ਰਾਜਾ ਰਵਿੰਦਰ ਸਿੰਘ ਫ਼ਰੂਟ ਕੰਪਨੀ ਵਾਲੇ, ਗੁਰਪ੍ਰੀਤ ਸਿੰਘ ਬਾਬਾ,ਬਲਜੀਤ ਸਿੰਘ ਢੋਟ ,ਯੁਵਰਾਜ ਸਿੰਘ, ਸਰਪੰਚ ਹੈਪੀ ਖਾਂਸੀਆਂ , ਅਮਨ ਢੋਟ ਹੈਪੀ ਪਹਾੜਪੁਰ, ਸਰਪੰਚ ਵਿੱਕੀ ਪਿੰਡ ਬੱਤੀ, ਗੁਰਮੀਤ ਮੀਤਾ ਤਜਿੰਦਰ ਸਿੰਘ ਢਿੱਲੋਂ, ਕਾਬਲ ਸਿੰਘ, ਜਸਦੀਪ ਸਿੰਘ ਕਸ਼ਮੀਰ ਸਿੰਘ ਸੁਖਦੇਵ ਸਿੰਘ ਨਰਿੰਦਰ ਸਿੰਘ ਅਵਤਾਰ ਸਿੰਘ ਭੁਪਿੰਦਰ ਸਿੰਘ ਗੁਰਜਿੰਦਰ ਸਿੰਘ, ਪ੍ਰਦੀਪ ਪਠਾਣ ਮਾਜਰਾ, ਬਲਜਿੰਦਰ ਸਿੰਘ ਅਤੇ ਹੋਰ ਵੀ ਕਈ ਆੜਤੀ ਸਬਜ਼ੀ ਮੰਡੀ ਦੇ ਹਾਜ਼ਰ ਸਨ।

## ਸਰਕਾਰਾਂ ਜਲਦੀ ਧਿਆਨ ਦੇਣ ਬੁੱਢੇ ਨਾਲੇ ਦੇ ਗੰਧਲੇ ਹੋ ਰਹੇ ਪਾਣੀ ਵੱਲ:- ਡਾ.ਅਮਰ ਸਿੰਘ ਲੋਕ ਸਭਾ ਮੈਂਬਰ

ਮਾਛੀਵਾੜਾ ਸਾਹਿਬ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਨੇ ਸੰਸਦ ’ਚ ਪੰਜਾਬ ਦੇ ਪ੍ਰਦੂਸ਼ਿਤ ਹੋ ਰਹੇ ਬੁੱਢੇ ਨਾਲੇ ਦਾ ਮੁੱਦਾ ਚੁੱਕਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਸ਼ੁਰੂ ਹੁੰਦਾ ਬੁੱਢਾ ਨਾਲਾ ਲੁਧਿਆਣਾ ਜ਼ਿਲ੍ਹੇ ਤੋਂ ਹੁੰਦਾ ਹੋਇਆ ਸਤਲੁਜ ਦਰਿਆ ’ਚ ਜਾ ਡਿੱਗਦਾ ਹੈ। ਉਨ੍ਹਾਂ ਕਿਹਾ ਕਿ ਇਸ ਬੁੱਢੇ ਨਾਲੇ ’ਚ ਐਨਾ ਪ੍ਰਦੂਸ਼ਣ ਹੈ ਕਿ ਯੂਰੇਨੀਅਮ, ਫਲੋਰਾਇਡ ਮਿਲਣ ਕਾਰਨ ਲੋਕਾਂ ਨੂੰ ਕੈਂਸਰ ਤੇ ਹੋਰ ਨਾਮੁਰਾਦ ਬੀਮਾਰੀਆਂ ਫੈਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਪੰਜਾਬ ਸਰਕਾਰ ਇਸ ਬੁੱਢੇ ਨਾਲੇ ਨੂੰ ਸਾਫ਼ ਕਰਨ ਦਾ ਯਤਨ ਕਰ ਰਹੀ ਹੈ,ਪਰ ਕੀ ਕੇਂਦਰ ਸਰਕਾਰ ਇਸ ਪ੍ਰਦੂਸ਼ਣ ਨੂੰ ਰੋਕਣ ਦਾ ਕੋਈ ਯਤਨ ਕਰੇਗੀ। ਉਹਨਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਅਤੇ ਫਸਲਾਂ ਇਸ ਗੰਧਲੇ ਪਾਣੀ ਦਾ ਸ਼ਿਕਾਰ ਹੋ ਖ਼ਤਮ ਹੋ ਸਕਦੀਆਂ ਹਨ। ਇਸ ਲਈ ਸਰਕਾਰਾਂ ਨੂੰ ਜਲਦ ਹੀ ਇਸ ਗੰਭੀਰ ਮੁੱਦੇ ਵੱਲ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਅਸੀਂ ਧਰਤੀ ਵਿੱਚ ਗੰਧਲੇ ਹੋ ਰਹੇ ਪਾਣੀ ਨੂੰ ਬਚਾ ਸਕੀਏ।

## ‘ਆਪ’ ਸਰਕਾਰ ਦੀ ਧੱਕੇ ਸ਼ਾਹੀ ਦੇ ਬਾਵਜੂਦ ਵੀ ਅਕਾਲੀ ਵਰਕਰਾਂ ਦੇ ਚੋਣਾਂ ਨੂੰ ਲੈ ਕੇ ਹੌਸਲੇ ਬੁਲੰਦ : ਪਰਮਜੀਤ ਢਿੱਲੋਂ

ਮਾਛੀਵਾੜਾ ਸਾਹਿਬ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਦੇ ਮੁੱਖ ਸੇਵਾਦਾਰ ਪਰਮਜੀਤ ਢਿੱਲੋਂ ਨੇ ਇੱਕ ਸਮਾਗਮ ’ਚ ਹਿੱਸਾ ਲੈਂਦਿਆਂ ਕਿਹਾ ਕਿ ਬੇਸ਼ੱਕ ਅਕਾਲੀ ਦਲ ਦੇ ਕਈ ਉਮੀਦਵਾਰਾਂ ਦੇ ਸਥਾਨਕ ਸਰਕਾਰਾਂ ਚੋਣਾਂ ਮੌਕੇ ਭਰੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ ਹਨ, ਅਤੇ ਮੌਕੇ ਦੀ ਮੌਜੂਦਾ ‘ਆਪ’ ਸਰਕਾਰ ਨੇ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਪੂਰੀ ਧੱਕੇਸ਼ਾਹੀ ਕੀਤੀ ਹੈ। ਪਰ ਇਸ ਦੇ ਬਾਵਜੂਦ ਅਕਾਲੀ ਵਰਕਰਾਂ ਦੇ ਹੌਸਲੇ ਬੁਲੰਦ ਹਨ। ਜੋ ਬਾਕੀ 5 ਵਾਰਡ ਹਨ, ਉਨ੍ਹਾਂ ’ਤੇ ਚੋਣ ਲੜਨ ਵਾਲੇ ਉਮੀਦਵਾਰ ਬਹੁਮਤ ਨਾਲ ਜਿੱਤਣਗੇ ਅਤੇ ਸਰਕਾਰ ਦੁਆਰਾ ਕੀਤੀ ਧੱਕੇਸ਼ਾਹੀ ਦਾ ਮੂੰਹ ਤੋੜ ਜਵਾਬ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਪਾ ਕੇ ਦੇਣਗੇ।

ਸੇਵਾਦਾਰ ਢਿੱਲੋਂ ਨੇ ਕਿਹਾ ਕਿ ਸ਼ਹਿਰ ਦੇ ਲੋਕ ਅਕਾਲੀ ਸਰਕਾਰ ਸਮੇਂ ਹੋਏ ਵਿਕਾਸ ਕਾਰਜਾਂ ਨੂੰ ਯਾਦ ਕਰ ਰਹੇ ਹਨ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼ਹਿਰ ਦੇ ਸੀਵਰੇਜ ਲਈ ਕਰੋੜਾਂ ਰੁਪਏ ਦਿੱਤੇ, ਟ੍ਰੀਟਮੈਂਟ ਪਲਾਂਟ ਲਗਵਾਇਆ, ਗਲੀਆਂ ਲਈ ਵਿਸ਼ੇਸ਼ ਗ੍ਰਾਂਟਾ ਦਿੱਤੀਆਂ ਅਤੇ ਪਾਰਕਾਂ ਦਾ ਨਿਰਮਾਣ ਕਰਵਾਇਆ । ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵੀ ਅਕਾਲੀ ਸਰਕਾਰ ਵੇਲੇ ਹੀ ਬਣਿਆ। ਇੱਕ ਵਿਸ਼ਾਲ ਮੰਡੀ ਲੱਖੋਵਾਲ ਕਲਾਂ ਵਿਖੇ ਦਿੱਤੀ, ਇੱਕ ਮੱਕੀ ਸੁਕਾਉਣ ਵਾਲਾ ਪਲਾਂਟ ਵੀ ਲਗਵਾਇਆ ਹੈ ਅਤੇ ਹੋਰ ਵੀ ਬਹੁਤ ਜਿਆਦਾ ਸ਼ਹਿਰ ਦੇ ਵਿਕਾਸ ਲਈ ਗਰਾਂਟਾਂ ਦਿੱਤੀਆਂ ਹਨ ਜੋ ਕਿ ਮਾਛੀਵਾੜਾ ਸਾਹਿਬ ਦੇ ਸ਼ਹਿਰ ਵਾਸੀਆਂ ਨੂੰ ਭਲੀ ਭਾਂਤ ਹੀ ਪਤਾ ਹੈ। ਹੁਣ ਵੀ ਸ਼ਹਿਰ ਵਾਸੀਆਂ ਨੂੰ ਅਪੀਲ ਹੈ ਕਿ ਆਉਣ ਵਾਲੀ 21 ਦਸੰਬਰ ਨੂੰ ਇਕੱਲੀ ਇਕੱਲੀ ਵੋਟ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਤਕੜੀ ਵਾਲਾ ਬਟਣ ਦਬਾ ਕੇ ਪਾਓ ਅਤੇ ਸ਼ਹਿਰ ਦੇ ਰਹਿੰਦੇ ਬਾਕੀ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਸਕੀਏ ਅਤੇ ਸਰਕਾਰ ਨੂੰ ਨਾਮਜਾਦਗੀਆਂ ਮੌਕੇ ਕੀਤੀ ਧੱਕੇਸ਼ਾਹੀ ਦਾ ਸਬੂਤ ਦਈਏ। ਇਸ ਮੌਕੇ ਜ਼ਿਲ੍ਹਾ ਜਥੇਦਾਰ ਜਸਮੇਲ ਸਿੰਘ ਬੌਂਦਲੀ, ਸਰਕਲ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਸਰਕਲ ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਬਲਾਕ ਸੰਮਤੀ ਮੈਂਬਰ ਹਰਜੋਤ ਸਿੰਘ ਮਾਂਗਟ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਟਹਿਲ ਸਿੰਘ ਔਜਲਾ, ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ, ਪਰਮਿੰਦਰ ਸਿੰਘ ਗੁਲਿਆਣੀ, ਸੁਖਵੀਰ ਸਿੰਘ ਪੱਪੀ, ਹਰਵਿੰਦਰ ਸਿੰਘ ਸ਼ੇਰੀਆਂ, ਚਰਨਜੀਤ ਸਿੰਘ ਲੱਖੋਵਾਲ ਵੀ ਮੌਜੂਦ ਸਨ।

## ਸੁਸਾਸ਼ਨ ਸਪਤਾਹ’ (ਗੁੱਡ ਗਵਰਨੈਂਸ ਵੀਕ) ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਂਵਾਂ ’ਤੇ ਲਗਾਏ ਜਾਣਗੇ ਵਿਸ਼ੇਸ਼ ਕੈਂਪ

ਗੁਰਦਾਸਪੁਰ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਦੇਸ਼ ਵਿਆਪੀ ਮੁਹਿੰਮ ‘ਪ੍ਰਸ਼ਾਸਨ ਗਾਓਂ ਕੀ ਔਰ’ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 19 ਤੋਂ 24 ਦਸੰਬਰ ਤੱਕ ‘ਸੁਸਾਸ਼ਨ ਸਪਤਾਹ’ (ਗੁੱਡ ਗਵਰਨੈਂਸ ਵੀਕ) ਮਨਾਇਆ ਜਾਵੇਗਾ। ਇਸ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾਣਗੇ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਹਰਜਿੰਦਰ ਸਿੰਘ ਨੇ ਦੱਸਿਆ ਕਿ ‘ਸੁਸਾਸ਼ਨ ਸਪਤਾਹ’ (ਗੁੱਡ ਗਵਰਨੈਂਸ ਵੀਕ) ਤਹਿਤ ਗੁਰਦਾਸਪੁਰ ਤਹਿਸੀਲ ਵਿੱਚ 19 ਦਸੰਬਰ ਨੂੰ ਜੌੜਾ ਛੱਤਰਾਂ ਵਿਖੇ ਅਤੇ 24 ਦਸੰਬਰ ਨੂੰ ਨੌਸ਼ਹਿਰਾ ਮੱਝਾ ਸਿੰਘ ਵਿਖੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਤਹਿਸੀਲ ਵਿੱਚ 19 ਦਸੰਬਰ ਨੂੰ ਬੀ.ਡੀ.ਪੀ.ਓ ਦਫ਼ਤਰ ਡੇਰਾ ਬਾਬਾ ਨਾਨਕ ਅਤੇ 24 ਦਸੰਬਰ ਨੂੰ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਸ਼ਾਹਪੁਰ ਗੁਰਾਇਆ ਵਿਖੇ ਕੈਂਪ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਦੀਨਾਨਗਰ ਤਹਿਸੀਲ ਵਿੱਚ 19 ਦਸੰਬਰ ਨੂੰ ਪਿੰਡ ਰਸੂਲਪੁਰ ਅਤੇ 24 ਦਸੰਬਰ ਨੂੰ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਗਾਹਲੜੀ ਵਿਖੇ ਕੈਂਪ ਲੱਗਣਗੇ।



ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੇ ਵਿਭਾਗ ਸੁਸਾਸ਼ਨ ਸਪਤਾਹ ਦੌਰਾਨ ਵਿਸ਼ੇਸ਼ ਕੈਂਪਾਂ ਰਾਹੀ ਜ਼ਿਲ੍ਹਾ ਵਾਸੀਆਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਦੇਣਗੇ। ਉਨ੍ਹਾਂ ਕਿਹਾ ਕਿ 24 ਦਸੰਬਰ ਨੂੰ ਸੁਸਾਸ਼ਨ ਸਪਤਾਹ ਦੀ ਸਮਾਪਤੀ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਸਦਰ ਮੁਕਾਮ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਜਾਵੇਗਾ ਜਿਸ ਵਿੱਚ ਸੇਵਾ ਮੁਕਤ ਪ੍ਰਸ਼ਾਸਨਿਕ ਅਧਿਕਾਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।

## ਸ਼ਹੀਦੀ ਸਭਾ ਦੌਰਾਨ ਬਣਾਏ ਜਾਣ ਵਾਲੇ 6 ਪੁਲਿਸ ਸਹਾਇਤਾ ਕੇਂਦਰ ਤੋਂ ਸੰਗਤ ਨੂੰ ਮਿਲਣਗੀਆਂ ਵੱਖ-ਵੱਖ ਸੇਵਾਵਾਂ: ਜ਼ਿਲ੍ਹਾ ਪੁਲਿਸ ਮੁਖੀ

ਫ਼ਤਹਿਗੜ੍ਹ ਸਾਹਿਬ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ 25 ਤੋਂ 27 ਦਸੰਬਰ ਤੱਕ ਮਨਾਈ ਜਾਣ ਵਾਲੀ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਸੰਗਤ ਦੀ ਸੁਰੱਖਿਆ ਤੇ ਸਹੂਲਤ ਲਈ ਜ਼ਿਲ੍ਹਾ ਪੁਲਿਸ ਵੱਲੋਂ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਡਾ: ਰਵਜੋਤ ਗਰੇਵਾਲ ਨੇ ਸ਼ਹੀਦੀ ਸਭਾ ਦੌਰਾਨ ਬਣਾਈਆਂ ਜਾਣ ਵਾਲੀਆਂ ਆਰਜ਼ੀ ਪਾਰਕਿੰਗ ਤੇ ਆਰਜ਼ੀ ਬੱਸ ਅੱਡਿਆ ਦਾ ਦੌਰਾ ਕਰਨ ਮੌਕੇ ਮਾਡਰਨ ਰਿਜੋਰਟ ਬਸੀ ਪਠਾਨਾ ਵਿਖੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਸ਼ਹੀਦੀ ਸਭਾ ਦੌਰਾਨ ਜ਼ਿਲ੍ਹਾ ਪੁਲਿਸ ਵੱਲੋਂ ਸੰਗਤ ਦੀ ਸਹੂਲਤ ਲਈ 06 ਪੁਲਿਸ ਸਹਾਇਤਾ ਕੇਂਦਰ ਬਣਾਏ ਜਾਣਗੇ ਜਿਥੋਂ ਸੰਗਤ ਨੂੰ ਪੁਲਿਸ ਵਿਭਾਗ ਨਾਲ ਸਬੰਧਤ ਸੇਵਾਵਾਂ ਦੇ ਨਾਲ-ਨਾਲ ਮੈਡੀਕਲ ਸਹੂਲਤ ਵੀ ਮਿਲੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਲਿਸ ਸਹਾਇਤਾ ਕੇਂਦਰਾਂ ਨੂੰ ਹਾਈ ਸਪੀਡ ਇੰਟਰਨੈੱਟ ਨਾਲ ਜੋੜਿਆ ਜਾਵੇਗਾ ਤਾਂ ਜੋ ਮੋਬਾਇਲ ਨੈਟਵਰਕ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਆਉਣ ਦੀ ਸੂਰਤ ਵਿੱਚ ਸੰਗਤ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਸਾਰੇ ਪੁਲਿਸ ਸਹਾਇਤਾ ਕੇਂਦਰਾਂ ਨੂੰ ਮੁੱਖ ਕੰਟਰੋਲ ਰੂਮ ਨਾਲ ਜੋੜਿਆ ਜਾਵੇਗਾ।

ਡਾ: ਰਵਜੋਤ ਗਰੇਵਾਲ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਸੰਗਤ ਦੀ ਸਹੂਲਤ ਲਈ ਸ਼ਟਲ ਸੁਵਿਧਾ ਦਿੱਤੀ ਜਾਵੇਗੀ ਜਿਸ ਤਹਿਤ ਮੁਫਤ ਬੱਸਾਂ ਤੇ ਈ.ਰਿਕਸ਼ਾ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਇਸ ਦੇ ਨਾਲ-ਨਾਲ ਪਹਿਲੀ ਵਾਰ ਆਟੋ ਰਿਕਸ਼ਾ ਨੂੰ ਵਿਸ਼ੇਸ਼ ਪਾਸ ਜਾਰੀ ਕੀਤੇ ਜਾਣਗੇ ਤਾਂ ਜੋ ਸੰਗਤ ਨੂੰ ਆਵਾਜਾਈ ਪੱਖੋਂ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਸ਼ਹੀਦੀ ਸਭਾ ਦੌਰਾਨ ਪਹੁੰਚਣ ਵਾਲੀਆਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪੁਲਿਸ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਵਿੱਚ ਪੂਰਨ ਸਹਿਯੋਗ ਦਿੱਤਾ ਜਾਵੇ।

ਇਸ ਮੌਕੇ ਐਸ.ਪੀ. (ਜਾਂਚ) ਸ੍ਰੀ ਰਾਕੇਸ਼ ਯਾਦਵ, ਡੀ.ਐਸ.ਪੀ. ਫ਼ਤਹਿਗੜ੍ਹ ਸਾਹਿਬ ਸੁਖਨਾਜ ਸਿੰਘ, ਡੀ.ਐਸ.ਪੀ. ਅਮਲੋਹ ਰਾਜ ਕੁਮਾਰ, ਡੀ.ਐਸ.ਪੀ. ਹਰਤੇਸ਼ ਕੌਸ਼ਿਕ, ਡੀ.ਐਸ.ਪੀ. ਅਮਲੋਹ ਗੁਰਦੀਪ ਸਿੰਘ ਤੋਂ ਇਲਾਵਾ ਪੁਲਿਸ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜਰ ਸਨ।

## ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮਾਨਸਿਕ ਪੱਧਰ ਤੇ ਕਮਜ਼ੋਰ ਅਤੇ ਬੌਧਿਕ ਤੌਰ ਤੇ ਅਪੰਗ ਵਿਅਕਤੀਆਂ ਲਈ ਸਕੀਮ ਜਾਰੀ



ਫ਼ਤਹਿਗੜ੍ਹ ਸਾਹਿਬ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਦੇ ਹਰ ਲੋੜਵੰਦ ਵਿਅਕਤੀ ਤੱਕ ਕਾਨੂੰਨੀ ਸਹਾਇਤਾ ਪਹੁੰਚਾਉਣ ਲਈ ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਮੇਂ ਸਮੇਂ ਤੇ ਅਨੇਕਾਂ ਸਕੀਮਾਂ ਬਣਾਈਆਂ ਗਈਆਂ ਹਨ ਅਤੇ ਸਫਲਤਾਪੂਰਵਕ ਚਲਾਈਆਂ ਜਾ ਰਹੀਆਂ ਹਨ.

ਜਿਨ੍ਹਾਂ ਵਿੱਚੋਂ ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚਲਾਈ ਜਾ ਰਹੀ ਮਾਨਸਿਕ ਤੌਰ ਤੇ ਬਿਮਾਰ ਅਤੇ ਮਾਨਸਿਕ ਤੌਰਤੇ ਅਸਮਰੱਥਵਿਅਕਤੀ ਲਈ ਸਕੀਮ 2015 ਨੂੰ ਹੁਣ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਇਸ ਸਕੀਮ ਵਿੱਚ ਨਵੀਆਂ ਸੇਵਾਵਾਂ ਨੂੰ ਸ਼ਾਮਲ ਕਰਕੇ, ਮਾਨਸਿਕ ਪੱਧਰ ਤੇ ਕਮਜ਼ੋਰ ਅਤੇ ਬੌਧਿਕ ਤੌਰ ਤੇ ਅਪੰਗ ਵਿਅਕਤੀਆਂ ਤੱਕ ਕਾਨੂੰਨੀ ਸੇਵਾਵਾਂ ਪਹੁੰਚਾਉਣ ਲਈ ਇੱਕ ਨਵੀਂ ਸਕੀਮ ਸ਼ੁਰੂ ਕੀਤੀ ਗਈ ਹੈ।

ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇੱਕ ਵਿਸ਼ੇਸ਼ ਕਾਨੂੰਨੀ ਸੇਵਾਵਾਂ ਇਕਾਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਮੈਨ-ਕਮ-ਜ਼ਿਲ੍ਹਾ ਤੇ ਸੈਸ਼ਨ ਜੱਜ ਸ਼੍ਰੀ ਅਰੁਣ ਗੁਪਤਾ ਦੀ ਅਗਵਾਈ ਹੇਠ ਇੱਕ ਬਣਾਈ ਗਈ ਹੈ ਜਿਸ ਦੇ ਮੈਂਬਰ ਵਜੋਂ ਸੇਵਾ ਮੁਕਤ ਨਿਆਂਇਕ ਅਧਿਕਾਰੀ, ਡਿਪਟੀ ਲੀਗਲ ਏਡ ਡਿਫੈਂਸ ਕਾਊਂਸਲ, ਪੈਨਲ ਦੇ ਵਕੀਲ ਅਤੇ ਪੈਰਾ ਲੀਗਲ ਵਲੰਟੀਅਰਜ਼ ਸ਼ਾਮਲ ਕੀਤੇ ਗਏ ਹਨ।

ਇਸ ਸਕੀਮ ਨੂੰ ਜ਼ਿਲ੍ਹਾ ਪੱਧਰ ਤੇ ਸਫਲਤਾਪੂਰਵਕ ਚਲਾਉਣ ਲਈ ਖਾਸ ਕਾਨੂੰਨੀ ਸੇਵਾਵਾਂ ਇਕਾਈ ਲਈ ਇੱਕ ਟ੍ਰੇਨਿੰਗ ਪ੍ਰੋਗਰਾਮ ਦਾ ਸੰਚਾਲਨ ਕੀਤਾ ਜਾ ਰਿਹਾ ਹੈ.

ਇਹ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਦੀਪਤੀ ਗੋਇਲ ਨੇ ਦੱਸਿਆ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਇਕਾਈ ਦੇ ਮੈਂਬਰਾਂ ਨੂੰ ਸਕੀਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਪੈਰਾ ਲੀਗਲ ਵਾਲੰਟੀਅਰਜ਼ ਜ਼ਮੀਨੀ ਪੱਧਰ ਤੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਅ ਸਕਣ ਅਤੇ ਲੋੜਵੰਦ ਵਿਅਕਤੀ ਇਸ ਸਕੀਮ ਦੀਆਂ ਸੇਵਾਵਾਂ ਹਾਸਲ ਕਰ ਸਕਣ।

ਇਹ ਸਕੀਮ ਉਨ੍ਹਾਂ ਮਾਨਸਿਕ ਅਤੇ ਬੌਧਿਕ ਤੌਰ ਤੇ ਅਸਮਰੱਥ ਵਿਅਕਤੀਆਂ ਨੂੰ ਕੇਂਦਰਿਤ ਕਰਕੇ ਬਣਾਈ ਗਈ.

ਜੋ ਕਿ ਸਮਾਜ ਦਾ ਇੱਕ ਅਣਗੌਲਿਆ ਭਾਗ ਹਨ। ਇਸ ਤੋਂ ਇਲਾਵਾ ਸਕੱਤਰ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਅਸਮਰੱਥ ਵਿਅਕਤੀਆਂ ਦਾ ਹਰ ਸਕੀਮ, ਪ੍ਰੋਗਰਾਮ ਅਤੇ ਸਹੂਲਤ ਉੱਤੇ ਬਰਾਬਰ ਦੀ ਪਹੁੰਚ ਯਕੀਨੀ ਬਣਾਈ ਜਾਵੇਗੀ ਅਤੇ ਉਨ੍ਹਾਂ ਦੀਆਂ ਬੌਧਿਕ ਤੌਰ ਤੇ ਖਾਸ ਸਹੂਲਤਾਂ ਨਾਲ ਸਬੰਧਤ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

ਸਕੱਤਰ ਨੇ ਇਹ ਵੀ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਮੁੱਖ ਮੰਤਵ ਵੱਧ ਤੋਂ ਵੱਧ ਲੋੜਵੰਦਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਨਾਲ ਸਬੰਧਿਤ ਇਕਾਈ ਨੂੰ ਸਰਕਾਰੀ ਵਿਭਾਗ, ਏਜੰਸੀਆਂ, ਯੂਨੀਵਰਸਿਟੀਆਂ ਅਤੇ ਗੈਰ ਸਰਕਾਰੀ ਸੰਗਠਨਾਂ ਜਿਨ੍ਹਾਂ ਨੂੰ ਬੌਧਿਕ ਸਿਹਤ ਦੇ ਖੇਤਰ ਵਿੱਚ ਤਜਰਬਾ ਹੋਵੇਗਾ, ਦੀ ਸਹਾਇਤਾ ਨਾਲ ਹਰ ਤਿਮਾਹੀ ਟ੍ਰੇਨਿੰਗ ਦਿੱਤੀ ਜਾਵੇਗੀ।

## ਨਸ਼ਾ ਰੋਕਣ ਲਈ ਸਮੂਹਿਕ ਯਤਨ ਜ਼ਰੂਰੀ :ਪ੍ਰੀਤ ਕੋਹਲੀ



ਤਰਨ ਤਾਰਨ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਦੇ ਦਿਸ਼ਾਂ-ਨਿਰਦੇਸ਼ਾਂ ਤਹਿਤ ਪ੍ਰੀਤ ਕੋਹਲੀ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਤਰਨਤਾਰਨ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਅੱਜ ਪਿੰਡ ਵਲਟੋਹਾ ਵਿੱਚ ਸੈਮੀਨਾਰ ਅਤੇ ਨਾਟਕ ਕਰਵਾਇਆ ਗਿਆ।

ਇਸ ਦੌਰਾਨ ਪ੍ਰੀਤ ਕੋਹਲੀ ਸਹਾਇਕ ਡਾਇਰੈਕਟਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ ਰਾਹੀਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਨਸ਼ਾ ਕਰਨ ਵਾਲੇ ਆਪਣੇ ਭਵਿੱਖ ਦੇ ਨਾਲ ਨਾਲ ਆਪਣੇ ਪਰਿਵਾਰ ਦੀ ਭਵਿੱਖ ਵੀ ਖਰਾਬ ਕਰਦੇ ਹਨ, ਨਸ਼ੇ ਦੇ ਨਾਲ ਸਮਾਜ ਵਿੱਚ ਹੋਰ ਵੀ ਬਹੁਤ ਸਾਰੇ ਜੁਰਮ ਵਧ ਰਹੇ ਹਨ, ਇਸ ਲਈ ਨਸ਼ੇ ਦੇ ਸੈਲਾਬ ਨੂੰ ਰੋਕਣ ਲਈ ਸਭ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ।

ਕਲਾਕਾਰ ਗਰੁੱਪ ਖੇਮਕਰਨ ਦੇ ਕਲਾਕਾਰਾਂ ਵੱਲੋਂ ਡਾਇਰੈਕਟਰ ਕੁਲਦੀਪ ਸਿੰਘ ਦੀ ਅਗਵਾਈ ਨਾਟਕ ਖੇਡਿਆ ਗਿਆ । ਇਸ ਸੈਮੀਨਾਰ ਵਿੱਚ ਬੀ ਡੀ ਪੀ ਓ ਵਲਟੋਹਾ ਬਲਜਿੰਦਰ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ ।ਉਹਨਾਂ ਵਿਭਾਗ ਦੇ ਇਸ ਕਦਮ ਦੀ ਤਾਰੀਫ਼ ਕੀਤੀ ਤੇ ਕਿਹਾ ਕਿ ਅਜਿਹੇ ਕਦਮ ਸਮੇਂ ਦੀ ਜ਼ਰੂਰਤ ਬਣ ਚੁੱਕੇ ਹਨ । ਕਲੱਬ ਪ੍ਰਧਾਨ ਪ੍ਰਭਦੀਪ ਦੁਆਰਾ ਸਾਰਿਆਂ ਦਾ ਸਵਾਗਤ ਕੀਤਾ ਗਿਆ

ਡਾ ਤਾਕ ਖ਼ਾਨ ਦੁਆਰਾ ਨਸ਼ੇ ਦੇ ਦੁਸ਼ਪ੍ਰਭਾਵਾ ਬਾਰੇ ਵਿਸ਼ੇਸ਼ ਲੈਕਚਰ ਦਿੱਤਾ ਗਿਆ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਨਸ਼ੇ ਕਰਨ ਵਾਲਿਆਂ ਦੀ ਉਮਰ ਬਹੁਤ ਥੋੜੀ ਹੁੰਦੀ ਹੈ। ਨਸ਼ੇ ਕਰਨ ਵਾਲਾ ਨੌਜਵਾਨ ਹੋਰ ਵੀ ਬਹੁਤ ਸਾਰੀਆਂ ਬਿਮਾਰੀਆਂ ਦੀ ਜਕੜ ਵਿੱਚ ਆ ਜਾਂਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਹ ਨਸ਼ਾ ਛੁਡਾਉ ਕੇਂਦਰਾਂ ਵਿੱਚ ਜਾ ਕੇ ਨਸ਼ਾ ਛੁਡਵਾ ਸਕਦੇ ਹਨ।

ਸੈਮੀਨਾਰ ਦੇ ਅੰਤ ਵਿੱਚ ਨਸ਼ਿਆਂ ਦੇ ਮਾਰੂ ਅਸਰ ਦਿਖਾਉਂਦਾ ਇੱਕ ਪੂਰਾ ਨਾਟਕ ਵੀ ਖੇਡਿਆ ਗਿਆ।ਅੰਤ ਵਿੱਚ ਪ੍ਰਭਦੀਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ, ਵਲਟੋਹਾ ਵੱਲੋਂ ਆਏ ਹੋਏ ਯੁਵਕ ਸੇਵਾਵਾਂ ਵਿਭਾਗ ਦੀ ਸਾਰੀ ਟੀਮ ਅਤੇ ਪਿੰਡ ਦੇ ਸਰਪੰਚਾਂ ਪਿੰਡ ਦੇ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

ਪ੍ਰਧਾਨ ਪ੍ਰਭਦੀਪ ਸਟੇਜ ਸਕੱਤਰ ਦੀ ਭੂਮੀਕਾ ਨਿਭਾਈ ਗਈ । ਪਰਮੀਤ ਸਿੰਘ ਦੁਆਰਾ ਸਾਰੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਕਲੱਬ ਮੈਂਬਰ ਮਤਾਉਲਾ ਖਾਨ,ਪਰਮੀਤ ਸਿੰਘ , ਅਮਨ ਅਰੋੜਾ ,ਪੰਕਜ ਅਰੋੜਾ ਸਹਾਇਕ ਡਾਇਰੈਕਟਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ ਰਾਹੀਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ।

ਉਹਨਾਂ ਦੱਸਿਆ ਕਿ ਨਸ਼ਾ ਕਰਨ ਵਾਲੇ ਆਪਣੇ ਭਵਿੱਖ ਦੇ ਨਾਲ ਨਾਲ ਆਪਣੇ ਪਰਿਵਾਰ ਦੀ ਭਵਿੱਖ ਵੀ ਖਰਾਬ ਕਰਦੇ ਹਨ, ਨਸ਼ੇ ਦੇ ਨਾਲ ਸਮਾਜ ਵਿੱਚ ਹੋਰ ਵੀ ਬਹੁਤ ਸਾਰੇ ਜੁਰਮ ਵਧ ਰਹੇ ਹਨ, ਇਸ ਲਈ ਨਸ਼ੇ ਦੇ ਸੈਲਾਬ ਨੂੰ ਰੋਕਣ ਲਈ ਸਭ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ।

ਕਲਾਕਾਰ ਗਰੁੱਪ ਖੇਮਕਰਨ ਦੇ ਕਲਾਕਾਰਾਂ ਵੱਲੋਂ ਡਾਇਰੈਕਟਰ ਕੁਲਦੀਪ ਸਿੰਘ ਦੀ ਅਗਵਾਈ ਨਾਟਕ ਖੇਡਿਆ ਗਿਆ ਵੀ ਹਾਜ਼ਰ ਸਨ ।

## ਯੁਵਕ ਸੇਵਾਵਾਂ ਵਿਭਾਗ ਨੇ ਕਲੱਬਾਂ ਨੂੰ ਵਿੱਤੀ ਸਹਾਇਤਾ ਦੇਣ ਲਈ ਅਰਜੀਆਂ ਦੀ ਮੰਗ ਕੀਤੀ

ਗੁਰਦਾਸਪੁਰ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਵਿਭਾਗ ਨਾਲ ਐਫੀਲੀਏਟਿਡ ਯੁਵਕ ਕਲੱਬਾਂ ਨੂੰ ਉਨ੍ਹਾਂ ਵੱਲੋਂ ਪਿਛਲੇ 2 ਸਾਲਾਂ ਤੋਂ ਆਪਣੇ ਪਿੰਡਾਂ/ਵਾਰਡਾਂ ਵਿੱਚ ਪਿੰਡ ਦੀ ਭਲਾਈ, ਯੁਵਕਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਖੇਡਾਂ ਸਬੰਧੀ ਕੀਤੀਆਂ ਗਈਆਂ ਗਤੀਵਿਧੀਆਂ ਦੇ ਆਧਾਰ ’ਤੇ ਵਿੱਤੀ ਸਹਾਇਤਾ ਦੇਣ ਲਈ ਜਿਲ੍ਹੇ ਭਰ ’ਚੋਂ ਅਰਜੀਆਂ ਦੀ ਮੰਗ ਕੀਤੀ ਗਈ ਹੈ। ਯੁਵਕ ਕਲੱਬ ਗ੍ਰਾਂਟ ਲੈਣ ਲਈ ਅਰਜ਼ੀਆਂ 20 ਜਨਵਰੀ 2025 ਤੱਕ ਦੇ ਸਕਦੇ ਹਨ।

ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆ ਜਸਪਾਲ ਸਿੰਘ, ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ, ਗੁਰਦਾਸਪੁਰ ਨੇ ਦੱਸਿਆ ਕਿ ਯੁਵਕ ਸੇਵਾਵਾਂ ਕਲੱਬਾਂ, ਆਪਣੀਆਂ ਅਰਜੀਆਂ ਦੇ ਨਾਲ ਕੀਤੀਆਂ ਗਈਆਂ ਗਤੀਵਿਧੀਆਂ ਦੀਆਂ ਫੋਟੋਆਂ ਅਤੇ ਅਖਬਾਰਾਂ ਦੀਆਂ ਕਾਤਰਾਂ ਨਾਲ ਨੱਥੀ ਕਰਨ ਤਾਂ ਜੋ ਵਧੀਆ ਕੰਮ ਕਰਨ ਵਾਲੀਆਂ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਕਰਕੇ, ਯੁਵਕ ਗਤੀਵਿਧੀਆਂ ਲਈ ਵਿੱਤੀ ਸਹਾਇਤਾ ਦੇ ਰੂਪ ਵਿੱਚ ਗ੍ਰਾਂਟ ਜਾਰੀ ਕੀਤੀ ਜਾ ਸਕੇ।

ਉਨ੍ਹਾਂ ਇਹ ਵੀ ਦੱਸਿਆ ਕਿ ਜਿਹੜੇ ਯੂਥ ਕਲੱਬਾਂ ਨੇ ਕਦੀ ਵਿੱਤੀ ਸਹਾਇਤਾ ਗ੍ਰਾਂਟ ਦਾ ਲਾਭ ਨਹੀਂ ਲਿਆ ਅਤੇ ਲਗਾਤਾਰ ਪਿਛਲੇ ਦੋ ਸਾਲਾਂ ਤੋਂ ਆਪਣੇ ਪਿੰਡਾਂ ਦੇ ਵਿਕਾਸ ਲਈ ਕੰਮ ਕਰ ਰਹੇ ਹਨ, ਉਨ੍ਹਾਂ ਯੂਥ ਕਲੱਬਾਂ ਨੂੰ ਪਹਿਲ ਦੇ ਆਧਾਰ ’ਤੇ ਗ੍ਰਾਂਟ ਜਾਰੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਯੋਗ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਜ਼ਿਲ੍ਹਾ ਪੱਧਰ ’ਤੇ ਬਣਾਈ ਗਈ ਕਮੇਟੀ ਵੱਲੋਂ ਕੀਤੀ ਜਾਵੇਗੀ। ਉਕਤ ਅਰਜੀਆਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫਤਰ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ, ਨਵਦੀਪ ਸਿੰਘ ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਜਮ੍ਹਾਂ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸਹਾਇਕ ਡਾਇਰੈਕਟਰ, ਜਸਪਾਲ ਸਿੰਘ ਦੇ ਮੋਬਾਇਲ ਨੰਬਰ 9646020541 ਅਤੇ ਸਟੈਨੋ ਸ੍ਰੀ ਵਿਸ਼ਾਲ ਕੈਲਾ 7508600706 ਦੇ ਨੰਬਰ ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਰਕਾਰੀ ਖਜ਼ਾਨੇ ਨੂੰ ਖ਼ੋਰਾ ਲਾਉਣ ਵਾਲਾ ਭਗੌੜਾ ਠੇਕੇਦਾਰ ਵਿਜੀਲੈਂਸ ਬਿਊਰੋ ਵੱਲੋਂ ਕਾਬੂ



ਚੰਡੀਗੜ੍ਹ, 21 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਅੱਜ ਬਿਊਰੋ ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਅੰਮ੍ਰਿਤਸਰ ਦੇ ਇੱਕ ਭਗੌੜੇ ਪ੍ਰਾਈਵੇਟ ਠੇਕੇਦਾਰ ਵਿਕਾਸ ਖੰਨਾ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਮੁਲਜ਼ਮ ਨੇ ਕਈ ਵਾਰ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ, (ਏ.ਆਈ.ਟੀ.) ਅੰਮ੍ਰਿਤਸਰ ਵਿੱਚ ਨਿਧਾਰਿਤ ਕੀਮਤ ਤੋਂ ਬਹੁਤ ਘੱਟ ਰੇਟ ’ਤੇ ਪਲਾਟ ਅਲਾਟ ਕਰਵਾਇਆ ਸੀ ਅਤੇ ਧੋਖੇ ਨਾਲ ਸਰਕਾਰੀ ਟੈਂਡਰ ਵੀ ਪ੍ਰਾਪਤ ਕੀਤੇ ਸਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਤੋਂ ਬਾਅਦ ਉਕਤ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਂਚ ਦੌਰਾਨ ਵਿਜੀਲੈਂਸ ਬਿਊਰੋ ਨੂੰ ਪਤਾ ਲੱਗਾ ਹੈ ਕਿ ਮੁਲਜ਼ਮ ਠੇਕੇਦਾਰ ਨੇ ਏ.ਆਈ.ਟੀ. ਦੇ ਤਤਕਾਲੀ ਚੇਅਰਮੈਨ ਦੀ ਮਿਲੀਭੁਗਤ ਨਾਲ 200 ਵਰਗ ਗਜ਼ ਦਾ ਪਲਾਟ ਮਾਰਕੀਟ ਰੇਟ ਤੋਂ ਬਹੁਤ ਘੱਟ ਕੀਮਤ ’ਤੇ ਆਪਣੇ ਨਾਮ ’ਤੇ ਅਲਾਟ ਕਰਵਾਇਆ ਸੀ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ ਸੀ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਮੁਲਜ਼ਮ ਨੇ ਧੋਖੇ ਨਾਲ ਆਪਣੀ ਫਰਮ ਨੂੰ ਉਕਤ ਟਰੱਸਟ ਵਿੱਚ ਦਰਜ ਕਰਵਾਇਆ ਸੀ ਅਤੇ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕਰਕੇ ਸਰਕਾਰੀ ਟੈਂਡਰ ਪ੍ਰਾਪਤ ਕੀਤੇ ਸਨ। ਇਸ ਤੋਂ ਇਲਾਵਾ ਮੁਲਜ਼ਮ ਨੇ ਧੋਖੇ ਨਾਲ ਵੇਰਕਾ ਮਿਲਕ ਬੂਥ ਵੀ ਆਪਣੇ ਨਾਂ ’ਤੇ ਮਨਜ਼ੂਰ ਕਰਵਾਇਆ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਪੜਤਾਲ ਦੇ ਆਧਾਰ ’ਤੇ ਵਿਜੀਲੈਂਸ ਬਿਊਰੋ ਥਾਣਾ, ਅੰਮ੍ਰਿਤਸਰ ਰੇਂਜ ਵਿਖੇ ਐਫ.ਆਈ.ਆਰ. ਮਿਤੀ 06.07.2022 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 409, 201, 120-ਬੀ ਤੇ 13(2) ਅਤੇ 7 ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਹ ਮੁਲਜ਼ਮ ਭਗੌੜਾ ਸੀ ਅਤੇ ਟ੍ਰਾਇਲ ਕੋਰਟ ਦੁਆਰਾ ਉਸਨੂੰ ਭਗੌੜਾ ਐਲਾਨਿਆ ਗਿਆ ਸੀ। ਵਿਜੀਲੈਂਸ ਬਿਊਰੋ ਦੀਆਂ ਟੀਮਾਂ ਨੇ ਮੁਲਜ਼ਮ ਨੂੰ ਫੜਨ ਲਈ ਕਈ ਛਾਪੇਮਾਰੀ ਕੀਤੀਆਂ ਸਨ, ਜਿਸ ਕਾਰਨ ਉਸਨੂੰ ਆਤਮ ਸਮਰਪਣ ਕਰਨ ਲਈ ਮਜ਼ਬੂਰ ਹੋਣਾ ਪਿਆ।

ਮੁਲਜ਼ਮ ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਤੋਂ ਪ੍ਰੋਡਕਸ਼ਨ ਵਾਰੰਟ ’ਤੇ ਲਿਆ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਕੇਸ ਦੇ ਸਾਰੇ ਪਹਿਲੂਆਂ ਬਾਰੇ ਹੋਰ ਪੁੱਛਗਿੱਛ ਕਰਨ ਲਈ ਅਦਾਲਤ ਤੋਂ ਇੱਕ ਦਿਨ ਦਾ ਰਿਮਾਂਡ ਵੀ ਲੈ ਲਿਆ ਗਿਆ ਹੈ।

# ਸਿਹਤ ਵਿਭਾਗ ਫਾਜਿਲਕਾ ਵੱਲੋਂ ਦਕਸ਼ਤਾ ਪ੍ਰੋਗਰਾਮ ਅਧੀਨ ਕਮਿਊਨਿਟੀ ਹੈਲਥ ਅਫ਼ਸਰਾਂ ਅਤੇ ਸਟਾਫ਼ ਨਰਸਾਂ ਨੂੰ ਕਰਵਾਈ ਟ੍ਰੇਨਿੰਗ



**ਫਾਜ਼ਿਲਕਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਲੋਕਾਂ ਨੂੰ ਵਧੀਆਂ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਸਿਵਲ ਸਰਜਨ ਫਾਜਿਲਕਾ ਡਾ ਲਹਿੰਬਰ ਰਾਮ ਦੇ ਦਿਸ਼ਾਂ ਨਿਰਦੇਸ਼ਾਂ ਅਤੇ ਡਾ ਕਵਿਤਾ ਸਿੰਘ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਦੀ ਦੇਖ ਰੇਖ ਵਿੱਚ ਅੱਜ ਦਫ਼ਤਰ ਸਿਵਲ ਸਰਜਨ ਵਿਖੇ ਦਕਸ਼ਤਾ ਪ੍ਰੋਗ੍ਰਾਮ ਸਬੰਧੀ ਕਮਿਊਨਿਟੀ ਹੈਲਥ ਅਫ਼ਸਰ ਅਤੇ ਸਟਾਫ਼ ਨਰਸਾਂ ਦੀ ਟ੍ਰੇਨਿੰਗ ਕਰਵਾਈ ਗਈ। ਇਸ ਸਮੇਂ ਡਾ ਕਵਿਤਾ ਸਿੰਘ ਨੇ ਦੱਸਿਆ ਕਿ ਦਕਸ਼ਤਾ ਪ੍ਰੋਗਰਾਮ ਦਾ ਮਕਸਦ ਗਰਭਵਤੀ ਔਰਤਾਂ, ਮਾਵਾਂ, ਨਵਜੰਮੇ ਬੱਚੇ ਅਤੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ ਹੈ।

ਇਸ ਲਈ ਸਿਹਤ ਸੰਸਥਾਵਾਂ ਵਿੱਚ ਲੇਬਰ ਰੂਮ ਅਤੇ ਨਿਊ ਬੋਰਨ ਸਿਕ ਯੂਨਿਟ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਲੇਬਰ ਰੂਮ ਵਿੱਚ ਹੋਣ ਵਾਲੇ ਜਨੇਪੇ ਸਨਮਾਨਜਨਕ ਅਤੇ ਸੁਰੱਖਿਅਤ ਕਰਨ ਅਤੇ ਨਾਲ ਨਾਲ ਓਪਰੇਸ਼ਨ ਥੀਏਟਰ ਵਿੱਚ ਹੋਣ ਵਾਲੇ ਸੀਜ਼ੇਰਿਅਨ ਜਨੇਪਿਆਂ ਲਈ ਵਿਸ਼ਵ ਪੱਧਰ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਟੀਚਾ ਲੈ ਕੇ ਦਕਸ਼ਤਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਜਣੇਪੇ ਦੌਰਾਨ ਅਤੇ ਜਣੇਪੇ ਤੋਂ ਬਾਅਦ ਸਾਂਭ ਸੰਭਾਲ ਸਬੰਧੀ ਲਾਂਚ ਕੀਤੇ ਇਸ ਪ੍ਰੋਗਰਾਮ ਅਧੀਨ ਸਟਾਫ਼ ਨੂੰ ਟ੍ਰੇਨਿੰਗਾਂ ਕਰਵਾਈਆਂ ਜਾ ਰਹੀਆਂ ਹਨ। ਜਿਸ ਤਹਿਤ ਸਬੰਧਿਤ ਪਾਰਟੀਸੀਪੈਂਟ ਨੂੰ ਲੇਬਰ ਰੂਮਾਂ ਵਿੱਚ ਉੱਚ ਕੁਆਲਟੀ ਦੀ ਦੇਖਭਾਲ ਕਰਨ ਲਈ ਹੋਰ ਜ਼ਿਆਦਾ ਸਮਰੱਥ ਹੁਨਰਮੰਦ ਬਨਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਜਨੇਪੇ ਸਮੇਂ ਗਰਭਵਤੀ ਔਰਤ ਦੀ ਦੇਖਭਾਲ ਸਨਮਾਨਜਨਕ ਤਰੀਕੇ ਨਾਲ ਕੀਤੀ ਜਾਦੀ ਹੈ।

ਇਸ ਸਮੇਂ ਡਾ ਅੰਸ਼ੁਲ ਨਾਗਪਾਲ ਮੈਡੀਕਲ ਅਫਸਰ ਵੱਲੋਂ ਪਾਰਟੀਸੀਪੈਂਟ ਨੂੰ ਲੇਬਰ ਰੂਮ ਦੇ ਪਾਰਟੋਗ੍ਰਾਫ ਸਮਝਾਏ ਗਏ ਅਤੇ ਮਾਂ ਅਤੇ ਬੱਚੇ ਦੀ ਸਹੀ ਸੰਭਾਲ ਸਬੰਧੀ ਟ੍ਰੇਨਿੰਗ ਦਿੱਤੀ ਗਈ। ਇਸ ਸਮੇਂ ਡਾ ਸੁਮਨਦੀਪ ਕੌਰ ਮੈਡੀਕਲ ਅਫ਼ਸਰ, ਵਿਨੋਦ ਖੁਰਾਣਾ ਜਿਲ੍ਹਾ ਮਾਸ ਮੀਡੀਆ ਅਫਸਰ, ਦਿਵੇਸ਼ ਕੁਮਾਰ ਬੀਈਈ, ਬਲਜੀਤ ਸਿੰਘ ਆਰਬੀਐਸਕੇ ਕੋਆਰਡੀਨੇਟਰ ਹਾਜ਼ਰ ਸਨ।

# ਬਟਾਲਾ ਪੁਲਿਸ ਦੇ ਸ਼ਕਤੀ ਹੈਲਪਡੈਸਕ ਵੱਲੋਂ ਆਰੀਆ ਮਾਡਲ ਸਕੂਲ, ਓਹਰੀ ਗੇਟ ਵਿਖੇ ਜਾਗਰੂਕਤਾ ਸੈਮੀਨਾਰ




**ਬਟਾਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਐਸ.ਪੀ ਬਟਾਲਾ, ਸ੍ਰੀ ਸੁਹੇਲ ਕਾਸਿਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਦੇ ਸ਼ਕਤੀ ਹੈਲਪਡੈਸਕ ਵੱਲੋਂ ਆਰੀਆ ਮਾਡਲ ਸਕੂਲ, ਓਹਰੀ ਗੇਟ ਬਟਾਲਾ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਵਿਰੁੱਧ, ਸਾਈਬਰ ਕਰਾਇਮ ਅਤੇ ਸਾਂਝ ਸੇਵਾਵਾਂ ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਸ੍ਰੀਮਤੀ ਜਸਵੰਤ ਕੌਰ, (ਐਸ.ਪੀ.ਐੱਚ) ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸੈਮੀਨਾਰ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਇਕ ਮਾਨਸਿਕ ਰੋਗ ਹੈ ਜੋ ਇਨਸਾਨ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਤੌਰ ਤੇ ਕਮਜ਼ੋਰ ਕਰ ਦਿੰਦਾ ਹੈ, ਇਸ ਲਈ ਸਾਨੂੰ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਉਨਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਕਿਸੇ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਫਸਦਾ ਹੈ ਤਾਂ ਇਸਦਾ ਇਲਾਜ ਵੀ ਸੰਭਵ ਹੈ ਤੇ ਉਸਦਾ ਇਹ ਇਲਾਜ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰਾਂ, ਓਟ ਕਲੀਨਿਕਾਂ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ।ਉਨਾਂ ਦੱਸਿਆ ਕਿ ਬਟਾਲਾ ਪੁਲਿਸ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਦੇ ਨਾਲ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਵਲੋਂ ਪੂਰੇ ਉਤਸ਼ਾਹ ਨਾਲ ਖੇਡਾਂ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਸਾਈਬਰ ਕਰਾਇਮ ਅਤੇ ਸਾਂਝ ਸੇਵਾਵਾਂ ਬਾਰੇ ਵੀ ਜਾਗਰੂਕਤ ਕੀਤਾ ਗਿਆ।

# ਸੀ.ਐਚ.ਸੀ ਖੂਈਖੇੜਾ ਵਿਖੇ 100 ਦਿਨਾਂ ਟੀਬੀ ਮੁਕਤ ਭਾਰਤ ਮੁਹਿੰਮ ਦਾ ਮੈਡੀਕਲ ਕੈਂਪ ਲਗਾਇਆ ਗਿਆ

**ਫਾਜ਼ਿਲਕਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਫਾਜ਼ਿਲਕਾ ਡਾ.ਲਹਿੰਬਰ ਰਾਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਬੀਤੇ ਦਿਨ 100 ਦਿਨਾਂ ਟੀਬੀ ਮੁਕਤ ਭਾਰਤ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਤਹਿਤ ਅੱਜ ਸੀ.ਐਚ.ਸੀ ਖੂਈਖੇੜਾ ਮੈਡੀਕਲ ਕੈਂਪ ਸੀਨੀਅਰ ਮੈਡੀਕਲ ਅਫ਼ਸਰ ਡਾ: ਵਿਕਾਸ ਗਾਂਧੀ ਦੀ ਦੇਖ-ਰੇਖ ਹੇਠ ਲਗਾਇਆ ਗਿਆ । ਜਿਸ ਵਿੱਚ ਆਏ ਮਰੀਜਾਂ ਦਾ ਟੀ.ਬੀ. ਦੀ ਜਾਂਚ ਕੀਤੀ ਗਈ।

ਇਸ ਦੌਰਾਨ ਜਾਣਕਾਰੀ ਦਿੰਦਿਆਂ ਐਸ.ਐਮ.ਓ ਡਾ.ਵਿਕਾਸ ਗਾਂਧੀ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ 100 ਰੋਜ਼ਾ ਟੀਬੀ ਮੁਕਤ ਭਾਰਤ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੁਹਿੰਮ ਦੌਰਾਨ ਟੀ.ਬੀ ਦੀ ਜਾਂਚ ਅਤੇ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਘਰ-ਘਰ ਜਾਣ ਲਈ ਵਿਸ਼ੇਸ਼ ਟੀਮਾਂ ਵੀ ਬਣਾਈਆਂ ਜਾ ਰਹੀਆਂ ਹਨ ਜੋ ਕਿ ਘਰ-ਘਰ ਜਾ ਕੇ ਟੀ.ਬੀ ਦੇ ਲੱਛਣਾਂ ਦੀ ਜਾਂਚ ਕਰਨਗੀਆਂ ਅਤੇ ਜੇਕਰ ਕੋਈ ਮਰੀਜ਼ ਟੈਸਟ ਰਿਪੋਰਟ ਵਿੱਚ ਟੀ.ਬੀ ਪਾਜ਼ੀਟਿਵ ਪਾਇਆ ਜਾਂਦਾ ਹੈ ਤਾਂ ਉਸ ਨੂੰ ਮੁਫ਼ਤ ਜਾਂਚ ਦੀ ਸਹੂਲਤ ਦਿੱਤੀ ਜਾਵੇਗੀ, ਮੁਫਤ ਇਲਾਜ ਕੀਤਾ ਜਾਵੇਗਾ।

ਇਸ ਸਬੰਧੀ ਐਸ.ਟੀ.ਐਸ



ਜੋਤੀ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਟੀ.ਬੀ ਦੀ ਬਿਮਾਰੀ ਬਾਰੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਕਰ 2 ਹਫ਼ਤਿਆਂ ਤੋਂ ਵੱਧ ਸਮੇਂ ਤੱਕ ਖੰਘ, ਭੁੱਖ ਨਾ ਲੱਗਣਾ, ਭਾਰ ਘਟਣਾ, ਥੁੱਕ ਵਿੱਚ ਖ਼ੂਨ ਆਉਣਾ ਵਰਗੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰ ਕੋਲ ਜਾਓ। ਇਸ ਸਬੰਧੀ ਸਰਕਾਰੀ ਹਸਪਤਾਲ ਵਿੱਚ ਮੁਫ਼ਤ ਜਾਂਚ ਕੀਤੀ ਜਾਂਦੀ ਹੈ।

ਇਸ ਦੌਰਾਨ ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ ਨੇ ਬਲਾਕ ਖੂਈਖੇੜਾ ਦੇ ਸਮੂਹ ਨਿਵਾਸੀਆਂ ਨੂੰ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ।

ਇਸ ਲਈ ਵੱਖ-ਵੱਖ ਸਮੇਂ 'ਤੇ ਸਿਹਤ ਪ੍ਰੋਗਰਾਮ ਸ਼ੁਰੂ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੱਧ ਤੋਂ ਵੱਧ ਸਿਹਤ ਸਹੂਲਤਾਂ ਦਾ ਲਾਭ ਉਠਾਉਣਾ ਚਾਹੀਦਾ ਹੈ।

# ਲੁਧਿਆਣਾ ਵਿੱਚ 55 ਪਿੰਡ ਪੱਧਰੀ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਜਾਣਗੀਆਂ

**ਲੁਧਿਆਣਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕਿਸਾਨਾਂ ਨੂੰ ਜ਼ਮੀਨੀ ਪੱਧਰ ਤੇ ਮਿੱਟੀ ਪਰਖ ਸਹੂਲਤਾਂ ਤੱਕ ਆਸਾਨ ਪਹੁੰਚ ਪ੍ਰਦਾਨ ਕਰਨ ਅਤੇ ਲੰਬੀ ਦੂਰੀ ਦੀ ਯਾਤਰਾ ਤੋਂ ਬਿਨਾਂ ਕਿਫਾਇਤੀ ਜਾਂਚ ਦੀ ਪੇਸ਼ਕਸ਼ ਕਰਨ ਦੇ ਯਤਨ ਵਜੋਂ ਲੁਧਿਆਣਾ ਵਿੱਚ 55 ਪਿੰਡ ਪੱਧਰੀ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਜਾਣਗੀਆਂ।

ਖੇਤੀਬਾੜੀ, ਬਾਗਬਾਨੀ ਅਤੇ ਸਹਿਕਾਰੀ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਕਿਹਾ ਕਿ ਲੁਧਿਆਣਾ ਵਿੱਚ 11 ਖੇਤੀਬਾੜੀ ਬਲਾਕ ਹਨ ਅਤੇ ਹਰੇਕ ਬਲਾਕ ਵਿੱਚ ਪੰਜ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਜਾਣਗੀਆਂ। ਸਹਿਕਾਰਤਾ ਵਿਭਾਗ ਪਿੰਡ ਪੱਧਰੀ ਉੱਦਮੀਆਂ (ਵੀ.ਐਲ.ਈਜ਼) ਨੂੰ ਨਿਯੁਕਤ ਕਰੇਗਾ ਜੋ ਆਪਣੇ-ਆਪਣੇ ਖੇਤਰਾਂ ਤੋਂ ਮਿੱਟੀ ਦੇ ਨਮੂਨੇ ਇਕੱਠੇ ਕਰਨਗੇ।

ਬਿਨੈਕਾਰਾਂ ਨੇ ਵਿਗਿਆਨ ਪਿਛੋਕੜ ਦੇ ਨਾਲ ਘੱਟੋ-ਘੱਟ 10ਵੀਂ ਜਮਾਤ ਪੂਰੀ ਕੀਤੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਕੋਲ ਮੁੱਢਲਾ ਕੰਪਿਊਟਰ ਗਿਆਨ ਹੋਣਾ ਚਾਹੀਦਾ ਹੈ। ਸਹਿਕਾਰਤਾ ਵਿਭਾਗ ਵੱਲੋਂ ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਵੀ.ਐਲ.ਈਜ਼ ਨੂੰ ਖੇਤੀਬਾੜੀ ਅਧਿਕਾਰੀਆਂ ਤੋਂ ਮਿੱਟੀ ਦੇ ਨਮੂਨੇ ਇਕੱਠੇ ਕਰਨ ਅਤੇ ਵਿਸ਼ਲੇਸ਼ਣ ਕਰਨ ਬਾਰੇ ਸਿਖਲਾਈ ਪ੍ਰਾਪਤ ਹੋਵੇਗੀ। ਉਹਨਾਂ ਨੂੰ ਹਰੇਕ ਨਮੂਨੇ ਲਈ 300 ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਹਰੇਕ ਵੀ.ਐਲ.ਈ ਇੱਕ ਸਾਲ ਵਿੱਚ 3,000 ਨਮੂਨੇ ਇਕੱਠੇ ਕਰੇਗਾ।

ਸ੍ਰੀ ਜਤਿੰਦਰ ਜੋਰਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲ ਕਿਸਾਨਾਂ ਨੂੰ ਸਮੇਂ ਸਿਰ ਅਤੇ ਸਹੀ ਮਿੱਟੀ ਵਿਸ਼ਲੇਸ਼ਣ ਦੇ ਨਤੀਜੇ ਪ੍ਰਦਾਨ ਕਰੇਗੀ, ਜਿਸ ਨਾਲ ਖਾਦ ਦੀ ਵਰਤੋਂ ਅਤੇ ਮਿੱਟੀ ਪ੍ਰਬੰਧਨ ਅਭਿਆਸਾਂ ਬਾਰੇ ਬਿਹਤਰ ਫੈਸਲੇ ਲਏ ਜਾ ਸਕਣਗੇ। ਇਹ ਟੈਸਟ ਦੇ ਨਤੀਜਿਆਂ ਦੇ ਆਧਾਰ 'ਤੇ ਅਨੁਕੂਲਿਤ ਮਿੱਟੀ ਪੌਸ਼ਟਿਕ ਸਿਫ਼ਾਰਸ਼ਾਂ ਦੀ ਸਹੂਲਤ ਦੇਵੇਗਾ। ਕਿਸਾਨਾਂ ਦੀ ਮਿੱਟੀ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਏਗਾ ਅਤੇ ਖਾਦ ਦੀ ਵਰਤੋਂ ਨੂੰ ਅਨੁਕੂਲ ਬਣਾਉਣ ਵਿੱਚ ਉਹਨਾਂ ਦੀ ਮਦਦ ਕਰੇਗਾ, ਜਿਸ ਨਾਲ ਇਨਪੁਟ ਲਾਗਤਾਂ ਨੂੰ ਘੱਟ ਕੀਤਾ ਜਾ ਸਕੇਗਾ ਅਤੇ ਘੱਟ ਅਤੇ ਜ਼ਿਆਦਾ ਵਰਤੋਂ ਦੋਵਾਂ ਤੋਂ ਬਚਿਆ ਜਾ ਸਕੇਗਾ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਪਹਿਲ ਸਥਾਨਕ ਮਿੱਟੀ ਡੇਟਾ ਇਕੱਠਾ ਕਰਨ ਦੇਵੇਗੀ, ਜਿਸਦੀ ਵਰਤੋਂ ਅਧਿਐਨ ਕਰਨ, ਨੀਤੀਆਂ ਬਣਾਉਣ ਅਤੇ ਖੇਤੀਬਾੜੀ ਖੇਤਰ ਨੂੰ ਵਿਕਸਤ ਕਰਨ ਲਈ ਕੀਤੀ ਜਾ ਸਕਦੀ ਹੈ। ਉਹਨਾਂ ਨੇ ਕਿਹਾ ਕਿ ਕਿਸਾਨ ਅਕਸਰ ਮਿੱਟੀ ਦੀਆਂ ਜ਼ਰੂਰਤਾਂ ਬਾਰੇ ਕਾਫ਼ੀ ਜਾਣਕਾਰੀ ਤੋਂ ਬਿਨਾਂ ਅੰਨ੍ਹੇਵਾਹ ਖਾਦਾਂ ਦੀ ਵਰਤੋਂ ਕਰਦੇ ਹਨ, ਜਿਸ ਨਾਲ ਬਹੁਤ ਜ਼ਿਆਦਾ ਖਰਚਾ ਹੁੰਦਾ ਹੈ। ਉਹਨਾਂ ਕਿਹਾ ਕਿ ਖਾਦਾਂ ਦੀ ਜ਼ਿਆਦਾ ਵਰਤੋਂ ਨਾ ਸਿਰਫ਼ ਕਿਸਾਨਾਂ ਦੇ ਵਿੱਤ ਨੂੰ ਖਤਮ ਕਰਦੀ ਹੈ ਸਗੋਂ ਮਿੱਟੀ ਦੀ ਸਿਹਤ 'ਤੇ ਵੀ ਮਾੜਾ ਪ੍ਰਭਾਵ ਪਾਉਂਦੀ ਹੈ ਅਤੇ ਅੰਤ ਵਿੱਚ ਉਤਪਾਦਕਤਾ ਨੂੰ ਪ੍ਰਭਾਵਤ ਕਰਦੀ ਹੈ।

ਸ੍ਰੀ ਜਤਿੰਦਰ ਜੋਰਵਾਲ ਨੇ ਅਧਿਕਾਰੀਆਂ ਨੂੰ ਵੀ.ਐਲ.ਈਜ਼ ਦੀ ਨਿਯੁਕਤੀ ਅਤੇ ਸਿਖਲਾਈ ਸੈਸ਼ਨ ਕਰਵਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਅਪੀਲ ਕੀਤੀ ਤਾਂ ਜੋ ਮਿੱਟੀ ਪਰਖ ਪਹਿਲ ਨੂੰ ਪੂਰੇ ਲੁਧਿਆਣਾ ਵਿੱਚ ਵਿਆਪਕ ਤੌਰ 'ਤੇ ਕਵਰ ਕੀਤਾ ਜਾ ਸਕੇ।

# ਡੱਲੇਵਾਲ ਦੇ ਸਮਰਥਨ 'ਚ ਭਲਕੇ ਖਨੌਰੀ ਬਾਰਡਰ ਪੁੱਜਣਗੇ ਕਿਸਾਨ



**ਪਿਹੋਵਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਹਲਕਾ ਪ੍ਰਧਾਨ ਕੰਵਲਜੀਤ ਛੱਜੂਪੁਰ ਅਤੇ ਯੂਥ ਪ੍ਰਧਾਨ ਸੁਖਵਿੰਦਰ ਮੁਕੀਮਪੁਰਾ ਦੀ ਪ੍ਰਧਾਨਗੀ ਹੇਠ ਕਿਸਾਨ ਰੈਸਟ ਹਾਊਸ ਵਿੱਚ ਹੋਈ। ਇਸ ਮੌਕੇ ਐੱਮਐੱਸਪੀ ਸਣੇ ਸਾਰੀਆਂ ਮੰਗਾਂ ਦੇ ਹੱਕ ਵਿੱਚ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਦਾ ਸਰਬਸੰਮਤੀ ਨਾਲ ਸਮਰਥਨ ਕੀਤਾ ਗਿਆ। ਕਿਸਾਨ 19 ਦਸੰਬਰ ਨੂੰ ਸਵੇਰੇ 10 ਵਜੇ ਕਿਸਾਨ ਰੈਸਟ ਹਾਊਸ ਪਿਹੋਵਾ ਵਿੱਚ ਇਕੱਠੇ ਹੋ ਕੇ ਖਨੌਰੀ ਸਰਹੱਦ 'ਤੇ ਜਾਣਗੇ। ਯੂਥ ਪ੍ਰਧਾਨ ਸੁਖਵਿੰਦਰ ਮੁਕੀਮਪੁਰਾ ਨੇ ਦੱਸਿਆ ਕਿ ਡੱਲੇਵਾਲ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਪਰ ਸਰਕਾਰ ਆਪਣੀ ਜ਼ਿੱਦ ਨਹੀਂ ਛੱਡ ਰਹੀ। ਜਦੋਂਕਿ ਪਿਛਲੇ ਅੰਦੋਲਨ ਦੌਰਾਨ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਸਣੇ ਇਨ੍ਹਾਂ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦਾ ਵਾਅਦਾ ਕਰਦਿਆਂ ਲਿਖਤੀ ਪੱਤਰ ਦਿੱਤਾ ਸੀ। ਸਰਕਾਰ ਲੋਕਤੰਤਰ ਦੀ ਮਰਿਆਦਾ ਨੂੰ ਭੁੱਲ ਗਈ ਹੈ। ਜੋ ਕਿ ਸਹੀ ਨਹੀਂ ਹੈ। ਬੀਕੇਯੂ ਦੇ ਬੁਲਾਰੇ ਪ੍ਰਿੰਸ ਵੜੈਚ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਸਾਰੇ ਕਿਸਾਨ ਆਗੂਆਂ ਨੂੰ ਡੱਲੇਵਾਲ ਦੇ ਮਰਨ ਵਰਤ ਸਣੇ ਅੰਦੋਲਨ ਸਬੰਧੀ ਮਾਮਲੇ ਦਾ ਵੀ ਨੋਟਿਸ ਲੈਣਾ ਚਾਹੀਦਾ ਹੈ, ਕਿਉਂਕਿ ਐੱਮਐੱਸਪੀ ਗਾਰੰਟੀ ਵਰਗੀ ਵੱਡੀ ਮੰਗ ਸੰਘਰਸ਼ ਰਾਹੀਂ ਹੀ ਪੂਰੀ ਹੋ ਸਕਦੀ ਹੈ। ਇਸ ਮੌਕੇ ਗੁਰਲਾਲ ਅਸਮਾਨਪੁਰ, ਅਜੈਬ ਸਿੰਘ, ਮਨੀਸ਼ ਮਲਿਕ, ਮਿਲੂ ਸਰਸਾ, ਰਮਨ ਕਾਹਲੋਂ, ਸੁਰਜੀਤ ਸਿੰਘ, ਦਿਲਬਾਗ ਮਲਿਕ, ਸਤਨਾਮ ਵਿਰਕ, ਕਾਕੂ ਚੀਮਾ, ਜਸ਼ਨ ਉੱਪਲ, ਰਾਜਪਾਲ ਵਿਰਕ, ਜਤਿੰਦਰ ਥਿੰਦ, ਬਬਲੂ ਜਾਂਗੜਾ, ਟਹਿਲ ਸਿੰਘ, ਜਗਦੀਸ਼ ਸੁਰਮੀ ਅਤੇ ਗੌਰਵ ਕੁਮਾਰ ਸਮੇਤ ਕਈ ਕਿਸਾਨ ਹਾਜ਼ਰ ਸਨ।

# ਸਿਹਤ ਪ੍ਰੋਗਰਾਮਾਂ ਬਾਰੇ ਵੱਧ ਤੋਂ ਵੱਧ ਫੈਲਾਈ ਜਾਵੇ ਜਾਗਰੂਕਤਾ: ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ



**ਤਰਨ ਤਾਰਨ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਦੀ ਯੋਗ ਅਗਵਾਈ ਹੇਠ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸਿਹਤ ਪ੍ਰੋਗਰਾਮਾਂ ਤੇ ਸਮੀਖਿਆ ਸਬੰਧੀ ਦਫਤਰ ਸਿਵਿਲ ਸਰਜਨ ਵਿਖੇ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਦੇ ਵਿੱਚ ਵੱਖ-ਵੱਖ ਬਲਾਕਾਂ ਤੋਂ ਬਲਾਕ ਐਕਸਟੈਂਸ਼ਨ ਐਜੂਕੇਟਰਾਂ ਅਤੇ ਮਲਟੀਪਰਪਜ ਹੈਲਥ ਸੁਪਰਵਾਈਜ਼ਰਾਂ (ਫੀਮੇਲ) ਵੱਲੋਂ ਹਿੱਸਾ ਲਿਆ ਗਿਆ।

ਇਸ ਮੀਟਿੰਗ ਦੌਰਾਨ ਵਿਸ਼ੇਸ਼ ਤੌਰ ਤੇ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੇ ਬੱਚਿਆਂ ਦੇ ਟੀਕਾਕਰਨ, ਅਨੀਮੀਆ ਮੁਕਤ ਭਾਰਤ, ਸਾਂਸ ਪ੍ਰੋਗਰਾਮ ਅਤੇ 100 ਦਿਨੀ ਟੀਬੀ ਜਾਗਰੂਕਤਾ ਮੁਹਿੰਮ ਹਦਾਇਤਾਂ ਜਾਰੀ ਕੀਤੀਆਂ ਗਈਆਂ।

ਇਸ ਮੌਕੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਸਿਹਤ ਪ੍ਰੋਗਰਾਮ ਬਾਰੇ ਸਿਹਤ ਕਰਮੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਤਾਂ ਜੋ ਇਸ ਦਾ ਲਾਭ ਵੱਡੀ ਗਿਣਤੀ ਦੇ ਵਿੱਚ ਨਾਗਰਿਕਾਂ ਨੂੰ ਪਹੁੰਚ ਸਕੇ।

ਇਸ ਤੋਂ ਇਲਾਵਾ ਡਾਕਟਰ ਰਾਏ ਨੇ ਕਿਹਾ ਕਿ ਵਿਭਾਗ ਵੱਲੋਂ ਸਾਂਸ ਮੁਹਿੰਮ ਵੀ ਚਲਾਈ ਜਾ ਰਹੀ ਹੈ ਜੋ ਕਿ ਫਰਵਰੀ 28 ਤੱਕ ਚੱਲੇਗੀ ਇਸ ਦੌਰਾਨ, 0 ਤੋਂ 5 ਸਾਲਾਂ ਦੇ ਬੱਚਿਆਂ ਦੇ ਵਿੱਚ ਨਿਮੋਨੀਆ ਸਬੰਧੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਕੋਈ ਵੀ ਬੱਚਾ ਨਿਮੋਨੀਆ ਵਰਗੀ ਨਾਮੁਰਾਦ ਬਿਮਾਰੀ ਕਾਰਨ ਆਪਣੀ ਜਾਨ ਨਾ ਗਵਾਏ।

ਡਾਕਟਰ ਰਾਏ ਨੇ ਕਿਹਾ ਕਿ ਟੀਬੀ ਵਰਗੀ ਬਿਮਾਰੀ ਦੇ ਖਾਤਮੇ ਦੇ ਲਈ 100 ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਸਿਹਤ ਕਰਮੀਆਂ ਵੱਲੋਂ ਪਿੰਡਾਂ ਦੇ ਵਿੱਚ ਟੀਬੀ ਤੋਂ ਪੀੜਿਤ ਵਿਅਕਤੀਆਂ ਦੀ ਸ਼ਨਾਖਤ ਕੀਤੀ ਜਾਵੇਗੀ ਤਾਂ ਜੋ ਉਹਨਾਂ ਦਾ ਇਲਾਜ ਸਮੇਂ ਸਿਰ ਕਰਵਾਇਆ ਜਾ ਸਕੇ।

ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਮੀਟਿੰਗ ਦੌਰਾਨ ਜਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਵਿੱਚ ਕੀਤੇ ਜਾਣ ਵਾਲੇ ਟੀਕਾਕਰਨ ਬਾਰੇ ਸਮੀਖਿਆ ਕੀਤੀ ਗਈ।

ਉਹਨਾਂ ਕਿਹਾ ਕਿ ਸਿਹਤ ਕਰਮੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਜ਼ਿਲੇ ਦੇ ਵਿੱਚ ਕੋਈ ਵੀ ਲਾਭਪਾਤਰੀ ਬੱਚਾ ਟੀਕਾ ਕਰਨ ਤੋਂ ਵਾਂਝਾ ਨਾ ਰਹੇ। ਡਾ. ਵਰਿੰਦਰ ਪਾਲ ਕੌਰ ਨੇ ਕਿਹਾ ਕਿ ਵਿਭਾਗ ਵੱਲੋਂ ਹਰ ਬੁੱਧਵਾਰ ਅਤੇ ਸ਼ਨੀਵਾਰ ਨੂੰ ਟੀਕਾਕਰਨ ਸੈਸ਼ਨ ਲਗਾ ਕੇ ਬੱਚਿਆਂ ਨੂੰ ਟੀਕੇ ਲਗਾਏ ਜਾਂਦੇ ਹਨ ਅਤੇ ਮਾਪੇ ਇਸਦਾ ਵੱਧ ਤੋਂ ਵੱਧ ਲਾਭ ਉਠਾਉਣ।

ਇਸ ਤੋਂ ਇਲਾਵਾ ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਵਿਭਾਗ ਵੱਲੋਂ ਅਨੀਮੀਆ ਮੁਕਤ ਭਾਰਤ ਪ੍ਰੋਗਰਾਮ ਨੂੰ ਵੀ ਜ਼ਿਲ੍ਹੇ ਦੇ ਵਿੱਚ ਚਲਾਇਆ ਜਾ ਰਿਹਾ ਹੈ ਅਤੇ ਅਨੀਮੀਆ ਤੋਂ ਪੀੜਿਤ ਲੜਕੀਆਂ ਅਤੇ ਮਹਿਲਾਵਾਂ ਨੂੰ ਸਿਹਤ ਕਰਮੀਆਂ ਵਲੋਂ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅਨੀਮੀਆ ਤੋਂ ਬਚਾ ਲਈ ਮਹਿਲਾਵਾਂ ਚੰਗੀ ਪੋਸਟਿਕ ਖੁਰਾਕ ਲੈਣ ਅਤੇ ਆਪਣੇ ਭੋਜਨ ਦੇ ਵਿੱਚ ਹਰੀਆਂ ਸਬਜ਼ੀਆਂ ਅਤੇ ਦੁੱਧ ਵਾਲੇ ਪਦਾਰਥਾਂ ਦਾ ਸੇਵਨ ਕਰਨ।

ਉਹਨਾਂ ਕਿਹਾ ਕਿ ਸਾਂਸ ਮੁਹਿੰਮ ਤਹਿਤ ਵੱਖ-ਵੱਖ ਵਿਸ਼ੇਸ਼ ਸੰਸਥਾਵਾਂ ਦੇ ਵਿੱਚ ਨਵਜੰਮੇ ਬੱਚਿਆਂ ਅਤੇ ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੀ ਜਾਂਚ ਨਿਰੰਤਰ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਦਿਨੋ ਦਿਨ ਵੱਧ ਰਹੀ ਠੰਡ ਨੂੰ ਧਿਆਨ ਵਿੱਚ ਰੱਖਦਿਆਂ ਬੱਚਿਆਂ ਦੇ ਮਾਤਾ ਪਿਤਾ ਉਹਨਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਜੇਕਰ ਬੱਚੇ ਨੂੰ ਜੇਕਰ ਸਾਹ ਲੈਣ ਵਿੱਚ ਦਿੱਕਤ ਤੇਜ਼ ਬੁਖਾਰ ਜਾਂ ਫਿਰ ਥਕਾਵਟ ਰਹਿੰਦੀ ਹੈ ਤਾਂ ਉਸ ਨੂੰ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿਖੇ ਜਾਂਚ ਲਈ ਲੈ ਕੇ ਜਾਣ।

ਇਸ ਮੌਕੇ ਮੈਡੀਕਲ ਅਫਸਰ ਡਾਕਟਰ ਰਾਜਬੀਰ ਸਿੰਘ ਡਾਕਟਰ ਰਣਦੀਪ ਸਿੰਘ ਅਤੇ ਜ਼ਿਲਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ ਆਦਿ ਮੌਜੂਦ ਰਹੇ।

# ਬੂਸਟਿੰਗ ਸਟੇਸ਼ਨ ਦੇ ਵਿਵਾਦ ਨੂੰ ਸਮਾਪਤ ਕਰਨ ਲਈ ਬੀਡੀਪੀਓ ਨੇ ਮੀਟਿੰਗ ਸੱਦੀ

**ਰਤੀਆ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕਾਫੀ ਸਮੇਂ ਤੋਂ ਜਨ ਸਿਹਤ ਵਿਭਾਗ ਵੱਲੋਂ ਪਿੰਡ ਜੱਲੋਪੁਰ ਵਿੱਚ ਨਹਿਰੀ ਪਾਣੀ ਦੀ ਸਪਲਾਈ ਦੇਣ ਲਈ ਪਿੰਡ ਲਾਲੀ ਵਿੱਚ ਬੂਸਟਿੰਗ ਸਟੇਸ਼ਨ ਦੇ ਨਿਰਮਾਣ ਨੂੰ ਲੈ ਕੇ ਦੋਵੇਂ ਪਿੰਡਾਂ ਦੀਆਂ ਪੰਚਾਇਤਾਂ ਵਿਚਕਾਰ ਚੱਲ ਰਹੇ ਵਿਵਾਦ ਨੂੰ ਸਮਾਪਤ ਕਰਨ ਲਈ ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਦਫ਼ਤਰ ਵਿੱਚ ਡੀਸੀ ਦੇ ਆਦੇਸ਼ ਤੇ ਬੀਡੀਪੀਓ ਹਨੀਸ਼ ਕੁਮਾਰ ਦੀ ਪ੍ਰਧਾਨਗੀ ਹੇਠ ਮੀਟਿੰਗ ਬੁਲਾਈ ਗਈ। ਮੀਟਿੰਗ ਵਿੱਚ ਜਿੱਥੇ ਪਿੰਡ ਲਾਲੀ ਦੀ ਪੰਚਾਇਤ ਵੱਲੋਂ ਪਹਿਲਾਂ ਤੋਂ ਜਨ ਸਿਹਤ ਵਿਭਾਗ ਨੂੰ ਬੂਸਟਿੰਗ ਸਟੇਸ਼ਨ ਦੇ ਨਿਰਮਾਣ ਲਈ ਦਿੱਤੀ ਗਈ ਜ਼ਮੀਨ ਦੇ ਪ੍ਰਸਤਾਵ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਗਿਆ, ਉਥੇ ਪਿੰਡ ਦੇ ਮੰਦਰ ਨੇੜੇ ਬੂਸਟਿੰਗ ਸਟੇਸ਼ਨ ਦੇ ਨਿਰਮਾਣ ਲਈ ਨਵੇਂ ਪੱਧਰ 'ਤੇ ਜ਼ਮੀਨ ਦੇਣ ਲਈ ਜਲਦੀ ਗ੍ਰਾਮ ਸਭਾ ਦੀ ਮੀਟਿੰਗ ਬੁਲਾਉਣ ਦਾ ਵੀ ਫੈਸਲਾ ਕੀਤਾ ਗਿਆ। ਗ੍ਰਾਮ ਸਭਾ ਮੀਟਿੰਗ ਲਈ ਬੀਡੀਪੀਓ ਖੁਦ ਹੀ ਤਾਰੀਖ ਨਿਰਧਾਰਿਤ ਕਰਨਗੇ। ਮੀਟਿੰਗ ਵਿਚ ਜਨ ਸਿਹਤ ਵਿਭਾਗ ਦੇ ਐੱਸਡੀਓ ਅੰਚਲ ਜੈਨ, ਜੇਈ ਅਮਨ ਕੁਮਾਰ, ਪੰਚਾਇਤ ਸਮਿਤੀ ਦੇ ਚੇਅਰਮੈਨ ਕੇਵਲ ਮਹਿਤਾ, ਗ੍ਰਾਮ ਸਕੱਤਰ ਜਾਰਜ, ਪਿੰਡ ਲਾਲੀ ਦੇ ਸਰਪੰਚ ਅਤੇ ਸਾਬਕਾ ਸਰਪੰਚ ਮਦਨ ਲਾਲ, ਪਿੰਡ ਜੱਲੋਪੁਰ ਦੇ ਸਾਬਕਾ ਸਰਪੰਚ ਮਾਂਗੇ ਰਾਮ ਗੋਦਾਰਾ ਸ਼ਾਮਲ ਹੋਏ।

ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਹਨੀਸ਼ ਕੁਮਾਰ ਨੇ ਦੱਸਿਆ ਕਿ ਮੀਟਿੰਗ ਵਿਚ ਫੈਸਲਾ ਲਿਆ ਗਿਆ ਹੈ ਕਿ ਜਲਦੀ ਹੀ ਪਿੰਡ ਲਾਲੀ ਦੀ ਪੰਚਾਇਤ ਵੱਲੋਂ ਜਨਤਕ ਤੌਰ 'ਤੇ ਹੀ ਗ੍ਰਾਮ ਸਭਾ ਬੁਲਾਈ ਜਾਵੇਗੀ ਅਤੇ ਬੂਸਟਿੰਗ ਸਟੇਸ਼ਨ ਦੇ ਨਿਰਮਾਣ ਲਈ ਨਵੇਂ ਪੱਧਰ 'ਤੇ ਜ਼ਮੀਨ ਦਾ ਮਤਾ ਪਾਸ ਕੀਤਾ ਜਾਵੇਗਾ। ਗ੍ਰਾਮ ਸਭਾ ਦੀ ਮੀਟਿੰਗ ਦੌਰਾਨ ਜੋ ਵੀ ਫੈਸਲਾ ਹੋਵੇਗਾ, ਉਸੇ ਤਹਿਤ ਜ਼ਮੀਨ ਦਿੱਤੀ ਜਾਵੇਗੀ।

# ਘਰ-ਘਰ ਕੂੜਾ ਇਕੱਠਾ ਕਰਨ ਵਾਲੇ ਕਰਮਚਾਰੀਆਂ ਵੱਲੋਂ ਪ੍ਰਦਰਸ਼ਨ

**ਅੰਬਾਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਡੋਰ-ਟੂ-ਡੋਰ ਕੂੜਾ ਕੁਲੈਕਸ਼ਨ ਕਰਮਚਾਰੀਆਂ ਨੇ ਨਗਰ ਪਾਲਿਕਾ ਕਰਮਚਾਰੀ ਸੰਘ ਹਰਿਆਣਾ ਦੇ ਬੈਨਰ ਥੱਲੇ ਪ੍ਰਧਾਨ ਸੇਵਾ ਰਾਮ ਦੀ ਅਗਵਾਈ ਵਿਚ ਪਿਛਲੇ 3-4 ਮਹੀਨਿਆਂ ਤੋਂ ਠੇਕੇਦਾਰ ਵੱਲੋਂ ਤਨਖ਼ਾਹ ਨਾ ਦੇਣ ਵਿਰੁੱਧ ਅੱਜ ਨਗਰ ਪ੍ਰੀਸ਼ਦ ਗੇਟ ਅੱਗੇ ਰੋਸ ਪ੍ਰਦਰਸ਼ਨ ਕੀਤਾ। ਇਸ ਤੋਂ ਪਹਿਲਾਂ ਸਫ਼ਾਈ ਕਰਮਚਾਰੀਆਂ ਨੇ ਸ਼ਹਿਰ ਵਿੱਚ ਮਾਰਚ ਕੀਤਾ ਅਤੇ ਠੇਕੇਦਾਰ ਤੇ ਪ੍ਰਸ਼ਾਸਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਕਰਮਚਾਰੀਆਂ ਦੇ ਪ੍ਰਧਾਨ ਸੇਵਾ ਰਾਮ ਅਤੇ ਨਗਰ ਪ੍ਰੀਸ਼ਦ ਅਧਿਕਾਰੀਆਂ ਦੀ ਮੀਟਿੰਗ ਹੋਈ ਜਿਸ ਵਿਚ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਗਿਆ ਕਿ ਕੱਲ੍ਹ 18 ਦਸੰਬਰ ਨੂੰ 12 ਤੋਂ 1 ਵਜੇ ਦੇ ਦਰਮਿਆਨ ਬਕਾਇਆਂ ਤਨਖ਼ਾਹ ਉਨ੍ਹਾਂ ਦੇ ਖਾਤਿਆਂ ਵਿਚ ਪਹੁੰਚ ਜਾਵੇਗੀ

# ਐੱਸਡੀਐੱਮ ਨੇ ਕੈਂਪ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਰਤੀਆ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਮੈਜਿਸਟਰੇਟ ਜਗਦੀਸ਼ ਚੰਦਰ ਦੀ ਪ੍ਰਧਾਨਗੀ ਹੇਠ ਸਥਾਨਕ ਮਿੰਨੀ ਸਕੱਤਰੇਤ ਦੇ ਆਡੀਟੋਰੀਅਮ ਵਿੱਚ ਨਿਵਾਰਣ ਕੈਂਪ ਲਗਾਇਆ ਜਾ ਰਿਹਾ ਹੈ। ਹਰ ਕੰਮ ਵਾਲੇ ਦਿਨ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ ਲਗਾਏ ਜਾਣ ਵਾਲੇ ਹੱਲ ਕੈਂਪ ਵਿੱਚ ਐੱਸਡੀਐੱਮ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਸਬੰਧਤ ਵਿਭਾਗਾਂ ਨੂੰ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਦਾ ਜਲਦੀ ਨਿਪਟਾਰਾ ਕਰਨ ਲਈ ਨਿਵਾਰਣ ਕੈਂਪ ਲਗਾ ਕੇ ਨਿਵੇਕਲੀ ਪਹਿਲ ਕੀਤੀ ਹੈ। ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਐੱਸਡੀਐੱਮ ਜਗਦੀਸ਼ ਚੰਦਰ ਨੇ ਕਿਹਾ ਕਿ ਉਹ ਕੈਂਪ ਵਿੱਚ ਆਉਣ ਵਾਲੀਆਂ ਸ਼ਿਕਾਇਤਾਂ ਦਾ ਤੁਰੰਤ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਅਤੇ ਇਸ ਦੇ ਨਾਲ ਹੀ ਪੋਰਟਲ 'ਤੇ ਡਾਟਾ ਵੀ ਅੱਪਡੇਟ ਕਰਦੇ ਰਹਿਣ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਉਹ ਨਿਵਾਰਣ ਕੈਂਪ ਵਿੱਚ ਆਪਣੀ ਸ਼ਿਕਾਇਤ ਜ਼ਰੂਰ ਦੇਣ। ਇਹ ਕੈਂਪ ਆਮ ਲੋਕਾਂ ਲਈ ਬਹੁਤ ਲਾਹੇਵੰਦ ਸਾਬਤ ਹੋ ਰਹੇ ਹਨ। ਇਸ ਮੌਕੇ ਨਾਇਬ ਤਹਿਸੀਲਦਾਰ ਅਸ਼ੋਕ ਕੁਮਾਰ, ਬੀਡੀਪੀਓ ਵਿਕਾਸ ਕੁਮਾਰ ਲੰਗਿਆਣ, ਨਗਰ ਕੌਂਸਲ ਦੇ ਸਕੱਤਰ ਸੰਦੀਪ ਭੁੱਕਲ, ਮਾਰਕੀਟ ਕਮੇਟੀ ਦੇ ਸਕੱਤਰ ਨਰਿੰਦਰ ਕੁੰਡੂ, ਐੱਸਈਪੀਓ ਮਹਿੰਦਰ ਮਤਾਣਾ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਪੁਲਿਸ ਨੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਮੰਗਿਆ ਸਹਿਯੋਗ

**ਸ਼ਾਹਬਾਦ ਮਾਰਕੰਡਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲੀਸ ਕਪਤਾਨ ਵਰੁਣ ਸਿੰਗਲਾ ਨੇ ਕਿਹਾ ਹੈ ਕਿ ਸਾਰੇ ਨੌਜਵਾਨ ਆਪਣੀ ਊਰਜਾ ਪੜ੍ਹਾਈ ਤੇ ਖੇਡਾਂ ਵਿਚ ਲਾਉਣ ਤੇ ਵਧੀਆ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਆਪਣੇ ਮਾਪਿਆਂ ਦਾ ਸੁਪਨਾ ਸਾਕਾਰ ਕਰਨ। ਉਹ ਅੱਜ ਇੱਥੇ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਦੱਸਿਆ ਕਿ ਪੁਲੀਸ ਨੇ ਇਸ ਸਾਲ ਹੁਣ ਤੱਕ 27 ਮਹਿਲਾਵਾਂ ਸਣੇ 417 ਮੁਲਜ਼ਮਾਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ 209 ਕੇਸ ਦਰਜ ਕੀਤੇ ਹਨ।

ਮੁਲਜ਼ਮਾਂ ਕੋਲੋਂ ਕਰੋੜਾਂ ਰੁਪਏ ਦੀ 4739 ਕਿੱਲੋ 207 ਗਰਾਮ ਚੂਰਾ ਪੋਸਤ, 903.86 ਗਰਾਮ ਸਮੈਕ, 88 ਕਿੱਲੋ 444 ਗਰਾਮ ਅਫੀਮ, ਇਕ ਕਿੱਲੋ 48 ਗਰਾਮ 17 ਮਿਲੀਗਰਾਮ ਹੈਰੋਇਨ, 122.18 ਗਰਾਮ ਚਰਸ , 11162 ਨਸ਼ੀਲੀਆਂ ਗੋਲੀਆਂ,28 ਸਰਿਪ,4264 ਕੈਪਸੂਲ ਤੇ 43 ਕਿੱਲੋ 600 ਗਰਾਮ ਅਫੀਮ ਦੇ ਪੌਦੇ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਦੀ ਅਸਲੀ ਥਾਂ ਜੇਲ੍ਹ ਵਿਚ ਹੈ। ਇਸ ਲਈ ਨਸ਼ਾ ਵੇਚਣ ਵਾਲਿਆਂ ਦੀ ਜਾਣਕਾਰੀ ਦਿੱਤੀ ਜਾਵੇ।

# ਰਾਜਧਾਨੀ ਦੀ ਹਵਾ ਮੁੜ 'ਗੰਭੀਰ' ਸ਼੍ਰੇਣੀ ਵਿੱਚ

**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ-ਐਨਸੀਆਰ ਵਿੱਚ ਹਵਾ ਦੀ ਗੁਣਵੱਤਾ ਗੰਭੀਰ ਸ਼੍ਰੇਣੀ ਵਿੱਚ ਪਹੁੰਚ ਗਈ ਹੈ। ਕਈ ਖੇਤਰਾਂ ਦਾ ਏਕਿਊਆਈ 400 ਨੂੰ ਪਾਰ ਕਰ ਗਿਆ ਹੈ।

ਇਸ ਦੇ ਮੱਦੇਨਜ਼ਰ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ ਨੂੰ ਅੱਜ ਰਾਤ ਤੋਂ ਕੌਮੀ ਰਾਜਧਾਨੀ ਅਤੇ ਇਸ ਦੇ ਆਸਪਾਸ ਦੇ ਖੇਤਰਾਂ ਵਿੱਚ ਜੀਆਰਏਪੀ 4 ਪਾਬੰਦੀਆਂ ਲਗਾਉਣੀਆਂ ਪਈਆਂ। ਇਸ ਤੋਂ ਪਹਿਲਾਂ ਸੋਮਵਾਰ ਦੁਪਹਿਰ ਨੂੰ, ਜੀਆਰਏਪੀ 3 ਪਾਬੰਦੀਆਂ ਲਾਗੂ ਕੀਤੀਆਂ ਗਈਆਂ ਸਨ।

ਸੀਪੀਸੀਬੀ ਅਨੁਸਾਰ ਦਿੱਲੀ ਵਿੱਚ ਕਈ ਥਾਵਾਂ ਦਾ ਹਵਾ ਸੂਚਕਾਂਕ ਅੱਜ ਸਵੇਰੇ 8 ਵਜੇ 400 ਨੂੰ ਪਾਰ ਕਰ ਗਿਆ। ਇਸ ਦੇ ਨਾਲ ਹੀ ਦਿੱਲੀ ਦੇ ਕੁਝ ਹਿੱਸਿਆਂ ਵਿੱਚ ਧੁੰਦ ਦੀ ਚਾਦਰ ਛਾਈ ਰਹੀ ਅਤੇ ਘੱਟੋ-ਘੱਟ ਤਾਪਮਾਨ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਤੋਂ ਪਹਿਲਾਂ ਸੋਮਵਾਰ ਦੁਪਹਿਰ ਨੂੰ ਗਰੁੱਪ-3 ਦੀਆਂ 9-ਪੁਆਇੰਟ ਪਾਬੰਦੀਆਂ ਨੂੰ ਲਾਗੂ ਕੀਤਾ ਗਿਆ ਸੀ ਅਤੇ ਰਾਤ 10 ਵਜੇ ਦਿੱਲੀ ਦਾ ਏਕਿਊਆਈ 401 ਯਾਨੀ ਗੰਭੀਰ ਸ਼੍ਰੇਣੀ 'ਤੇ ਪਹੁੰਚਣ ਤੋਂ ਬਾਅਦ, ਗਰੁੱਪ-4 ਦੀਆਂ ਸੱਤ-ਪੁਆਇੰਟ ਪਾਬੰਦੀਆਂ ਨੂੰ ਵੀ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਗਿਆ। ਦਿੱਲੀ ਐਨਸੀਆਰ ਵਿੱਚ ਇੱਕ ਵਾਰ ਫਿਰ ਸਿਹਤ ਸੰਕਟਕਾਲੀਨ ਸਥਿਤੀ ਪੈਦਾ ਹੋ ਗਈ ਹੈ। ਹਵਾ ਦਾ ਦਮ ਘੁੱਟਣ ਲੱਗਾ ਹੈ ਅਤੇ ਮੌਸਮ ਵੀ ਸਾਥ ਨਹੀਂ ਦੇ ਰਿਹਾ। ਫਿਲਹਾਲ ਐਨਸੀਆਰ ਦੇ ਸਾਰੇ ਸ਼ਹਿਰ ਰੈੱਡ ਜ਼ੋਨ ਵਿੱਚ ਚੱਲ ਰਹੇ ਹਨ। ਵਾਯੂਮੰਡਲ ਵਿੱਚ ਧੁੰਦ ਦੀ ਪਰਤ ਹੈ। ਦਿੱਲੀ ਦੇ ਸਾਰੇ ਇਲਾਕੇ ਵੀ ਗੰਭੀਰ ਪ੍ਰਦੂਸ਼ਣ ਦੀ ਲਪੇਟ ਵਿੱਚ ਹਨ। ਮਕਾਨ ਉਸਾਰੀ ਦੇ ਕਾਰਜਾਂ ਸਣੇ ਹੋਰ ਕੰਮਾਂ 'ਤੇ ਲਾਈ ਪਾਬੰਦੀ

ਦਿੱਲੀ ਤੋਂ ਇਲਾਵਾ ਗੁਰੂਗ੍ਰਾਮ, ਫਰੀਦਾਬਾਦ, ਗਾਜ਼ੀਆਬਾਦ ਅਤੇ ਗੌਤਮ ਬੁੱਧ ਨਗਰ ਵਿੱਚ 9ਵੀਂ ਅਤੇ 11ਵੀਂ ਜਮਾਤ ਤੱਕ ਦੇ ਸਕੂਲਾਂ ਨੂੰ ਲਾਜ਼ਮੀ ਤੌਰ 'ਤੇ ਆਨਲਾਈਨ ਜਮਾਤਾਂ ਲਾਉਣ ਲਈ ਕਿਹਾ ਗਿਆ ਹੈ। ਮਾਪੇ ਅਤੇ ਬੱਚੇ ਆਨਲਾਈਨ ਜਾਂ ਆਫਲਾਈਨ ਪੜ੍ਹਾਈ ਕਰਨ ਦੀ ਚੋਣ ਕਰ ਸਕਦੇ ਹਨ।

ਐਨਸੀਆਰ ਦੇ ਹੋਰ ਜ਼ਿਲ੍ਹਿਆਂ ਵਿੱਚ ਵੀ, ਰਾਜ ਸਰਕਾਰਾਂ ਸਕੂਲਾਂ ਨੂੰ ਹਾਈਬ੍ਰਿਡ ਮੋਡ ਵਿੱਚ ਚਲਾਉਣ ਦਾ ਆਦੇਸ਼ ਦੇ ਸਕਦੀਆਂ ਹਨ। ਇਸ ਦੇ ਨਾਲ ਹੀ ਦਫ਼ਤਰਾਂ ਦੇ ਖੁੱਲ੍ਹਣ ਅਤੇ ਬੰਦ ਹੋਣ ਦਾ ਸਮਾਂ ਵੱਖਰੇ ਤੌਰ 'ਤੇ ਤੈਅ ਕੀਤਾ ਜਾ ਸਕਦਾ ਹੈ।

ਹੁਣ ਦਿੱਲੀ-ਐਨਸੀਆਰ



ਵਿੱਚ ਤੋੜਫੋੜ ਅਤੇ ਭਵਨ ਉਸਾਰੀ ਕਾਰਜਾਂ 'ਤੇ ਪਾਬੰਦੀ ਰਹੇਗੀ। ਫਲਾਈਓਵਰ, ਸੜਕਾਂ, ਰਾਸ਼ਟਰੀ ਰਾਜਮਾਰਗ, ਓਵਰਬ੍ਰਿਜ, ਨਿਰਮਾਣ ਸਮੱਗਰੀ ਲੈ ਕੇ ਜਾਣ ਵਾਲੇ ਵਾਹਨਾਂ, ਸਾਰੀਆਂ ਸਟੋਨ ਕਰੱਸ਼ਰ ਮਸ਼ੀਨਾਂ ਦੇ ਸੰਚਾਲਨ, ਮਾਈਨਿੰਗ ਅਤੇ ਸਬੰਧਤ ਗਤੀਵਿਧੀਆਂ ਵਰਗੇ ਪ੍ਰਾਜੈਕਟਾਂ 'ਤੇ ਵੀ ਪਾਬੰਦੀ ਹੋਵੇਗੀ। ਸਿਰਫ਼ ਹਸਪਤਾਲ, ਰੇਲ, ਮੈਟਰੋ, ਹਵਾਈ ਅੱਡੇ ਅਤੇ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਮਹੱਤਵਪੂਰਨ ਪ੍ਰਾਜੈਕਟਾਂ ਨੂੰ ਛੋਟ ਦਿੱਤੀ ਗਈ ਹੈ।

ਇੱਥੇ ਆਨੰਦ ਵਿਹਾਰ ਵਿੱਚ ਏਕਿਊਆਈ 467 (ਗੰਭੀਰ) ਸੀ ਜਦੋਂ ਕਿ ਅਲੀਪੁਰ-454 (ਗੰਭੀਰ) ਅਸ਼ੋਕ ਵਿਹਾਰ-459 (ਗੰਭੀਰ), ਦੁਆਰਕਾ ਸੈਕਟਰ-8429 (ਗੰਭੀਰ) ਸੀ। ਜਹਾਂਗੀਰਪੁਰੀ-468 (ਗੰਭੀਰ), ਨਜਫਗੜ੍ਹ-358 (ਬਹੁਤ ਮਾੜਾ) ਰੋਹਿਨੀ-464 (ਗੰਭੀਰ) ਆਰਕੇਪੁਰਮ-427(ਗੰਭੀਰ) ਨਾਰੇਲਾ-427 ਗੰਭੀਰ , ਗਾਜ਼ੀਆਬਾਦ 374 (ਬਹੁਤ ਖਰਾਬ) ਨੋਇਡਾ ਸੈਕਟਰ-62 (ਗੰਭੀਰ) ਹਵਾ ਗੁਣਵੱਤਾ ਰਹੀ। ਰਾਜਧਾਨੀ ਵਿੱਚ ਏਕਿਊਆਈ ਵਧਣ ਕਾਰਨ ਅੱਜ ਸਵੇਰੇ ਪਾਰਕਾਂ ਅਤੇ ਸੜਕਾਂ 'ਤੇ ਆਮ ਨਾਲੋਂ ਘੱਟ ਲੋਕ ਦਿਖਾਈ ਦਿੱਤੇ। ਵਾਹਨ ਵੀ ਦਿਨੇ ਲਾਈਟਾਂ ਜਗਾ ਦੇ ਜਾ ਰਹੇ ਸਨ। ਧੁਆਂਖੀ ਧੁੰਦ ਕਾਰਨ ਵਾਹਨਾਂ ਦੀ ਰਫ਼ਤਾਰ ਵੀ ਬਹੁਤ ਹੌਲੀ ਸੀ। ਲੋਕਾਂ ਨੂੰ ਸੜਕਾਂ 'ਤੇ ਚੱਲਣਾ ਕਾਫ਼ੀ ਮੁਸ਼ਕਲ ਜਾਪਦਾ ਸੀ।

ਸਰਦੀ ਦੇ ਮੌਸਮ ਤੇ ਧੁੰਦ ਦੇ ਮੱਦੇਨਜ਼ਰ ਜ਼ਿਲ੍ਹਾ ਪੁਲੀਸ ਵੱਲੋਂ ਵਾਹਨਾਂ ਖਾਸ ਕਰਕੇ ਟਰੈਕਟਰ ਟਰਾਲੀਆਂ 'ਤੇ ਰਿਫਲੈਕਟਰ ਲਾਉਣ ਦੀ ਮੁਹਿੰਮ ਆਰੰਭੀ ਗਈ ਹੈ। ਜ਼ਿਲ੍ਹਾ ਟਰੈਫਿਕ ਪੁਲੀਸ ਨੇ ਸ਼ੁਗਰ ਮਿੱਲ ਸ਼ਾਹਬਾਦ ਦੇ ਅਧਿਕਾਰੀਆਂ ਨਾਲ ਮਿਲ ਕੇ ਮਿੱਲ ਵਿੱਚ ਗੰਨਾ ਲੈ ਕੇ ਜਾਣ ਵਾਲੇ ਟਰੈਕਟਰ ਟਰਾਲੀਆਂ 'ਤੇ ਟੇਪ ਲਾ ਕੇ ਡਰਾਈਵਰਾਂ ਨੂੰ ਸਰਦੀ ਦੇ ਮੌਸਮ ਖਾਸ ਕਰਕੇ ਧੁੰਦ ਵਿੱਚ ਸਾਵਧਾਨ ਰਹਿਣ ਦੀ ਹਦਾਇਤ ਕੀਤੀ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਜ਼ਿਲ੍ਹਾ ਡਿਪਟੀ ਕਮਿਸ਼ਨਰ ਤੇ ਪੁਲੀਸ ਜ਼ਿਲ੍ਹਾ ਕਪਤਾਨ ਵਰੁਣ ਸਿੰਗਲਾ ਦੀਆਂ ਹਦਾਇਤਾਂ ਅਨੁਸਾਰ ਪੁਲੀਸ ਵਿਭਾਗ ਤੇ ਆਰਟੀਏ ਵਿਭਾਗ ਨੇ ਸਾਂਝੇ ਤੌਰ 'ਤੇ 200 ਦੇ ਕਰੀਬ ਟਰੈਕਟਰ ਟਰਾਲੀਆਂ, ਥ੍ਰੀ ਵੀਲਰ, ਰਿਕਸ਼ਾ ਤੇ ਈ ਰਿਕਸ਼ਾ ਲਾਵਾਰਸ ਗਊਆਂ ਦੇ ਗਲੇ ਵਿੱਚ ਕਊ ਬੈਲਟ ਆਦਿ ਪਾ ਕੇ ਮੁਫ਼ਤ ਰਿਫਲੈਕਟਰ ਟੇਪ ਲਾਈ, ਤਾਂ ਜੋ ਧੁੰਦ ਦੇ ਦਿਨਾਂ ਵਿੱਚ ਹੋਣ ਵਾਲੇ ਸੜਕੀ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ। ਇਸ ਦੌਰਾਨ ਆਰਟੀਏ ਇੰਸਪੈਕਟਰ ਜੋਗਿੰਦਰ ਢੁੱਲ ਨੇ ਕਿਸਾਨਾਂ ਨੂੰ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀਉਂ ਇਸ ਮੌਕੇ ਜੋਗਿੰਦਰ ਢੁੱਲ ਆਰਟੀਏ ਇੰਸਪੈਕਟਰ, ਸੁਰਿੰਦਰ ਸਿੰਘ ਕੇਲ ਮੈਨੇਜਰ, ਸੁਭਾਸ਼ ਹਰਸੋਲਾ, ਮੁਨੀਸ਼, ਵੀਰੇਂਦਰ ਵਿਕਰਮ ਆਦਿ ਮੌਜੂਦ ਸਨ।

# ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਬਾਦਸ਼ਾਹ ਦਾ ਚਲਾਨ

**ਗੁਰੂਗ੍ਰਾਮ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਗੁਰੂਗ੍ਰਾਮ ਦੀ ਟਰੈਫਿਕ ਪੁਲੀਸ ਨੇ ਸੜਕ ਦੇ ਗਲਤ ਪਾਸੇ ਗੱਡੀ ਚਲਾਉਣ, ਤੇਜ਼ ਆਵਾਜ਼ 'ਚ ਸੰਗੀਤ ਵਜਾਉਣ ਅਤੇ ਲਾਪ੍ਰਵਾਹੀ ਨਾਲ ਵਾਹਨ ਚਲਾਉਣ ਲਈ ਰੈਪਰ ਬਾਦਸ਼ਾਹ ਦਾ 15 ਹਜ਼ਾਰ ਰੁਪਏ ਦਾ ਚਲਾਨ ਕੱਟਿਆ ਹੈ।

ਅਧਿਕਾਰੀਆਂ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ 15 ਦਸੰਬਰ ਨੂੰ ਵਾਪਰੀ ਜਦੋਂ ਬਾਦਸ਼ਾਹ ਪੰਜਾਬੀ ਗਾਇਕ ਕਰਨ ਔਜਲਾ ਦੇ ਇੱਕ ਸੰਗੀਤਕ ਪ੍ਰੋਗਰਾਮ 'ਚ ਵਿਸ਼ੇਸ਼ ਪੇਸ਼ਕਾਰੀ ਦੇਣ ਲਈ ਸੋਹਣਾ ਰੋਡ ਸਥਿਤ ਏਰੀਆ ਮਾਲ ਆਏ ਸਨ।

ਪੁਲੀਸ ਨੇ ਦੱਸਿਆ ਕਿ ਜਿਸ ਮਹਿੰਦਰਾ ਥਾਰ 'ਚ ਬਾਦਸ਼ਾਹ ਮੌਜੂਦ ਸਨ ਉਹ ਪਾਣੀਪਤ ਦੇ ਰਹਿਣ ਵਾਲੇ ਦੀਪੇਂਦਰ ਮਲਿਕ ਦੇ ਨਾਂ ਰਜਿਸਟਰਡ ਹੈ। ਸੜਕ 'ਤੇ ਲੰਮਾ



ਜਾਮ ਹੋਣ ਕਾਰਨ ਬਾਦਸ਼ਾਹ ਦੇ ਕਾਫਲੇ 'ਚ ਸ਼ਾਮਲ ਇੱਕ ਐੱਸਯੂਵੀ ਗਲਤ ਪਾਸੇ ਜਾਣ ਲੱਗੀ ਤਾਂ ਉੱਥੇ ਮੌਜੂਦ ਕੁਝ ਲੋਕਾਂ ਨੇ ਇਸ ਦੀ ਵੀਡੀਓ ਬਣਾ ਲਈ।

ਸੋਸ਼ਲ ਮੀਡੀਆ 'ਤੇ ਵੀਡੀਓ ਪ੍ਰਸਾਰਿਤ ਹੋਣ ਮਗਰੋਂ ਟਰੈਫਿਕ ਪੁਲੀਸ ਨੇ ਇਸ ਦਾ ਨੋਟਿਸ ਲਿਆ ਤੇ ਬੀਤੇ ਦਿਨ ਰੈਪਰ ਨੂੰ 15 ਹਜ਼ਾਰ ਰੁਪਏ ਦਾ ਚਲਾਨ ਜਾਰੀ ਕਰ ਦਿੱਤਾ।

# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਸ਼ੁਰੂ

**ਸ਼ਾਹਬਾਦ ਮਾਰਕੰਡਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਤੋਂ ਪ੍ਰਭਾਤ ਫੇਰੀ ਦੀ ਆਰੰਭਤਾ ਤੋਂ ਪਹਿਲਾਂ ਸਵੇਰੇ ਸਵਖੱਤੇ ਗਿਆਨੀ ਸੁਬੇਗ ਸਿੰਘ ਨੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਮਗਰੋਂ ਪ੍ਰਭਾਤ ਫੇਰੀ ਗੁਰਦੁਆਰਾ ਨਾਨਕ ਝੀਰਾ ਪੁੱਜੀ। ਨੌਜਵਾਨ ਸੇਵਕ ਸਭਾ ਤੇ ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਨੇ ਸ਼ਬਦ ਬਾਣੀ ਨਾਲ ਸੰਗਤ ਨੂੰ ਗੁਰੂ ਨਾਲ ਜੋੜਿਆ। ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਦੇ ਸੀਨੀਅਰ ਮੀਤ ਗ੍ਰੰਥੀ ਗਿਆਨੀ ਸੁਬੇਗ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਇਆ।

ਮੰਚ ਸੰਚਾਲਨ ਨਰਿੰਦਰ ਸਿੰਘ ਭਿੰਡਰ ਨੇ ਗੁਰਬਾਣੀ ਦੀਆਂ ਤੁਕਾਂ ਦਾ ਹਵਾਲਾ ਦਿੰਦੇ ਹੋਏ ਬਾਖੂਬੀ ਕੀਤਾ। ਉਨ੍ਹਾਂ ਸੰਗਤ ਨੂੰ ਘਰਾਂ ਵਿੱਚ ਪੰਜਾਬੀ ਭਾਸ਼ਾ ਪੜ੍ਹਨ ਤੇ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਪੜ੍ਹਾਉਣ ਲਈ ਤਾਕੀਦ ਕੀਤੀ। ਇਸ ਮੌਕੇ ਸੁਖਚੈਨ ਸਿੰਘ, ਮਲਕਿੰਦਰ ਸਿੰਘ ਹਾਜ਼ਰ ਸਨ।

# ਨਾਰੀ ਸੰਸਾਰ

## ਤੁਹਾਡੀ ਰਸੋਈ



### ਥਾਈ ਵੈੱਜ਼ੀਟੇਬਲ ਸੂਪ



ਸਮੱਗਰੀ
ਥਾਈ ਵੈੱਜ਼ੀਟੇਬਲ ਸੂਪ ਲਈ (5 ਕੱਪ)
1 ਕੱਪ- ਪਿਆਜ਼
2 ਕੱਪ- ਕੱਟੀਆਂ ਹੋਈਆਂ ਗਾਜਰਾਂ
6-ਕਾਲੀਆਂ ਮਿਰਚਾਂ
2- ਹਰੀ ਚਾਹ ਪੱਤੀ
ਸੁਆਦ ਅਨੁਸਾਰ-ਲੂਣ
ਹੋਰ ਸਮੱਗਰੀ
2 ਚਮਚ- ਘੱਟ ਫੈਟ ਵਾਲਾ ਮੱਖਣ
1 ਚਮਚ- ਬਰੀਕ ਕੱਟਿਆਂ ਲਸਣ
1 ਚਮਚ-ਬਰੀਕ ਕੱਟੀਆਂ ਹਰੀਆਂ ਮਿਰਚਾਂ
1/4 ਕੱਪ- ਬਰੀਕ ਕੱਟੇ ਹਰੇ ਪਿਆਜ਼
1/2 ਕੱਪ- ਅੱਧੇ ਉਬਲੇ ਹੋਏ ਖੂੰਬ
2 ਚਮਚ- ਬਰੀਕ ਕੱਟਿਆ ਹਰਾ ਧਨੀਆ
1/2 ਕੱਪ-ਬਰੀਕ ਕੱਟੀ ਪਾਲਕ
1/2 ਕੱਪ ਸਲਾਇਸਡ ਅਤੇ ਅੱਧੇ ਉਬਲੇ ਹੋਏ ਬੇਬੀ ਕਾਰਨ
1 ਕੱਪ- ਬੀਨ ਪੂੰਗਰੀ ਹੋਈ
1 ਕੱਪ- ਟੋਫੂ
1 ਚਮਚ- ਵਿਨੇਗਰ
1 ਚਮਚ-ਸੋਇਆ ਸੋਸ
ਸੁਆਦ ਅਨੁਸਾਰ-ਲੂਣ

ਵਿਧੀ- ਸਾਰੀਆਂ ਸਮੱਗਰੀਆਂ ਨੂੰ ਪਾਣੀ ਦੇ ਨਾਲ ਗਹਿਰੇ ਨਾਨ-ਸਟਿੱਕ ਪੈਨ 'ਚ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਚੰਗੀ ਤਰ੍ਹਾਂ ਨਾਲ ਉਬਾਲਾ ਦਿਓ। ਛਾਣਨੀ 'ਚ ਛਾਣ ਕੇ ਇਕ ਪਾਸੇ ਰੱਖ ਦਿਓ।
ਹੁਣ ਇਕ ਪੈਨ 'ਚ ਮੱਖਣ ਗਰਮ ਕਰੋ, ਲਸਣ, ਹਰੀ ਮਿਰਚ ਅਤੇ ਹਰੀ ਪਿਆਜ਼ ਪਾ ਕੇ ਘੱਟ ਸੇਕ 'ਤੇ ਭੁੰਨੋਂ ਅਤੇ ਬੱਚੀ ਹੋਈ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਮਿਲਾਓ ਅਤੇ ਘੱਟ ਸੇਕ 'ਤੇ 2-3 ਮਿੰਟ ਤਕ ਪਕਾਓ। ਹੁਣ ਥਾਈ ਵੈੱਜ਼ੀਟੇਬਲ ਸਟਾਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਗਰਮ-ਗਰਮ ਪਰੋਸੋ।

### ਸੈਂਡਵਿਚ ਮਸਾਲਾ ਪਾਊਡਰ



ਸੈਂਡਵਿਚ ਖਾਣ 'ਚ ਬਹੁਤ ਹੀ ਸੁਆਦ ਹੁੰਦਾ ਹੈ ਪਰ ਜੇਕਰ ਇਸ 'ਚ ਮਸਾਲਾ ਪਾ ਦਿੱਤਾ ਜਾਵੇਂ ਤਾਂ ਇਸ ਦਾ ਸੁਆਦ ਹੋਰ ਵੀ ਵਧ ਜਾਂਦਾ ਹੈ। ਸੈਂਡਵਿਚ ਮਸਾਲਾ ਬਣਾਉਣਾ ਬਹੁਤ ਹੀ ਸੌਖਾ ਹੁੰਦਾ ਹੈ।
ਇਸ ਨੂੰ ਬਣਾਉਣ ਲਈ ਰਸੋਈ 'ਚ ਰੱਖੇ ਮਸਾਲਿਆਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਬਣਾਉਣ ਅਤੇ ਪਕਾਉਣ 'ਚ 5-5 ਮਿੰਟ ਦਾ ਸਮੇਂ ਲਗਦਾ ਹੈ।
ਆਓ ਜਾਣਦੇ ਹਾਂ ਸੈਂਡਵਿਚ ਮਸਾਲਾ ਪਾਊਡਰ ਬਣਾਉਣ ਦੀ ਵਿਧੀ ਬਾਰੇ।
ਸਮੱਗਰੀ :- 1/2 ਕੱਪ ਜ਼ੀਰਾ, 2 ਚਿਮਚੇ ਲੌਂਗ, 2 ਚਿਮਚੇ ਕਾਲੀ ਮਿਰਚ ਪਾਊਡਰ, ਸੌਂਫ 4 ਚਿਮਚੇ, ਲੂਣ ਸੁਆਦ ਅਨੁਸਾਰ, ਅੰਬਚੂਰ 2 ਚਿਮਚੇ।
ਵਿਧੀ :- ਸਭ ਤੋਂ ਪਹਿਲਾਂ ਤਵੇ 'ਤੇ ਜ਼ੀਰਾ ਪਾ ਕੇ ਭੁੰਨ ਲਵੋ। ਫਿਰ ਸਾਰੀਆਂ ਸਮੱਗਰੀਆਂ ਨੂੰ ਮਿਲਾ ਕੇ ਮਿਕਸੀ 'ਚ ਪੀਸ ਲਵੋ। ਹੁਣ ਇਸ ਨੂੰ ਤੁਸੀਂ ਏਅਰ ਟਾਈਟ ਜ਼ਾਰ 'ਚ ਬੰਦ ਕਰਕੇ ਇਸ ਦੀ ਵਰਤੋਂ ਕਰ ਸਕਦੇ ਹੋ।

### ਸਿਜ਼ਲਿੰਗ ਪਾਸਤਾ

ਤੁਸੀਂ ਪਾਸਤਾ ਖਾਣ ਦਾ ਸ਼ੌਕ ਰੱਖਦੇ ਹੋ ਤਾਂ ਤੁਹਾਨੂੰ ਸਿਜਲਿੰਗ ਪਾਸਤਾ ਬਹੁਤ ਹੀ ਪਸੰਦ ਆਵੇਗਾ। ਇਹ ਉਹ ਇਟਾਲੀਅਨ ਪਾਸਤਾ ਹੈ, ਜਿਸ ਨੂੰ ਸਿਜ਼ਲਰਸ ਪਲੇਟ 'ਚ ਰੱਖ ਕੇ ਬਣਾਇਆ ਜਾਂਦਾ ਹੈ। ਇਹ ਬਣਾਉਣ 'ਚ ਬਹੁਤ ਹੀ ਸੌਖਾ ਹੁੰਦਾ ਹੈ। ਜੇਕਰ ਤੁਸੀਂ ਵੈਜੀਟੇਰੀਅਨ ਹੋ ਤਾਂ ਤੁਸੀਂ ਇਸ 'ਚ ਚਿਕਨ ਸੌਸੇਜ ਦੀ ਵਰਤੋਂ ਨਾ ਕਰੋ। ਪਰ ਜੇਕਰ ਤੁਸੀਂ ਨਾਨ ਵੈਜ ਪਸੰਦ ਕਰਦੇ ਹੋ ਤਾਂ ਤੁਹਾਨੂੰ ਸਿਜਲਿੰਗ ਪਾਸਤਾ ਬਹੁਤ ਪਸੰਦ ਆਵੇਗਾ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ।



ਸਮੱਗਰੀ
ਪਾਸਤਾ ਉਬਲਿਆ ਹੋਇਆ 1/4 ਪੈਕੇਟ, ਸ਼ਿਮਲਾ ਮਿਰਚ 1 ਪੀਸ, ਪਿਆਜ਼ 1 ਕੱਟਿਆ ਹੋਇਆ, ਤੇਲ ਵੱਡੇ 2 ਚਿਮਚੇ, ਲੂਣ ਸੁਆਦ ਅਨੁਸਾਰ, ਮਸਟਰਡ ਸੌਸ 1 ਛੋਟਾ ਚਿਮਚਾ, ਗਾਜਰ 1 ਕਟੀ ਹੋਈ। ਫਰੈਂਚ ਬੀਨਸ ਕੱਟੇ ਹੋਏ 6, ਕਾਲੀ ਮਿਰਚ ਪਾਊਡਰ ਸੁਆਦ ਅਨੁਸਾਰ, ਚਿਕਨ ਸੌਸਜ਼ 2 ਜਾਂ 3, ਬੰਦਗੋਭੀ 1, ਆਲੂ 2 ਜਾਂ 3 ਕੱਟੇ ਹੋਏ। ਮੱਖਣ 2 ਵੱਡੇ ਚਮਚੇ।
ਵਿਧੀ
ਇਕ ਪੈਨ 'ਚ 2 ਚਮਚੇ ਤੇਲ ਗਰਮ ਕਰੋ, ਇਸ 'ਚ ਪਿਆਜ਼ ਅਤੇ ਸ਼ਿਮਲਾ ਮਿਰਚ ਪਾਓ। ਫਿਰ ਇਸ 'ਚ ਲੂਣ ਪਾ ਕੇ 2 ਮਿੰਟ ਤੱਕ ਭੁੰਨੋ। ਇਸ ਤੋਂ ਬਾਅਦ ਪੈਨ 'ਚ ਮਸਟਰਡ ਸੌਸ ਪਾਓ ਅਤੇ ਥੋੜ੍ਹਾ ਪਾਣੀ ਪਾ ਕੇ ਮਿਲਾਓ। ਹੁਣ ਇਸ ਨੂੰ ਕੱਢ ਕੇ ਇਕ ਭਾਂਡੇ 'ਚ ਰੱਖ ਲਵੋ। ਫਿਰ ਇਕ ਪੈਨ 'ਚ ਤੇਲ ਪਾ ਕੇ ਗਰਮ ਕਰੋ। ਇਸ 'ਚ ਗਾਜਰ, ਫਰੈਂਚ ਬੀਨਸ, 1 ਛੋਟਾ ਚਮਚਾ ਤੇਲ, ਲੂਣ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਭੁੰਨ ਲਵੋ। ਹੁਣ ਇਸ ਨੂੰ ਇਕ ਦੂਜੇ ਭਾਂਡੇ 'ਚ ਕੱਢ ਲਵੋ। ਸੌਸੇਜ਼ ਦੇ ਤਿਰਛੇ ਆਕਾਰ ਦੇ ਸਲਾਈਸ ਕੱਟੋ ਅਤੇ ਭੂਰਾ ਹੋਣ ਤੱਕ ਭੁੰਨੋ। ਹੁਣ ਬੰਦਗੋਭੀ ਦੇ 3 ਪੱਤੇ ਕੱਢ ਕੇ ਰੱਖੋ। ਪੈਨ 'ਚ ਪਕਿਆ ਪਾਸਤਾ ਅਤੇ ਥੋੜ੍ਹਾ ਪਾਣੀ ਪਾ ਕੇ ਚੰਗੀ ਤਰ੍ਹਾਂ ਮਿਲਾ ਕੇ ਗਰਮ ਕਰੋ। ਸਿਜ਼ਲਰ ਪਲੇਟ ਨੂੰ ਲਕੜੀ ਦੇ ਬੇਸ 'ਤੇ ਰੱਖੋ। ਬੰਦਗੋਭੀ ਦੇ ਪੱਤੇ ਸਿਜ਼ਲਰ ਪਲੇਟ 'ਤੇ ਰੱਖੋ। ਇਕ ਪੱਤੇ 'ਤੇ ਪਾਸਤਾ ਰੱਖੋ ਅਤੇ ਦੂਜੇ ਪੱਤੇ 'ਤੇ ਸਬਜ਼ੀਆਂ ਰੱਖੋ, ਤੀਜੇ ਪੱਤੇ 'ਤੇ ਸੌਸੇਜਸ ਰੱਖੋ। ਪੋਟੇਟੋ ਫਿਗਰਜ਼ ਅਤੇ ਸ਼ਿਮਲਾ ਮਿਰਚ ਪਿਆਜ਼ ਨੂੰ ਰੱਖੋ। ਇਸ ਤੋਂ ਬਾਅਦ ਇਸ 'ਤੇ ਮੱਖਣ ਲਗਾ ਕੇ ਸਰਵ ਕਰੋ।

## ਪੁੱਤਰਾਂ ਨੂੰ ਬਚਪਨ ਤੋਂ ਸਿਖਾਓ ਔਰਤਾਂ ਦਾ ਸਨਮਾਨ ਕਰਨਾ

➢ ਪ੍ਰੋ. ਕੁਲਜੀਤ ਕੌਰ ਅਠਵਾਲ



ਪਰਿਵਾਰ ਵਿਚ ਬੱਚਿਆਂ ਦਾ ਪਾਲਣ-ਪੋਸ਼ਣ ਮਾਂ-ਬਾਪ ਦੀ ਜ਼ਿੰਮੇਵਾਰੀ ਹੈ। ਭਾਰਤੀ ਪਰਿਵਾਰਾਂ ਵਿਚ ਬਜ਼ੁਰਗ ਵੀ ਬੱਚਿਆਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ ਤੇ ਬੱਚੇ ਰਲਵੇਂ-ਮਿਲਵੇਂ ਸੰਸਕਾਰ ਸਿੱਖਦੇ ਹਨ। ਘਰ ਵਿਚ ਧੀ ਅਤੇ ਪੁੱਤਰ ਦੇ ਪਾਲਣ ਢੰਗ ਵਿਚ ਸ਼ੁਰੂ ਤੋਂ ਹੀ ਅੰਤਰ ਕੀਤਾ ਜਾਂਦਾ ਹੈ। ਸਿੱਟੇ ਵਜੋਂ ਕੁੜੀਆਂ ਦਾ ਕੰਮ ਤੇ ਸੁਭਾਅ ਅਧੀਨਗੀ ਵਾਲਾ ਤੇ ਮੁੰਡਿਆਂ ਦਾ ਸੁਭਾਅ ਰੋਹਬ ਵਾਲਾ ਤੇ ਆਪਣੇ-ਆਪ ਨੂੰ ਕੁੜੀਆਂ ਤੋਂ ਉੱਤਮ ਸਮਝਣ ਵਾਲਾ ਬਣ ਜਾਂਦਾ ਹੈ। ਅਕਸਰ ਹੀ ਫ਼ਿਲਮਾਂ, ਨਾਟਕਾਂ, ਅਖ਼ਬਾਰਾਂ ਜਾਂ ਆਮ ਜੀਵਨ ਵਿਚ ਧੀ ਦਾ ਪਾਲਣ-ਪੋਸ਼ਣ ਚੰਗੇ ਢੰਗ ਨਾਲ ਕਰਨ, ਉਨ੍ਹਾਂ ਨੂੰ ਸਹਿਣਸ਼ੀਲ ਬਣਾਉਣ ਉੱਪਰ ਵਧੇਰੇ ਬਲ ਦਿੱਤਾ ਜਾਂਦਾ ਹੈ ਪਰ ਕੀ ਅਸੀਂ ਗੌਰ ਕੀਤਾ ਹੈ ਕਿ ਜੇਕਰ ਅਸੀਂ ਆਪਣੇ ਪੁੱਤਰਾਂ ਦਾ ਪਾਲਣ ਸਹੀ ਢੰਗ ਨਾਲ ਕਰਾਂਗੇ, ਬਚਪਨ ਤੋਂ ਹੀ ਉਨ੍ਹਾਂ ਨੂੰ ਔਰਤਾਂ ਦੀ, ਲੜਕੀਆਂ ਦੀ ਇੱਜ਼ਤ ਕਰਨੀ ਸਿਖਾਵਾਂਗੇ ਤਾਂ ਸਮਾਜ ਵਿਚ ਔਰਤਾਂ ਨਾਲ ਹੁੰਦੇ ਅਪਰਾਧ ਘਟ ਜਾਣਗੇ।
ਪਤੀ-ਪਤਨੀ ਦੇ ਵਿਹਾਰ ਦਰਜੇ ਵਿਚ ਜੇਕਰ ਬਰਾਬਰਤਾ ਹੋਵੇਗੀ ਤਾਂ ਪੁੱਤਰ ਘਰ ਵਿਚ ਹੀ ਨਾਰੀ ਬਰਾਬਰੀ ਦਾ ਪਾਠ ਸਿੱਖ ਲੈਣਗੇ ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਸੱਭਿਆਚਾਰ ਵਿਚ ਬਹੁਤ ਘੱਟ ਮਾਹੌਲ ਅਜਿਹਾ ਬਣਦਾ ਹੈ, ਜਿਥੇ ਘਰ ਦਾ ਮਾਹੌਲ, ਪਤੀ-ਪਤਨੀ ਦਾ ਬਰਾਬਰਤਾ ਵਾਲਾ ਵਿਹਾਰ ਪੁੱਤਰਾਂ ਲਈ ਸਬਕ ਬਣ ਸਕੇ, ਸਗੋਂ ਜਦੋਂ ਪੁੱਤਰ ਆਪਣੇ ਪਿਤਾ ਨੂੰ ਮਾਂ ਉੱਪਰ ਰੋਹਬ ਜਮਾਉਂਦਾ, ਮਾਰ-ਕੁੱਟ ਕਰਦਾ, ਗਾਲੀ-ਗਲੋਚ ਕਰਦਾ ਸੁਣਦਾ ਹੈ ਤਾਂ ਉਸ ਨੂੰ ਜਾਪਦਾ ਹੈ ਕਿ ਇਹ ਮਰਦ ਹੋਣ ਦੀ ਨਿਸ਼ਾਨੀ ਹੈ। ਸਿੱਟੇ ਵਜੋਂ ਉਹ ਜਦ ਜਵਾਨ ਹੁੰਦਾ ਹੈ ਤਾਂ ਹਰ ਔਰਤ-ਲੜਕੀ ਪ੍ਰਤੀ ਉਸ ਦਾ ਵਿਹਾਰ ਬੜਾ ਗ਼ੈਰ-ਜ਼ਿੰਮੇਵਾਰ ਤੇ ਅਸੁਭਾਵਿਕ ਹੁੰਦਾ ਹੈ।



**ਮਾਂ-ਪਿਓ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਇਕ ਚੰਗਾ ਇਨਸਾਨ ਬਣਾਉਣ ਲਈ ਆਪਣੀਆਂ ਹਮਉਮਰ ਜਾਂ ਵੱਡੀਆਂ-ਛੋਟੀਆਂ ਲੜਕੀਆਂ ਨਾਲ ਇੱਜ਼ਤ ਭਰਪੂਰ ਵਿਹਾਰ ਕਰਨ ਦੀ ਸਿੱਖਿਆ ਦੇਣ। ਧੀਆਂ ਉੱਪਰ ਤਾਂ ਅਸੀਂ ਕਈ ਤਰ੍ਹਾਂ ਦੇ ਸਮਾਜਿਕ ਤੇ ਸੱਭਿਆਚਾਰਕ ਪਹਿਰੇ ਲਾ ਕੇ ਉਨ੍ਹਾਂ ਅੰਦਰ ਗੁਲਾਮੀਅਤ ਦੀ ਭਾਵਨਾ ਭਰ ਦਿੰਦੇ ਹਾਂ ਪਰ ਕੀ ਸਾਨੂੰ ਪੁੱਤਰਾਂ ਅੰਦਰ ਵੀ ਲੜਕੀਆਂ ਜਾਂ ਔਰਤਾਂ ਪ੍ਰਤੀ ਚੰਗਾ ਵਿਹਾਰ ਕਰਨ ਦੀ ਆਦਤ ਪਾਉਣ ਦੀ ਭਾਵਨਾ ਭਰਨੀ ਚਾਹੀਦੀ ਹੈ ?**

ਮਾਂ-ਪਿਓ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਇਕ ਚੰਗਾ ਇਨਸਾਨ ਬਣਾਉਣ ਲਈ ਆਪਣੀਆਂ ਹਮਉਮਰ ਜਾਂ ਵੱਡੀਆਂ-ਛੋਟੀਆਂ ਲੜਕੀਆਂ ਨਾਲ ਇੱਜ਼ਤ ਭਰਪੂਰ ਵਿਹਾਰ ਕਰਨ ਦੀ ਸਿੱਖਿਆ ਦੇਣ। ਧੀਆਂ ਉੱਪਰ ਤਾਂ ਅਸੀਂ ਕਈ ਤਰ੍ਹਾਂ ਦੇ ਸਮਾਜਿਕ ਤੇ ਸੱਭਿਆਚਾਰਕ ਪਹਿਰੇ ਲਾ ਕੇ ਉਨ੍ਹਾਂ ਅੰਦਰ ਗੁਲਾਮੀਅਤ ਦੀ ਭਾਵਨਾ ਭਰ ਦਿੰਦੇ ਹਾਂ ਪਰ ਕੀ ਸਾਨੂੰ ਪੁੱਤਰਾਂ ਅੰਦਰ ਵੀ ਲੜਕੀਆਂ ਜਾਂ ਔਰਤਾਂ ਪ੍ਰਤੀ ਚੰਗਾ ਵਿਹਾਰ ਕਰਨ ਦੀ ਆਦਤ ਪਾਉਣ ਦੀ ਭਾਵਨਾ ਭਰਨੀ ਚਾਹੀਦੀ ਹੈ ? ਅਸੀਂ ਅਕਸਰ ਅਖ਼ਬਾਰਾਂ, ਟੀ. ਵੀ. ਤੇ ਹੋਰ ਸੋਸ਼ਲ ਮੀਡੀਆ ਉੱਪਰ ਲੜਕੀਆਂ ਨਾਲ ਹੁੰਦੀਆਂ ਛੇੜਖਾਨੀਆਂ, ਅਗਵਾ ਅਤੇ ਜਬਰ-ਜਨਾਹ ਦੀਆਂ ਜੋ ਘਟਨਾਵਾਂ ਪੜ੍ਹਦੇ ਹਾਂ, ਉਸ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਤੇ ਪੁੱਤਾਂ ਦੀ ਪਰਵਰਿਸ਼ ਕਰਦੇ ਸਮੇਂ ਉਨ੍ਹਾਂ ਨੂੰ ਔਰਤ-ਲੜਕੀ ਪ੍ਰਤੀ ਸੱਭਿਅਕ ਵਿਹਾਰ ਸਿਖਾਉਣਾ ਜ਼ਰੂਰੀ ਹੈ। ਪਰ ਜੇਕਰ ਪੁੱਤਰ ਕੋਈ ਗ਼ਲਤੀ ਕਰਦਾ ਹੈ ਤਾਂ ਇਸ ਨੂੰ ਲਾਪ੍ਰਵਾਹੀ ਨਾਲ ਦੇਖਿਆ ਜਾਂਦਾ ਹੈ ਤੇ ਸੋਚਿਆ ਜਾਂਦਾ ਹੈ ਕਿ ਉਸ ਦਾ ਕਿਹੜਾ ਕੋਈ ਨੁਕਸਾਨ ਹੋਣਾ ਹੈ, ਕਿਉਂਕਿ ਉਹ ਤਾਂ ਮੁੰਡਾ ਹੈ। ਲੋੜ ਹੈ ਅਜਿਹੀ ਸੋਚ ਬਦਲਣ ਦੀ। ਪੁੱਤਰ ਦੇ ਦੇਰ ਨਾਲ ਘਰ ਪਰਤਣ ਨਾਲ ਮਾਪਿਆਂ ਨੂੰ ਦੁੱਖ ਤਾਂ ਹੁੰਦਾ ਹੋਵੇਗਾ ਪਰ ਉਸ ਦੇ ਅੰਦਰ ਇਹ ਭਾਵਨਾ ਭਰ ਦਿੱਤੀ ਜਾਂਦੀ ਹੈ ਕਿ ਉਹ ਆਜ਼ਾਦ ਹੈ। ਇਸੇ ਹੀ ਆਜ਼ਾਦੀ ਦਾ ਗ਼ਲਤ ਫਾਇਦਾ ਉਠਾ ਕੇ ਨੌਜਵਾਨ ਮੁੰਡੇ ਇਕੱਠੇ ਹੋ ਕੇ ਸਮੂਹਿਕ ਤੌਰ 'ਤੇ ਜਾਂ ਵਿਅਕਤੀਗਤ ਤੌਰ 'ਤੇ ਲੜਕੀਆਂ ਨਾਲ ਛੇੜਖਾਨੀਆਂ, ਮਾੜੀਆਂ ਟਿੱਪਣੀਆਂ ਕਰਨ ਨੂੰ ਆਪਣੀ ਸ਼ਾਨ ਸਮਝਦੇ ਹਨ। ਜੇਕਰ ਮੁੱਢ ਤੋਂ ਹੀ ਪੁੱਤਰਾਂ/ਮੁੰਡਿਆਂ ਅੰਦਰ ਇਹ ਸੰਸਕਾਰ ਭਰੇ ਜਾਣ ਕਿ ਉਨ੍ਹਾਂ ਦੇ ਵਿਹਾਰ ਵਿਚ ਵੀ ਅਨੁਸ਼ਾਸਨ, ਸੰਜਮ, ਅਪਣੱਤ ਅਤੇ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ ਤਾਂ ਲੜਕਿਆਂ ਦੀ ਸੋਚ ਬਦਲੀ ਜਾ ਸਕਦੀ ਹੈ। ਪਰਿਵਾਰਕ ਤੌਰ 'ਤੇ ਧੀ ਅਤੇ ਪੁੱਤਰ ਨੂੰ ਘਰ ਵਿਚ ਜੇਕਰ ਬਰਾਬਰਤਾ ਦੇ ਮੌਕੇ ਦਿੱਤੇ ਜਾਣਗੇ ਤਾਂ ਸਮਾਜਿਕ ਤੌਰ 'ਤੇ ਔਰਤ-ਮਰਦ ਦੀ ਬਰਾਬਰਤਾ ਦਾ ਯੁੱਗ ਬਹੁਤ ਛੇਤੀ ਆ ਸਕਦਾ ਹੈ। ਜੇਕਰ ਮਰਦ ਔਰਤ ਨੂੰ ਆਪਣੇ ਤੋਂ ਕਮਜ਼ੋਰ ਸਮਝ ਕੇ ਉਸ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਉਂਦਾ ਰਹੇਗਾ ਤਾਂ ਸਮਾਜ ਵਿਚ ਔਰਤਾਂ ਪ੍ਰਤੀ ਜੁਰਮ ਵਧਦੇ ਰਹਿਣਗੇ।
ਪਰਿਵਾਰ, ਮੁਹੱਲੇ, ਪਿੰਡ ਜਾਂ ਸ਼ਹਿਰ ਤੋਂ ਹੀ ਸਮਾਜ ਬਣਦਾ ਹੈ। ਆਓ ਫਿਰ ਆਪਣੇ ਪਰਿਵਾਰਾਂ ਤੋਂ ਹੀ ਪੁੱਤਾਂ ਨੂੰ ਚੰਗੇ ਗੁਣ ਸਿਖਾ ਕੇ, ਰਿਸ਼ਤਿਆਂ ਦੀ ਅਹਿਮੀਅਤ ਦਾ ਪਾਠ ਪੜ੍ਹਾ ਕੇ, ਲੜਕੀਆਂ/ਔਰਤਾਂ ਦੀ ਇੱਜ਼ਤ ਕਰਨ ਦੀ ਭਾਵਨਾ ਉਨ੍ਹਾਂ ਦੇ ਮਨਾਂ ਅੰਦਰ ਭਰ ਕੇ ਸਮਾਜ ਦੀ ਤਸਵੀਰ ਬਦਲੀਏ ਤਾਂ ਜੋ ਲੜਕੀਆਂ ਵੀ ਆਪਣੇ-ਆਪ ਨੂੰ ਸੁਰੱਖਿਅਤ ਸਮਝਣ ਤੇ ਕਿਸੇ ਵੀ ਸਮੇਂ ਆਪਣੇ ਘਰੋਂ ਕੰਮ-ਕਾਜ ਲਈ ਬਾਹਰ ਜਾਣ ਸਮੇਂ ਡ… ਜਾਂ ਅਸੁਰੱਖਿਆ ਦੀ ਭਾਵਨ… ਮਹਿਸੂਸ ਨਾ ਕਰਨ। ਆਪਣੇ ਪੁੱਤ… ਨੂੰ ਨਸ਼ਿਆਂ ਦੀ ਲਤ ਤੋਂ ਬਚਾਉ… ਲਈ ਮਾਪਿਆਂ ਨੂੰ ਉਨ੍ਹਾਂ ਨੂੰ ਸਮਾਂ ਦੇਣ… ਚਾਹੀਦਾ ਹੈ, ਉਨ੍ਹਾਂ ਦੀ ਮੁਸ਼ਕਿ… ਸੁਣਨੀ ਚਾਹੀਦੀ ਹੈ ਤੇ ਭਾਵਨਾਤਮ… ਤੌਰ 'ਤੇ ਆਪਣੇ ਪੁੱਤਰਾਂ ਨੂੰ ਮਜ਼ਬੂ… ਬਣਾ ਕੇ ਉਨ੍ਹਾਂ ਨੂੰ ਚੰਗੇ ਨਾਗਰਿ… ਬਣਾਉਣ ਵਿਚ ਪਹਿਲਕਦਮੀ ਕਰਨ… ਜ਼ਰੂਰੀ ਹੈ। ਕੈਰੀਅਰ ਦੀ ਚੋਣ ਵਿ… ਵੀ ਉਨ੍ਹਾਂ ਦੀ ਮਦਦ ਕਰਕੇ ਉਨ੍ਹਾਂ ਦ… ਯੋਗ ਅਗਵਾਈ ਕਰਨੀ ਚਾਹੀਦੀ ਹੈ… ਪਿਆਰ, ਸਨੇਹ ਅਤੇ ਮੋਹ ਦੇ ਨਾਲ… ਨਾਲ ਇਨਸਾਨੀਅਤ ਤੇ ਚੰਗੀਅ… ਆਦਤਾਂ ਦਾ ਪਾਠ ਪੜ੍ਹਾਉਣਾ ਵ… ਲਾਜ਼ਮੀ ਹੈ। ਆਓ, ਆਪਣੇ ਪੁੱਤਰ… ਲਈ ਸਿਰਫ ਬੈਂਕ ਬੈਲੇਂਸ ਜ… ਜਾਇਦਾਦ ਹੀ ਨਾ ਛੱਡ ਕੇ ਜਾਈਏ… ਸਗੋਂ ਚੰਗੇ ਸੰਸਕਾਰ ਅਤੇ ਜ਼ਿੰਮੇਵਾਰ… ਦਾ ਅਹਿਸਾਸ ਅਤੇ ਉਨ੍ਹਾਂ ਨੂੰ ਉੱਤ… ਨਾਗਰਿਕ ਵੀ ਬਣਾ ਕੇ ਜਾਈਏ, ਤ… ਜੋ ਔਰਤ-ਮਰਦ ਦੀ ਬਰਾਬਰੀ ਦ… ਯੁੱਗ ਆ ਸਕੇ।

## ਜ਼ਿੰਦਗੀ ਪ੍ਰਤੀ ਨਜ਼ਰੀਆ ਬਦਲੋ

ਕੈਲਾਸ਼ ਚੰਦਰ ਸ਼ਰਮਾ



ਜ਼ਿੰਦਗੀ ਫੁੱਲਾਂ ਦੀ ਸੇਜ ਵੀ ਹੈ ਤੇ ਕੰਡਿਆਲਾ ਸਫ਼ਰ ਵੀ। ਖ਼ੁਸ਼ੀਆਂ, ਉਮੰਗਾਂ, ਮਾਯੂਸੀਆਂ, ਮੁਸ਼ੱਕਤਾਂ ਆਦਿ ਕਿੰਨਾ ਕੁਝ ਜੁੜਿਆ ਹੈ ਇਸ ਨਾਲ। ਜ਼ਿੰਦਗੀ ਇੱਕ ਅਨੋਖੀ ਕਿਤਾਬ ਹੈ ਜਿਸ ਦੇ ਪੰਨਿਆਂ ਦਾ ਕਿਸੇ ਨੂੰ ਵੀ ਕੋਈ ਪਤਾ ਨਹੀਂ। ਕਦੋਂ ਕਿਵੇਂ, ਕਿੱਥੇ, ਕੌਣ ਮਿਲ ਜਾਵੇ ਜਾਂ ਵਿਛੜ ਜਾਵੇ, ਕਿਸੇ ਨੂੰ ਕੁਝ ਨਹੀਂ ਪਤਾ। ਹਰ ਰੋਜ਼ ਇੱਕ ਨਵਾਂ ਪੰਨਾ ਮਿਲਦਾ ਹੈ, ਪਰ ਕਿਸੇ ਨੂੰ ਵੀ ਕੋਈ ਯਕੀਨ ਨਹੀਂ ਹੁੰਦਾ ਕਿ ਪੰਨਾ ਪੂਰਾ ਭਰਿਆ ਵੀ ਜਾਵੇਗਾ ਜਾਂ ਅਧੂਰਾ ਰਹਿ ਜਾਵੇਗਾ। ਪਰ ਜਦੋਂ ਗੰਢ ਖੁੱਲ੍ਹਦੀ ਹੈ ਤਾਂ ਕਈਆਂ ਨੂੰ ਜਿੱਤ ਤੇ ਕਈਆਂ ਨੂੰ ਹਾਰ ਮਿਲਦੀ ਹੈ। ਸ਼ਾਇਦ, ਇਹੋ ਹੀ ਹੈ ਜ਼ਿੰਦਗੀ ਦਾ ਅਜੀਬੋ-ਗਰੀਬ ਸੰਸਾਰ। ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣਾ, ਹਰ ਵਿਅਕਤੀ ਦੀ ਇੱਛਾ ਹੁੰਦੀ ਹੈ ਤੇ ਇਸ ਨੂੰ ਪ੍ਰਾਪਤ ਕਰਨ ਲਈ ਉਹ ਮਿਹਨਤ ਵੀ ਕਰਦਾ ਹੈ। ਕਈ ਵਾਰ ਮੁੜ-ਮੁੜ ਯਤਨ ਕਰਨ 'ਤੇ ਵੀ ਹਰ ਵਾਰ ਬਾਜ਼ੀ ਪੁੱਠੀ ਹੀ ਪੈਂਦੀ ਹੈ ਅਤੇ ਵਿਅਕਤੀ ਦੇ ਪੱਲੇ ਪੈ ਜਾਂਦੇ ਹਨ ਕੇਵਲ ਗਮਾਂ ਦੇ ਢੇਰ। ਅਜਿਹੇ ਮੌਕੇ ਵਿਅਕਤੀ ਡੂੰਘੀ ਨਿਰਾਸ਼ਾ ਦੇ ਆਲਮ 'ਚ ਚਲਾ ਜਾਂਦਾ ਹੈ। ਅਜਿਹੇ ਮੌਕੇ ਵਿਅਕਤੀ ਨੂੰ ਆਪਣੀ ਅਕਲ ਦੇ ਸਾਰੇ ਬੰਦ ਦਰਵਾਜ਼ੇ ਖੋਲ੍ਹ ਕੇ ਮੁਸੀਬਤਾਂ ਦਾ ਦ੍ਰਿੜ੍ਹ ਇਰਾਦੇ ਤੇ ਹਿੰਮਤ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ ਨਾ ਕਿ ਸਿਰ ਸੁੱਟ ਕੇ ਉਨ੍ਹਾਂ ਨੂੰ ਸਹਿਣ ਕੀਤਾ ਜਾਵੇ। ਵਿਅਕਤੀ ਨੂੰ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਤਕਲੀਫ਼ਾਂ ਦਾ ਸਾਹਮਣਾ ਕਰਨ ਲਈ ਹੈ ਨਾ ਕਿ ਸਿਰ ਸੁੱਟ ਕੇ ਬੈਠਣ ਲਈ। ਹਾਲਾਤ ਕੋਲੋਂ ਨੱਸਿਆਂ ਗੱਲ ਨਹੀਂ ਬਣਦੀ, ਉਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਹੀ ਬਹਾਦਰ ਦਿਲ ਹੁੰਦਾ ਹੈ। ਕਦੇ ਵੀ ਆਸਾਨ ਜ਼ਿੰਦਗੀ ਦੀ ਇੱਛਾ ਨਾ ਕਰੋ, ਬਲਕਿ ਪ੍ਰਾਰਥਨਾ ਕਰੋ ਕਿ ਤੁਹਾਨੂੰ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਨ ਦੀ ਤਾਕਤ ਮਿਲੇ। ਅਸਫਲਤਾ ਦੇ ਸਮੇਂ ਵਿਅਕਤੀ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ ਤੇ ਅਸਫਲਤਾ ਦੇ ਕਾਰਨ ਪਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਕਸਰ ਇਹ ਵੇਖਿਆ ਗਿਆ ਹੈ ਕਿ ਅਸਫਲਤਾ ਲਈ ਸਿਰਫ਼ ਸਾਡੀ ਮਿਹਨਤ ਵਿੱਚ ਰਹਿ ਗਈਆਂ ਤਰੁੱਟੀਆਂ ਹੀ ਜ਼ਿੰਮੇਵਾਰ ਹਨ। ਅਸਫਲਤਾਵਾਂ ਦੀਆਂ ਠੋਕਰਾਂ ਤੋਂ ਨਿਰਾਸ਼ ਹੋ ਕੇ ਕਿਸਮਤ ਨੂੰ ਕੋਸਦੇ ਰਹਿਣ ਵਾਲੇ ਅਤੇ ਜ਼ਿੰਦਗੀ ਦੀਆਂ ਔਕੜਾਂ ਅੱਗੇ ਹਥਿਆਰ ਸੁੱਟਣ ਵਾਲੇ ਲੋਕ ਜ਼ਿੰਦਗੀ ਵਿੱਚ ਪਛੜ ਜਾਂਦੇ ਹਨ। ਅਜਿਹੇ ਲੋਕ ਸਭ ਕੁਝ ਕਿਸਮਤ 'ਤੇ ਹੀ ਛੱਡ ਦਿੰਦੇ ਹਨ। ਯਾਦ ਰੱਖੋ, ਕਿਸਮਤ ਤਾਂ ਕਮਜ਼ੋਰ ਵਿਅਕਤੀਆਂ ਦਾ ਹਥਿਆਰ ਹੈ ਆਪਣੀਆਂ ਕਮਜ਼ੋਰੀਆਂ 'ਤੇ ਪਰਦਾ ਪਾਉਣ ਲਈ।



ਸਮੱਸਿਆਵਾਂ ਨਾਲ ਸੰਘਰਸ਼ ਕੀਤੇ ਬਿਨਾਂ ਕੋਈ ਵੀ ਵਿਅਕਤੀ ਤਾਕਤਵਰ ਨਹੀਂ ਬਣ ਸਕਦਾ ਕਿਉਂਕਿ ਸੰਘਰਸ਼ ਬਲ ਬਖ਼ਸ਼ਦਾ ਹੈ, ਜਿਸ ਨਾਲ ਅਸੀਂ ਔਕੜਾਂ 'ਤੇ ਕਾਬੂ ਪਾ ਸਕਦੇ ਹਾਂ। ਮੁਸੀਬਤਾਂ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹਨ। ਜੋ ਵਿਅਕਤੀ ਇਸ ਗੱਲ ਨੂੰ ਸਮਝ ਲੈਂਦੇ ਹਨ, ਉਹ ਇਨ੍ਹਾਂ ਤੋਂ ਘਬਰਾਉਂਦੇ ਨਹੀਂ ਤੇ ਆਸਾਨੀ ਨਾਲ ਇਨ੍ਹਾਂ ਨੂੰ ਪਾਰ ਕਰ ਲੈਂਦੇ ਹਨ। ਜੇਕਰ ਇੱਕ ਵਾਰ ਜੀਵਨ ਨੂੰ ਨਿਰਾਸ਼ਤਾ ਦਾ ਘੁਣ ਲੱਗ ਜਾਵੇ ਤਾਂ ਜੀਵਨ ਦਾ ਨਕਸ਼ਾ ਹੀ ਬਦਲ ਜਾਂਦਾ ਹੈ। ਨਿਰਾਸ਼ਾ ਜੀਵਨ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਹਾਂ-ਪੱਖੀ ਸੋਚ ਰੱਖੋ ਅਤੇ ਸਾਕਾਰਤਾਮਕ ਲੋਕਾਂ ਨਾਲ ਸਮਾਂ ਬਿਤਾਓ। ਇਸ ਤਰ੍ਹਾਂ ਆਪ ਦੇ ਅੰਦਰ ਊਰਜਾ ਦਾ ਪ੍ਰਵਾਹ ਅਧਿਕ ਹੋਵੇਗਾ ਤੇ ਹਿੰਮਤ ਹੋਰ ਵਧੇਗੀ। ਇਕੱਲੇ ਬੈਠ ਕੇ ਬੀਤੀ ਜ਼ਿੰਦਗੀ ਦੀਆਂ ਯਾਦਾਂ ਦੇ ਝਰੋਖੇ ਨੂੰ ਫਰੋਲੋ। ਆਪਣੇ-ਆਪ ਤੁਹਾਡੀਆਂ ਅਨੇਕਾਂ ਸਫਲਤਾਵਾਂ ਜੋ ਤੁਸੀਂ ਬਿਨਾਂ ਕਿਸੇ ਦੇ ਸਹਾਰੇ ਤੋਂ ਕੇਵਲ ਆਪਣੀ ਮਿਹਨਤ ਦੇ ਸਦਕਾ ਹੀ ਪ੍ਰਾਪਤ ਕੀਤੀਆਂ ਹਨ, ਤੁਹਾਡੇ ਮਨ-ਮਸਤਕ ਨੂੰ ਖ਼ੁਸ਼ੀਆਂ ਨਾਲ ਭਰ ਦੇਣਗੀਆਂ, ਜਿਨ੍ਹਾਂ ਸਾਹਮਣੇ ਤੁਹਾਡੀਆਂ ਇਹ ਤੁੱਛ ਅਸਫਲਤਾਵਾਂ ਬੌਣੀਆਂ ਦਿੱਸਣਗੀਆਂ। ਕਦੇ ਵੀ ਚੰਗੇ ਦਿਨਾਂ ਦੀ ਉਮੀਦ ਨਾ ਛੱਡੋ। ਤੁਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਕਿ ਆਉਣ ਵਾਲਾ ਕੱਲ੍ਹ ਤੁਹਾਡੇ ਲਈ ਕੀ ਕੁਝ ਲੈ ਕੇ ਆ ਸਕਦਾ ਹੈ। ਮੁਸੀਬਤ ਸਾਰਿਆਂ 'ਤੇ ਆਉਂਦੀ ਹੈ, ਕੋਈ ਬਿਖਰ ਜਾਂਦਾ ਹੈ ਤੇ ਕੋਈ ਆਪਣੇ ਬੁਲੰਦ ਇਰਾਦੇ ਨਾਲ ਇਨ੍ਹਾਂ ਦਾ ਮੁਕਾਬਲਾ ਕਰਕੇ ਨਿਕਲ ਜਾਂਦਾ ਹੈ। ਕਾਮਯਾਬੀ ਤਕ ਜਾਣ ਵਾਲੇ ਰਸਤੇ ਸਿੱਧੇ ਨਹੀਂ ਹੁੰਦੇ, ਪਰ ਕਾਮਯਾਬੀ ਮਿਲਣ ਤੋਂ ਬਾਅਦ ਸਾਰੇ ਰਸਤੇ ਸਿੱਧੇ ਹੋ ਜਾਂਦੇ ਹਨ। ਜ਼ਿੰਦਗੀ ਇੱਕ ਬਾਕਸਿੰਗ ਦੀ ਖੇਡ ਵਰਗੀ ਹੈ ਜਿਸ ਵਿੱਚ ਖਿਡਾਰੀ ਡਿੱਗ ਵੀ ਪਵੇ ਤਾਂ ਉਸ ਦੀ ਹਾਰ ਦਾ ਐਲਾਨ ਨਹੀਂ ਹੁੰਦਾ। ਹਾਰ ਕੇਵਲ ਉਦੋਂ ਕਹੀ ਜਾਂਦੀ ਹੈ ਜਦੋਂ ਵਿਅਕਤੀ ਉੱਠਣ ਤੋਂ ਇਨਕਾਰ ਕਰ ਦਿੰਦਾ ਹੈ। ਇਸ ਲਈ ਜੇਕਰ ਵਾਰ-ਵਾਰ ਡਿੱਗ ਪਵੋ ਤਾਂ ਵੀ ਉੱਠਣ ਦੀ ਕੋਸ਼ਿਸ਼ ਕਰੋ, ਸਫਲਤਾਵਾਂ ਆਪਣੇ-ਆਪ ਹੀ ਤੁਹਾਡੇ ਰਾਹ ਖਾਲੀ ਕਰ ਜਾਣਗੀਆਂ। ਜ਼ਿੰਦਗੀ ਭਰ ਦੋ ਚਿਹਰੇ ਕਦੇ ਨਾ ਭੁੱਲੋ, ਇੱਕ ਉਹ ਜੋ ਮੁਸ਼ਕਲ ਹਾਲਤ ਵਿੱਚ ਸਾਥ ਦੇਵੇ ਤੇ ਦੂਸਰਾ ਉਹ ਜੋ ਮੁਸ਼ਕਲ ਹਾਲਾਤ ਵਿੱਚ ਸਾਥ ਛੱਡ ਦੇਵੇ। ਸਾਰੇ ਰਿਸ਼ਤੇ ਵਿਸ਼ਵਾਸ ਤੇ ਆਪਸੀ ਪ੍ਰੇਮ ਭਾਵ 'ਤੇ ਨਿਰਭਰ ਕਰਦੇ ਹਨ। ਜਦੋਂ ਜ਼ਿੰਦਗੀ ਵਿੱਚ ਵਿਸ਼ਵਾਸ ਨਾਲੋਂ ਸ਼ੱਕ ਜ਼ਿਆਦਾ ਹੋ ਜਾਵੇ ਤਾਂ ਉਸ ਸਮੇਂ ਜ਼ਿੰਦਗੀ ਬਹੁਤ ਮਾੜੀ ਹੁੰਦੀ ਹੈ। ਇਸ ਲਈ ਸ਼ੱਕ ਹੋਣ ਦੇ ਬਾਵਜੂਦ ਵਿਸ਼ਵਾਸ ਕਰਨਾ ਸਿੱਖ ਲਓ, ਜ਼ਿੰਦਗੀ ਬਹੁਤ ਚੰਗੀ ਹੋ ਜਾਵੇਗੀ। ਕਿਸੇ ਦੀਆਂ ਸੁਣੀਆਂ-ਸੁਣਾਈਆਂ ਗੱਲਾਂ 'ਤੇ ਇੰਨੀ ਜਲਦੀ ਵਿਸ਼ਵਾਸ ਨਾ ਕਰੋ ਭਾਵੇਂ ਉਹ ਤੁਹਾਡੇ ਵਿਰੁੱਧ ਹੀ ਕਿਉਂ ਨਾ ਹੋਣ ਕਿਉਂਕਿ ਝੂਠ, ਸਚਾਈ ਨਾਲੋਂ ਜ਼ਿਆਦਾ ਤੇਜ਼ੀ ਨਾਲ ਫੈਲਦਾ ਹੈ। ਜ਼ਿੰਦਗੀ ਉਨ੍ਹਾਂ ਲਈ ਵਧੀਆ ਹੈ, ਜਿਹੜੇ ਇਸ ਦਾ ਆਨੰਦ ਮਾਣ ਰਹੇ ਹਨ। ਉਨ੍ਹਾਂ ਲਈ ਮੁਸ਼ਕਲ ਹੈ ਜੋ ਇਸ ਦਾ ਵਿਸ਼ਲੇਸ਼ਣ ਕਰ ਰਹੇ ਹਨ ਅਤੇ ਉਨ੍ਹਾਂ ਲਈ ਬਹੁਤ ਬੁਰੀ ਹੈ, ਜਿਹੜੇ ਇਸ ਦੀ ਆਲੋਚਨਾ ਹੀ ਕਰਦੇ ਰਹਿੰਦੇ ਹਨ। ਇਸ ਲਈ ਜ਼ਿੰਦਗੀ ਪ੍ਰਤੀ ਆਪਣਾ ਨਜ਼ਰੀਆ ਬਦਲੋ। ਜ਼ਿੰਦਗੀ ਦਾ ਮਜ਼ਾ ਲੈਣ ਲਈ ਹਮੇਸ਼ਾਂ ਵਰਤਮਾਨ ਵਿੱਚ ਰਹਿੰਦੇ ਹੋਏ, ਮਿਲੀਆਂ ਖ਼ੁਸ਼ੀਆਂ ਦੀ ਖੁਸ਼ਬੂ ਲੈਂਦੇ ਰਹੋ।

## ਪਤੀ-ਪਤਨੀ ਮਿਲ ਕੇ ਘਰ ਨੂੰ ਬਣਾ ਸਕਦੇ ਹਨ ਖੁਸ਼ਹਾਲ

ਕਰਮਜੀਤ ਕੌਰ ਸੋਹੀ

ਪਤੀ-ਪਤਨੀ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਆਂ ਦਾ ਕੰਮ ਕਰਦੇ ਹਨ। ਜਿੰਨੀ ਦੇਰ ਇਨ੍ਹਾਂ ਦੋਵਾਂ ਪਹੀਆਂ ਦਾ ਤਾਲਮੇਲ ਰਹਿੰਦਾ ਹੈ, ਜ਼ਿੰਦਗੀ ਦੀ ਗੱਡੀ ਸਹੀ ਤਰੀਕੇ ਨਾਲ ਚਲਦੀ ਹੈ। ਜਦੋਂ ਇਨ੍ਹਾਂ ਪਹੀਆਂ ਦਾ ਤਾਲਮੇਲ ਖਰਾਬ ਹੋ ਗਿਆ ਤਾਂ ਗੱਡੀ ਸਹੀ ਤਰੀਕੇ ਨਾਲ ਨਹੀਂ ਚੱਲ ਸਕਦੀ। ਦੋਵਾਂ ਜੀਆਂ ਦਾ ਆਪਸੀ ਪਿਆਰ ਹੋਣਾ ਬਹੁਤ ਜ਼ਰੂਰੀ ਹੈ। ਇਕ-ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣਾ ਤੇ ਇਕ-ਦੂਜੇ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਇਕ-ਦੂਜੇ ਦਾ ਸਾਥ ਦੇਣਾ ਹੀ ਜ਼ਿੰਦਗੀ ਦਾ ਮੂਲ ਆਧਾਰ ਹੈ।
ਹਰ ਇਕ ਲੜਕੇ/ਲੜਕੀ ਦਾ ਵਿਆਹ ਤੋਂ ਪਹਿਲਾਂ ਇਕ ਸੁਪਨਾ ਹੁੰਦਾ ਹੈ ਕਿ ਜੋ ਉਸ ਦਾ ਹਮਸਫ਼ਰ ਹੋਵੇਗਾ, ਉਹ ਉਸ ਨੂੰ ਬਹੁਤ ਪਿਆਰ ਕਰੇਗਾ। ਹਰ ਦੁੱਖ-ਸੁੱਖ, ਚੰਗੇ-ਮਾੜੇ, ਅਮੀਰੀ-ਗ਼ਰੀਬੀ ਵਿਚ ਸਾਥ ਦੇਵੇਗਾ। ਉਸ ਦੀ ਹਰ ਗੱਲ ਉੱਤੇ ਫੁੱਲ ਚੜ੍ਹਾਏਗਾ। ਪਰ ਜਦੋਂ ਸੁਪਨੇ ਪੂਰੇ ਨਹੀਂ ਹੁੰਦੇ ਤਾਂ ਮਨ ਟੁੱਟ ਜਾਂਦਾ ਹੈ। ਜ਼ਿਆਦਾਤਰ ਲੜਕੀ ਲਈ ਬਹੁਤ ਮੁਸ਼ਕਿਲ ਹੁੰਦਾ ਹੈ, ਕਿਉਂਕਿ ਉਹ ਆਪਣਾ ਪਰਿਵਾਰ ਛੱਡ ਕੇ ਇਕ ਨਵੇਂ ਪਰਿਵਾਰ ਵਿਚ ਜਾਂਦੀ ਹੈ। ਉਸ ਲਈ ਉਥੇ ਸਭ ਕੁਝ ਨਵਾਂ ਹੁੰਦਾ, ਨਵੇਂ ਰਿਸ਼ਤੇ ਹੁੰਦੇ ਹਨ, ਜਿਨ੍ਹਾਂ ਦੇ ਸੁਭਾਅ ਬਾਰੇ ਉਹ ਰਤਾ ਵੀ ਨਹੀਂ ਜਾਣਦੀ। ਇਥੇ ਪਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਪਤਨੀ ਦਾ ਸਾਥ ਦੇਵੇ, ਆਪਣੇ ਪਰਿਵਾਰ ਬਾਰੇ ਦੱਸੇ ਤਾਂ ਕਿ ਉਸ ਨੂੰ ਪਰਿਵਾਰ ਵਿਚ ਵਿਚਰਨ ਵਿਚ ਸੌਖ ਹੋਵੇ। ਪਰਿਵਾਰ ਦਾ ਵੀ ਫਰਜ਼ ਬਣਦਾ ਹੈ ਕਿ ਉਸ ਨੂੰ ਆਪਣਾ ਸਮਝੇ, ਨਾ ਕਿ ਪਰਾਈ। ਪਰ ਜਦੋਂ ਲੜਕੇ-ਲੜਕੀ ਦੇ ਦੇਖੇ ਹੋਏ ਸੁਪਨੇ ਪੂਰੇ ਨਹੀਂ ਹੁੰਦੇ ਤਾਂ ਉਨ੍ਹਾਂ ਸੁਪਨਿਆਂ ਨਾਲ ਸਮਝੌਤਾ ਕਰਨਾ ਹੀ ਅਕਲਮੰਦੀ ਹੈ। ਜੇਕਰ ਅਸੀਂ ਲੜਦੇ ਰਹਾਂਗੇ ਤਾਂ ਸੁਖੀ ਜੀਵਨ ਨਹੀਂ ਬਿਤਾਅ ਸਕਾਂਗੇ। ਪਤੀ-ਪਤਨੀ ਦੋਵਾਂ ਦਾ ਮਨ ਇਕ ਹੋ ਜਾਣਾ ਚਾਹੀਦਾ ਹੈ। ਇਕ-ਦੂਜੇ ਲਈ ਤਿਆਗ ਦੀ ਭਾਵਨਾ ਰੱਖਣੀ ਚਾਹੀਦੀ ਹੈ। ਦੋਵਾਂ ਨੂੰ ਚਾਹੀਦਾ ਹੈ ਕਿ ਉਹ ਇਕ-ਦੂਜੇ ਦੀ ਪਸੰਦ ਦਾ ਧਿਆਨ ਰੱਖਣ। ਆਪਣੇ ਦੋਸਤਾਂ ਤੇ ਸਹੇਲੀਆਂ ਦੇ ਸਾਹਮਣੇ ਇਕ-ਦੂਜੇ ਦੀਆਂ ਕਮੀਆਂ ਜ਼ਾਹਿਰ ਨਹੀਂ ਕਰਨੀਆਂ ਚਾਹੀਦੀਆਂ। ਇਕ-ਦੂਜੇ ਦੇ ਜਨਮ ਦਿਨ ਜਾਂ ਵਿਆਹ ਦੀ ਵਰ੍ਹੇਗੰਢ 'ਤੇ ਛੋਟੇ-ਮੋਟੇ ਤੋਹਫ਼ੇ ਦੇ ਕੇ ਇਕ-ਦੂਜੇ ਨੂੰ ਖੁਸ਼ ਰੱਖਣਾ ਚਾਹੀਦਾ ਹੈ। ਦੋਵਾਂ ਨੂੰ ਇਕ-ਦੂਜੇ ਦੀਆਂ ਛੋਟੀਆਂ-ਛੋਟੀਆਂ ਖਾਹਿਸ਼ਾਂ ਨੂੰ ਪੂਰਾ ਕਰਦੇ ਰਹਿਣਾ ਚਾਹੀਦਾ ਹੈ। ਛੋਟੇ-ਛੋਟੇ ਘਰੇਲੂ ਬਜਟ ਪਤਨੀ ਨੂੰ ਖੁਦ ਹੀ ਬਣਾਉਣੇ ਚਾਹੀਦੇ ਹਨ। ਪਤੀ ਦੀ ਆਮਦਨ ਦੇ ਅਨੁਸਾਰ ਹੀ ਗੁਜ਼ਾਰਾ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਤੁਹਾਡੇ ਵਿਚ ਕੋਈ ਕਲਾ ਹੈ ਜਿਵੇਂ ਸਿਲਾਈ-ਬੁਣਾਈ, ਟਿਊਸ਼ਨ ਆਦਿ ਤਾਂ ਉਸ ਦਾ ਫਾਇਦਾ ਉਠਾ ਕੇ ਪਤੀ ਦੀ ਆਮਦਨ ਵਿਚ ਹੱਥ ਵਟਾਉਣਾ ਚਾਹੀਦਾ ਹੈ ਤੇ ਇਕ ਚੰਗੀ ਗ੍ਰਹਿਣੀ ਹੋਣ ਦਾ ਸਬੂਤ ਦੇਵੋ। ਜੇਕਰ ਦੋਵੇਂ ਨੌਕਰੀ ਪੇਸ਼ੇ ਵਾਲੇ ਹਨ ਤਾਂ ਦੋਵਾਂ ਨੂੰ ਘਰ ਦਾ ਕੰਮ ਵੰਡ ਕੇ ਕਰਨਾ ਚਾਹੀਦਾ ਹੈ, ਤਾਂ ਜੋ ਦੋਵੇਂ ਸਮੇਂ ਸਿਰ ਆਪਣੇ ਕੰਮ 'ਤੇ ਪਹੁੰਚ ਸਕਣ। ਘਰ ਦਾ ਕੰਮ ਕਰਾਉਣਾ ਕੋਈ ਸ਼ਰਮ ਵਾਲੀ ਗੱਲ ਨਹੀਂ। ਛੋਟੇ-ਮੋਟੇ ਕੰਮ ਕਰਾਉਣ ਨਾਲ ਪਤਨੀ ਦੀ ਕਾਫੀ ਮਦਦ ਹੋ ਜਾਂਦੀ ਹੈ ਤੇ ਇਕ-ਦੂਜੇ ਦਾ ਸਾਥ ਵੀ ਬਣਿਆ ਰਹਿੰਦਾ ਹੈ। ਛੇਤੀ ਕੰਮ ਖ਼ਤਮ ਕਰਕੇ ਦੋਵਾਂ ਕੋਲ ਇਕੱਠੇ ਬੈਠਣ ਦਾ ਸਮਾਂ ਵੀ ਮਿਲ ਜਾਂਦਾ ਹੈ। ਘਰ ਵਿਚ ਪਤਨੀ ਨੂੰ ਬਰਾਬਰ ਦਾ ਦਰਜਾ ਦਿਓ। ਬੱਚਿਆਂ ਦੇ ਸਾਹਮਣੇ ਜਾਂ ਘਰ ਦੇ ਹੋਰ ਮੈਂਬਰਾਂ ਦੇ ਸਾਹਮਣੇ ਇਕ-ਦੂਜੇ ਨੂੰ ਕਦੇ ਨਾ ਝਿੜਕੋ। ਕੋਸ਼ਿਸ਼ ਹੋਵੇ ਕਿ ਇਕ-ਦੂਜੇ ਨੂੰ ਪਿਆਰ ਨਾਲ ਸਮਝਾਇਆ ਜਾਵੇ। ਦੋਵਾਂ ਨੂੰ ਇਕ-ਦੂਜੇ ਦੇ ਪਰਿਵਾਰਾਂ ਦਾ ਆਦਰ-ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਸਮਝਦਾਰੀ ਨਾਲ ਜ਼ਿੰਦਗੀ ਬਿਤਾਉਂਦੇ ਹੋ ਤਾਂ ਦੇਖਣ ਵਾਲਿਆਂ ਲਈ ਇਕ ਮਿਸਾਲ ਕਾਇਮ ਕਰ ਸਕਦੇ ਹੋ ਤੇ ਜ਼ਿੰਦਗੀ ਜਿਊਣ ਦਾ ਮਜ਼ਾ ਹੀ ਕੁਝ ਹੋਰ ਹੋਵੇਗਾ।



## ਅਸਲਾ ਲਾਇਸੰਸ ਧਾਰਕ ਲਾਇਸੰਸ ਸਬੰਧੀ ਲੋੜੀਂਦੀਆਂ ਸੇਵਾਵਾਂ ਆਪਣੇ ਨਜ਼ਦੀਕੀ ਸੇਵਾ ਕੇਂਦਰਾਂ ਵਿਖੇ ਈ-ਸੇਵਾ ਪੋਰਟਲ ਤੇ ਤੁਰੰਤ ਅਪਲਾਈ ਕਰਨ : ਵਧੀਕ ਜ਼ਿਲ੍ਹਾ ਮੈਜਿਸਟਰੇਟ

**ਪਟਿਆਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਦੱਸਿਆ ਕਿ ਪੰਜਾਬ ਸਟੇਟ ਈ-ਗਵਰਨਸ ਸੋਸਾਇਟੀ ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ ਵੱਲੋਂ ਅਸਲਾ ਲਾਇਸੰਸ ਧਾਰਕਾਂ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਗਏ ਹਨ।



ਉਨ੍ਹਾਂ ਦੱਸਿਆ ਕਿ ਜਿਨ੍ਹਾਂ ਅਸਲਾ ਲਾਇਸੰਸ ਧਾਰਕਾਂ ਵੱਲੋਂ ਸਤੰਬਰ 2019 ਤੋਂ ਬਾਅਦ ਈ-ਸੇਵਾ ਪੋਰਟਲ 'ਤੇ ਆਪਣੇ ਅਸਲੇ ਲਾਇਸੰਸ ਸਬੰਧੀ ਕੋਈ ਵੀ ਲੋੜੀਂਦੀ ਸੇਵਾ ਲਈ ਅਰਜ਼ੀ ਨਹੀਂ ਦਿੱਤੀ ਗਈ ਹੈ ਤਾਂ ਉਹ ਮਿਤੀ 01 ਜਨਵਰੀ 2025 ਤੋਂ ਪਹਿਲਾਂ-ਪਹਿਲਾਂ ਲੋੜੀਂਦੀ ਸੇਵਾਵਾਂ ਲਈ ਅਪਲਾਈ ਕਰਨਾ ਯਕੀਨੀ ਬਣਾਉਣ ਕਿਉਂਕਿ ਉਕਤ ਮਿਤੀ ਤੋਂ ਬਾਅਦ ਉਹ ਆਪਣੇ ਅਸਲਾ ਲਾਇਸੰਸ ਸਬੰਧੀ ਲੋੜੀਂਦੀ ਸੇਵਾ ਈ-ਸੇਵਾ ਪੋਰਟਲ 'ਤੇ ਪ੍ਰਾਪਤ ਨਹੀਂ ਕਰ ਸਕਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਅਜਿਹੇ ਅਸਲਾ ਧਾਰਕਾਂ ਜਿਨ੍ਹਾਂ ਵੱਲੋਂ ਸਤੰਬਰ 2019 ਤੋਂ ਬਾਅਦ ਆਪਣੇ ਅਸਲਾ ਲਾਇਸੰਸ ਸਬੰਧੀ ਕੋਈ ਵੀ ਲੋੜੀਂਦੀ ਸੇਵਾ ਈ-ਸੇਵਾ ਪੋਰਟਲ 'ਤੇ ਅਪਲਾਈ ਨਹੀਂ ਕੀਤੀ ਗਈ, ਉਹਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮਿਤੀ 31 ਦਸੰਬਰ 2024 ਤੱਕ ਹਰ ਹਾਲਤ ਵਿੱਚ ਨਜ਼ਦੀਕੀ ਸੇਵਾ ਕੇਂਦਰ ਪਾਸ ਲੋੜੀਂਦੀ ਸੇਵਾ ਸਬੰਧੀ ਜ਼ਰੂਰੀ ਦਸਤਾਵੇਜ਼ ਜਮ੍ਹਾਂ ਕਰਵਾਉਣ ਤਾਂ ਜੋ ਅਸਲਾ ਲਾਇਸੰਸੀਆਂ ਨੂੰ ਭਵਿੱਖ ਵਿੱਚ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਉਪਰੰਤ ਲਿਸਟ ਵਿੱਚ ਦਰਜ ਕੋਈ ਵੀ ਐਪਲੀਕੇਸ਼ਨ ਡੀਲ ਨਹੀਂ ਕੀਤੀ ਜਾਵੇਗੀ।

## ਵਿਧਾਇਕ ਦੇਵ ਮਾਨ ਅਤੇ ਸ਼ਾਹੀ ਪਰਿਵਾਰ ਵੱਲੋਂ ਨਾਭਾ ਵਿਖੇ ਮਨਾਇਆ ਗਿਆ ਧਰਮੀ ਮਹਾਰਾਜਾ ਹੀਰਾ ਸਿੰਘ ਦਾ ਜਨਮ ਦਿਹਾੜਾ

**ਨਾਭਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਸਤੀ ਨਗਰੀ ਨਾਭਾ ਦੇ ਧਰਮੀ ਰਾਜਾ ਮਹਾਰਾਜਾ ਹੀਰਾ ਸਿੰਘ ਜੀ ਦੇ 181ਵੇਂ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਨਾਭਾ ਬੜ੍ਹੀ ਸਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਭਾਈ ਜੋਗਿੰਦਰ ਸਿੰਘ ਰਿਆੜ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਵਿੱਚ ਮਹਾਰਾਣੀ ਉਮਾ ਸਿੰਘ, ਰਾਣੀ ਪ੍ਰੀਤੀ ਸਿੰਘ, ਆਦਿ ਦਾ ਪਰਿਵਾਰ ਹਾਜ਼ਰ ਸੀ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਦਾ ਨਾਮ ਧਰਮੀ ਮਹਾਰਾਜੇ ਵਜੋਂ ਮਸ਼ਹੂਰ ਹੈ, ਜਿਨ੍ਹਾਂ ਨੇ ਆਪਣੇ ਰਾਜ ਸਮੇਂ ਹਰ ਧਰਮ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਰਾਜ ਕੀਤਾ ਅਤੇ ਜਨਤਾ ਦੇ ਹਰਮਨ ਪਿਆਰੇ



ਮਹਾਰਾਜਾ ਬਣੇ। ਉਨ੍ਹਾਂ ਕਿਹਾ ਕਿ ਮਹਾਰਾਜਾ ਹੀਰਾ ਸਿੰਘ ਦਾ ਜਨਮ 18 ਦਸੰਬਰ 1843 ਈਸਵੀ ਵਿੱਚ ਨਾਭਾ ਰਿਆਸਤ ਵਿੱਚ ਪੈਂਦੇ ਅਤੇ ਮੌਜੂਦਾ ਸੰਗਰੂਰ ਜ਼ਿਲ੍ਹੇ ਦੇ ਪਿੰਡ ਬਡਰੁੱਖਾਂ ਵਿਖੇ ਹੋਇਆ। ਮਹਾਰਾਜਾ ਹੀਰਾ ਸਿੰਘ ਦੇ ਪਿਤਾ ਮਹਾਰਾਜਾ ਸੁੱਖਾ ਸਿੰਘ ਸਨ। ਮਹਾਨ ਸ਼ਬਦਕੋਸ਼ ਅਨੁਸਾਰ ਨਾਭਾ ਦੇ ਰਾਜਾ ਭਗਵਾਨ ਸਿੰਘ ਦੇ ਔਲਾਦ ਨਾ ਹੋਣ ਕਰਕੇ ਉਨ੍ਹਾਂ ਦੀ ਮੌਤ ਤੋਂ ਬਾਅਦ ਫੂਲਕੀਆ ਪਰਿਵਾਰ ਵਿਚੋਂ ਸਭ ਤੋਂ ਨੇੜਲੇ ਰਿਸ਼ਤੇਦਾਰੀ ਵਿੱਚ ਪੈਂਦੇ ਮਹਾਰਾਜਾ ਹੀਰਾ ਸਿੰਘ ਨੂੰ ਗੱਦੀ @ਤੇ ਬਿਠਾਇਆ ਗਿਆ, ਇਸ ਮੌਕੇ ਹਿਸਟੋਰੀਅਨ ਸਿਮਰ ਸਿੰਘ ਵੱਲੋਂ ਲਿਖੀ ਕਿਤਾਬ ਵਿਰਾਸਤ ਏ ਨਾਭਾ ਵੀ ਜ਼ਾਰੀ ਕੀਤੀ ਗਈ ਇਸ ਮੌਕੇ ਬਾਬਾ ਨਰਿੰਦਰ ਸਿੰਘ ਨੰਦੂ, ਇੰਪਰੂਵਮੈਂਟ ਟਰਸੱਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ, ਚਰਨ ਸਿੰਘ, ਸੁਜਾਤਾ ਚਾਵਲਾ, ਅਸ਼ੋਕ ਬਾਂਸਲ , ਮਨਪ੍ਰੀਤ ਸਿੰਘ ਕਰਤਾਰ ਕੰਬਾਈਨ ਭਾਦਸੋਂ, ਨਰਿੰਦਰ ਬਾਂਸਲ , ਅਸ਼ੋਕ ਅਰੋੜਾ, ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਕਪਿਲ ਮਾਨ, ਜਸਦੀਪ ਸਿੰਘ ਖੰਨਾ, ਸੁਖਦੇਵ ਸਿੰਘ ਮਾਨ, ਤੇਜਿੰਦਰ ਸਿੰਘ ਖਹਿਰਾ, ਸੁਖਦੇਵ ਸਿੰਘ ਸੰਧੂ, ਅਮਨ ਗੁਪਤਾ, ਊਸ਼ਾ ਮੱਗੋ, ਗੁਲਾਬ ਮਾਨ, ਪ੍ਰਿੰਸ ਸ਼ਰਮਾ, ਜਸਵੰਤ ਸਿੰਘ ਕਪੂਰ, ਮਨਪ੍ਰੀਤ ਸਿੰਘ ਧਾਰੋਕੀ , ਹਰਮੀਕ ਸਿੰਘ ਬਾਜਵਾ , ਮਨਜੋਤ ਲੱਧਾਹੇੜੀ , ਰਜੀਵ ਸਰਪੰਚ ਸੌਂਜਾ, ਗੁਰਚਰਨ ਸਿੰਘ ਲੁਹਾਰ ਮਾਜਰਾ, ਗੌਤਮ ਬਾਤਿਸ਼, ਨੀਰੂ ਸ਼ਰਮਾ, ਕਸ਼ਮੀਰ ਸਿੰਘ ਲਾਲਕਾ, ਮਾਨਟੂ ਪਾਹੂਜਾ ਆਦਿ ਹਾਜਰ ਸਨ।

## ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੇ ਈਐਨਟੀ ਵਿਭਾਗ ਦੇ ਪੀਜੀ ਵਿਦਿਆਰਥੀ 43ਵੀਂ ਨਾਰਥਵੈਸਟ ਜ਼ੋਨ ਕਾਨਫਰੰਸ ਵਿੱਚ ਛਾਏ



**ਪਟਿਆਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦੇ ਨੱਕ, ਕੰਨ ਤੇ ਗਲਾ ਰੋਗਾਂ ਦੇ ਵਿਭਾਗ (ਈ.ਐਨ.ਟੀ.) ਨੇ ਸੰਸਥਾ ਲਈ ਮਾਣ ਵਧਾਇਆ ਹੈ, ਇਸਦੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਏਮਜ਼ ਬਠਿੰਡਾ ਵਿਖੇ ਹੋਈ 43ਵੀਂ ਨਾਰਥਵੈਸਟ ਜ਼ੋਨ ਕਾਨਫਰੰਸ ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਡਾਇਰੈਕਟਰ-ਪ੍ਰਿੰਸੀਪਲ ਡਾ: ਰਾਜਨ ਸਿੰਗਲਾ ਨੇ ਦੱਸਿਆ ਕਿ ਡਾ. ਈਸ਼ੀਤ ਭਾਟੀਆ ਨੇ ਸਰਵੋਤਮ ਥੀਸਿਸ ਪੇਪਰ ਲਈ ਸੋਨ ਤਗਮਾ ਪ੍ਰਾਪਤ ਕੀਤਾ। ਡਾ. ਸਾਕਸ਼ੀ ਸ਼ਰਮਾ ਨੂੰ ਸਰਵੋਤਮ ਪੇਪਰ ਪੇਸ਼ਕਾਰੀ ਲਈ ਸੋਨ ਤਗਮਾ ਦਿੱਤਾ ਗਿਆ ਅਤੇ ਕੁਇਜ਼ ਮੁਕਾਬਲੇ ਵਿੱਚ ਡਾ. ਈਸ਼ੀਤ ਭਾਟੀਆ ਅਤੇ ਡਾ. ਪ੍ਰਿਅੰਕਾ ਜੇਤੂ ਰਹੇ।

ਇਸ ਬਾਰੇ ਜਾਣਕਾਰੀ ਦਿੰਦਾਂ ਿਆਂ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਸਿੰਗਲਾ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਮੈਡੀਕਲ ਕਾਲਜਾਂ ਦੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਨਾਲ ਇਹ ਪ੍ਰਾਪਤੀ ਹੋਰ ਵੀ ਮਹੱਤਵਪੂਰਨ ਬਣ ਗਈ ਹੈ।

ਵਿਭਾਗ ਨੂੰ ਵਧਾਈ ਦਿੰਦੇ ਹੋਏ, ਡਾ. ਸਿੰਗਲਾ ਨੇ ਕਿਹਾ ਕਿ ਉਨ੍ਹਾਂ ਨੂੰ 43ਵੀਂ ਨਾਰਥਵੈਸਟ ਜ਼ੋਨ ਕਾਨਫਰੰਸ ਵਿੱਚ ਆਪਣੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਬਹੁਤ ਮਾਣ ਹੈ। ਤਿੰਨ ਗੋਲਡ ਮੈਡਲ ਹਾਸਲ ਕਰਨਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਲਗਨ ਅਤੇ ਅਕਾਦਮਿਕ ਉੱਤਮਤਾ ਦਾ ਪ੍ਰਮਾਣ ਹੈ।ਉਨ੍ਹਾਂ ਨੇ ਈ.ਐਨ.ਟੀ ਵਿਭਾਗ ਦੇ ਫੈਕਲਟੀ ਮੈਂਬਰਾਂ ਵਲੋਂ ਵਿਦਿਆਰਥੀਆਂ ਦੇ ਅਨਮੁੱਲੇ ਮਾਰਗਦਰਸ਼ਨ ਅਤੇ ਸਲਾਹਕਾਰੀ ਲਈ ਦਿਲੋਂ ਧੰਨਵਾਦ ਕੀਤਾ ਹੈ।

## ਕ੍ਰਿਸ਼ੀ ਵਿਗਿਆਨ ਕੇਂਦਰ ਨੇ ਵੋਕੇਸ਼ਨਲ ਟ੍ਰੇਨਿੰਗ ਕਰਵਾਈ

**ਪਟਿਆਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕ੍ਰਿਸ਼ੀ ਵਿਗਿਆਨ ਕੇਂਦਰ ਪਟਿਆਲਾ ਵੱਲੋਂ 12 ਤੋਂ 18 ਦਸੰਬਰ ਤੱਕ ਪੰਜ ਦਿਨਾਂ ਵੋਕੇਸ਼ਨਲ ਟਰੇਨਿੰਗ ਕਰਵਾਈ ਗਈ, ਇਸ ਕੋਰਸ ਵਿੱਚ ਜ਼ਿਲ੍ਹਾ ਪਟਿਆਲਾ ਦੇ ਪਿੰਡ ਮਸੀਂਗਣ, ਰੁੜਕੀ, ਸਦਨੌਲੀ ਅਤੇ ਕਲਿਆਣ ਦੇ 36 ਕਿਸਾਨਾਂ ਨੇ ਹਿੱਸਾ ਲਿਆ।

ਪ੍ਰੋਫੈਸਰ ਗ੍ਰਹਿ ਵਿਗਿਆਨ ਡਾ. ਗੁਰਪਦੇਸ਼ ਕੌਰ ਨੇ ਹੱਥ ਨਾਲ ਕੱਢਾਈ ਦੇ ਵੱਖ-ਵੱਖ ਡਿਜ਼ਾਈਨਾਂ, ਫੈਬਰਿਕ ਪੇਂਟਿੰਗ ਅਤੇ ਹੱਥ ਨਾਲ ਬੁਣਾਈ ਦੇ ਜਰੀਏ ਕਪੜੇ ਬਣਾਉਣ ਦੀ ਪ੍ਰਕਿਰਿਆ ਸਬੰਧੀ ਜਾਣਕਾਰੀ ਦਿੱਤੀ। ਪੂਜਾ ਸ਼ਾਰਦਾ ਨੇ ਸਰਾਣੇ ਦੇ ਕਵਰ ਅਤੇ ਮੇਜ਼ ਰਨਰ ਵਰਗੀਆਂ ਸਜਾਵਟੀ ਚੀਜ਼ਾਂ ਤਿਆਰ ਕਰਨ ਦੇ ਤਰੀਕੇ ਦੱਸੇ। ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਬਾਗਬਾਨੀ ਅਤੇ ਫਲਾਂ ਦੇ ਪੌਦਿਆਂ ਦੀ ਖੇਤੀ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰੋਫੈਸਰ ਡਾ. ਰਾਜਨੀ ਗੋਇਲ ਨੇ ਮੌਸਮੀ ਫਲਾਂ ਅਤੇ ਸਬਜ਼ੀਆਂ ਤੋਂ ਉਤਪਾਦ ਤਿਆਰ ਕਰਨ ਸਬੰਧੀ ਜਾਣਕਾਰੀ ਦਿੱਤੀ।

ਟਰੇਨਿੰਗ ਦੌਰਾਨ ਸਵੈ ਸਹਾਇਤਾ ਸਮੂਹ ਦੀ ਹਰਜੀਤ ਕੌਰ ਨੇ ਫੈਸ਼ਨ ਉਤਪਾਦਾਂ ਨਾਲ ਆਮਦਨ ਵਧਾਉਣ ਸਬੰਧੀ ਆਪਣੇ ਤਜ਼ਰਬੇ ਸਾਂਝੇ ਕੀਤੇ। ਆਖਰੀ ਦਿਨ, ਡਾ. ਗੁਰਪਦੇਸ਼ ਕੌਰ ਨੇ ਟ੍ਰੇਨੀਜ਼ ਨੂੰ ਆਪਣਾ ਕੱਪੜੇ ਤਿਆਰ ਕਰਨ ਅਤੇ ਬਿਊਟੀ ਦਾ ਸਾਜੋ ਸਾਮਾਨ ਤਿਆਰ ਕਰਨ ਬਾਰੇ।

## ਨਗਰ ਕੌਂਸਲ ਮਾਲੇਰਕੋਟਲਾ ਦੇ ਵਾਰਡ ਨੰਬਰ 18 ਦੀ ਉਪ-ਚੋਣ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਨੇ ਕੀਤੀ ਮੀਟਿੰਗ ਅਤੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਮਲੇਰਕੋਟਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਮਾਲੇਰਕੋਟਲਾ ਦੇ ਵਾਰਡ ਨੰਬਰ 18 ਦੀ ਉਪ-ਚੋਣ ਦੇ ਅਮਲ ਨੂੰ ਨਿਰਪੱਖ,ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜ੍ਹਾਉਣਾ ਯਕੀਨੀ ਬਣਾਉਣ ਲਈ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ ਪੱਲਵੀ ਦੀ ਪ੍ਰਧਾਨਗੀ ਹੇਠ ਮੀਟਿੰਗ ਦਾ ਆਯੋਜਨ ਕੀਤਾ ਗਿਆ।



ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ,ਐਸ.ਡੀ.ਐਮ.ਮਾਲੇਰਕੋਟਲਾ ਹਰਬੰਸ ਸਿੰਘ,ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ,ਡੀ.ਐਸ.ਪੀ.ਰਣਜੀਤ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਨੁਮਾਇੰਦੇ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਪ ਚੋਣ ਦੀ ਸਮੁੱਚੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਸੁਤੰਤਰ, ਨਿਰਪੱਖ, ਸੁਚਾਰੂ, ਨਿਰਵਿਘਨ ਅਤੇ ਆਜ਼ਾਦਾਨਾ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਅੱਜ ਦਫ਼ਤਰ ਐਸ.ਡੀ.ਐਮ. ਵਿਖੇ ਚੋਣ ਅਮਲੇ ਨੂੰ ਰਿਹਰਸਲ ਕਰਵਾਈ ਅਤੇ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਵੋਟਿੰਗ ਲਈ ਈ.ਵੀ.ਐਮਜ਼. ਦੀ ਵਰਤੋਂ ਕੀਤੀ ਜਾਵੇਗੀ। ਵੋਟਾਂ 21 ਦਸੰਬਰ 2024 ਨੂੰ ਸਵੇਰੇ 7.00 ਵਜੇ ਤੋਂ ਸ਼ਾਮ 04.00 ਵਜੇ ਤੱਕ ਈ.ਵੀ.ਐਮਜ਼.ਜ਼ਰੀਏ ਪੈਣਗੀਆਂ। ਪੋਲਿੰਗ ਪਾਰਟੀਆਂ ਨੂੰ 20 ਦਸੰਬਰ ਨੂੰ ਨਿਰਧਾਰਤ ਕੀਤੇ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਕੀਤਾ ਜਾਵੇਗਾ। ਵਾਰਡ ਨੰਬਰ 18 ਵਿੱਚ 2768 ਵੋਟਰ ਹਨ, ਜਿਨ੍ਹਾਂ ਵਿੱਚ 1429 ਪੁਰਸ਼ ਵੋਟਰ ਤੇ 1339 ਮਹਿਲਾ ਵੋਟਰ ਹਨ।ਵੋਟਰਾਂ ਦੀ ਸਹੂਲਤ ਲਈ ਤਿੰਨ ਪੋਲਿੰਗ ਸਟੇਸ਼ਨ ਸਥਾਨਕ ਐਸ.ਏ.ਜੈਨ ਹਾਈ ਸਕੂਲ (ਲੜਕੇ) ਵਿਖੇ ਬਣਾਏ ਗਏ ਹਨ।

ਉਨ੍ਹਾਂ ਕਿਹਾ ਕਿ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਉਪ ਚੋਣ ਪ੍ਰਕ੍ਰਿਆ ਮੁਕੰਮਲ ਕਰਨ ਲਈ ਸਾਨੂੰ ਹਰ ਤਰ੍ਹਾਂ ਦੇ ਸੰਭਵ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਬੂਥ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ ਤਾਂ ਜੋ ਵੋਟਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਐਸ.ਡੀ.ਐਮ. ਨੂੰ ਹਦਾਇਤ ਕੀਤੀ ਕਿ ਪੋਲਿੰਗ ਸਟਾਫ ਲਈ ਪੁਖੱਤਾ ਪ੍ਰਬੰਧ ਕੀਤੇ ਜਾਣ।

## ਮਾਸਟਰ ਸੁਖਜੀਤ ਸਿੰਘ ਕੈਂਥ ਟੋਪ ਪਰਫੋਰਮਿੰਗ ਐਵਾਰਡ ਨਾਲ ਸਨਮਾਨਿਤ



**ਸ੍ਰੀ ਆਨੰਦਪੁਰ ਸਾਹਿਬ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਦੇ ਵਾਤਾਵਰਣ ਸੰਭਾਲ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਵੱਲੋਂ ਪਾਈ ਜੈਮ ਅਤੇ ਐਮਾਜੋਨ ਰਾਹੀਂ ਭਾਰਤ ਵਿੱਚ ਕਰਵਾਏ ਈਕੋ ਹੈਕਾਥਨ ਵਿੱਚ ਪੂਰੇ ਭਾਰਤ ਵਿੱਚੋਂ ਜਿਥੇ ਬੱਚਿਆਂ ਵਿੱਚੋਂ ਫਿਊਚਰ ਸਾਇੰਟਿਸਟ ਦੀ ਖੋਜ ਕੀਤੀ ਜਾਂਦੀ ਹੈ ਉਸ ਨਾਲ ਹੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਖੇਤਰ ਨਾਲ ਜੋੜਨ ਲਈ ਕੀਤੇ ਉਪਰਾਲਿਆਂ ਲਈ ਪੂਰੇ ਭਾਰਤ ਵਿੱਚੋਂ 5 ਅਧਿਆਪਕ ਚੁਣੇ ਗਏ ਜਿਨ੍ਹਾਂ ਨੂੰ ਭਾਰਤ ਸਰਕਾਰ ਦੇ ਵਾਤਾਵਰਣ ਸੰਭਾਲ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਸੈਕਟਰੀ ਅਤੇ ਸਪੈਸ਼ਲ ਸੈਕਟਰੀ ਵੱਲੋਂ ਟਾਪ ਪਰਫੋਰਮਿੰਗ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਚੰਗਰ ਇਲਾਕੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਸ. ਸੁਖਜੀਤ ਸਿੰਘ ਕੈਂਥ ਜੀ ਨੇ ਮਿਹਨਤ ਸਦਕਾ ਜ਼ਿਲ੍ਹਾ ਰੂਪਨਗਰ ਤਹਿਸੀਲ ਸ੍ਰੀ ਆਨੰਦਪੁਰ ਸਾਹਿਬ ਚ ਪੈਂਦੇ ਸਰਕਾਰੀ ਮਿਡਲ ਸਕੂਲ ਰਾਏਪੁਰ ਸਾਨੀ ਬਲਾਕ ਸ੍ਰੀ ਕੀਰਤਪੁਰ ਸਾਹਿਬ ਦੇ ਨਾਮ ਦੇ ਨਾਲ ਨਾਲ ਪਿੰਡ ਦਾ ਵੀ ਨਾਮ ਰੌਸ਼ਨ ਕੀਤਾ।

ਇਸ ਨਾਲ ਪੂਰੇ ਇਲਾਕਾ ਨਿਵਾਸੀਆਂ ਚ ਖੁਸ਼ੀ ਦਾ ਮਾਹੌਲ ਹੈ। ਪਿੰਡ ਵਾਸੀਆਂ ਨੇ ਸ ਸੁਖਜੀਤ ਸਿੰਘ ਕੈਂਥ ਜੀ ਦਾ ਸਵਾਗਤ ਬੜੀ ਧੂਮ ਧਾਮ ਨਾਲ ਕੀਤਾ ।ਇਸ ਖੁਸ਼ੀ ਮੌਕੇ ਮੈਡਮ ਸਤਨਾਮ ਕੌਰ ਕੈਂਥ, ਰਮਨ ਸਿੰਘ, ਨਮਨਿੰਤ ਕੌਰ, ਨਿਲਾਮ ਕੁਮਾਰ , ਐਸ ਐਸ ਸੀ ਕਮੇਟੀ ਮੈਂਬਰ ਰਾਣੀ ਦੇਵੀ ਚੇਅਰਮੈਨ GMS, ਮਨੀਸ਼ਾ ਚੌਹਾਨ, ਸਾਬਕਾ ਸਰਪੰਚ ਰਾਜਿੰਦਰ ਕੌਰ, ਜਸਪ੍ਰੀਤ ਕੌਰ, ਦਿਲਬਾਗ ਰਾਏਪੁਰ ਜ਼ਿਲ੍ਹਾ ਯੂਥ ਵਿੰਗ ਸਕੱਤਰ, ਨੰਬਰਦਾਰ ਗੁਰਨਾਮ ਸਿੰਘ, ਸਰਪੰਚ ਦਲੇਰ ਸਿੰਘ, ਪੰਚ ਬਚਿੱਤਰ ਸਿੰਘ, ਪੰਚ ਬਲਵੀਰ ਸਿੰਘ, ਪੰਚ ਸੇਵਾ ਸਿੰਘ ਸਮੂਹ ਪੰਚੀਅਤ ਮੈਂਬਰ , ਮਲਕੀਤ ਸਿੰਘ ,ਲੱਡੂ ਰਾਏਪੁਰ,ਹੁਕਮ ਮੁਹੰਮਦ, ਜੈਮਲ ਸਿੰਘ, ਜਸਵਿੰਦਰ ਸਿੰਘ, ਇਕਬਾਲ ਸਿੰਘ, ਅਮਰਚੰਦ ,ਪ੍ਰੀਤਮ ਸਿੰਘ, ਜਸਵੰਤ ਸਿੰਘ ਅਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਧੂਰੀ ਵਿਖੇ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕੱਢਿਆ ਗਿਆ ਮੋਟਰਸਾਈਕਲ ਮਾਰਚ



**ਧੂਰੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਵੱਲੋਂ ਪੰਜਾਬ ਭਰ ਦੇ ਵਿੱਚ ਰੇਲ ਰੋਕੋ ਅੰਦੋਲਨ ਕੀਤਾ ਜਾ ਰਿਹਾ ਸੀ ਉਸੇ ਸੰਬੰਧ ਵਿੱਚ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੰਯੁਕਤ ਕਿਸਾਨ ਮੋਰਚਾ ਨੂੰ ਸਮਰਥਨ ਦਿੰਦੇ ਹੋਏ ਧੂਰੀ ਦੀ ਅਨਾਜ ਮੰਡੀ ਤੋਂ ਮੋਟਰਸਾਈਕਲ ਮਾਰਚ ਕੱਢਿਆ ਗਿਆ ਜੋ ਧੂਰੀ ਬਲਾਕ ਦੇ ਵੱਖ-ਵੱਖ ਪਿੰਡਾਂ ਦੇ ਵਿੱਚ ਹੁੰਦਾ ਹੋਇਆ ਧੂਰੀ ਦੇ ਪਿੰਡ ਪੇਧਨੀ ਵਿਚ ਸਮਾਪਤ ਹੋਇਆ ਇਸ ਮੌਕੇ ਤੇ ਕਿਸਾਨ ਯੂਨੀਅਨ ਉਗਰਾਹਾਂ ਧੂਰੀ ਦੇ ਜਨਰਲ ਸਕੱਤਰ ਹਰਪਾਲ ਸਿੰਘ ਨੇ ਦੱਸਿਆਂ ਕਿ ਜਿਥੇ ਪਹਿਲਾਂ 3 ਕਾਲੇ ਕਨੂੰਨ ਰੱਦ ਕਰਵਾ ਕੇ ਅਸੀਂ ਮੋਰਚਾ ਫਤਿਹ ਕਰਕੇ ਵਾਪਿਸ ਆਏ ਸੀ ਪਰ ਐਮ ਐਸ ਪੀ ਮੁੱਦੇ ਨੂੰ ਲੈ ਕੇ ਕੇਂਦਰ ਸਰਕਾਰ ਮੁੱਕਰ ਗਈ ਹੈ ਅਸੀਂ ਸਰਕਾਰ ਨੂੰ ਜਗਾਉਣ ਲਈ ਅੱਜ ਮੋਟਰਸਾਈਕਲ ਮਾਰਚ ਕਢਿਆ ਗਿਆ। ਇਹ ਮਾਰਚ ਪਿੰਡਾ ਦੇ ਨੌਜਵਾਨਾਂ ਨੂੰ ਜਗਾਉਣ ਲਈ ਕਢਿਆ ਗਿਆ ਤਾਂ ਕੇ ਜਿਸ ਤਰ੍ਹਾਂ ਪਹਿਲਾ ਕਾਨੂੰਨ ਵਾਪਿਸ ਲੈਣ ਲਈ ਸਰਕਾਰ ਨੂੰ ਮਜਬੂਰ ਕੀਤਾ ਸੀ ਫੇਰ ਤੋਂ ਐਮ ਐਸ ਪੀ ਨੂੰ ਲੈ ਕੇ ਦੁਬਾਰਾ ਇਕੱਠੇ ਹੋ ਕੇ ਦਿੱਲੀ ਵੱਲ ਨੂੰ ਕੂਚ ਕਰੀਏ ਨਾਲ ਹੀ ਉਹਨਾਂ ਨੇ ਇਹ ਵੀ ਕਿਹਾ ਕਿ ਆਮ ਜਨਤਾ ਨੂੰ ਵਪਾਰੀ ਵਰਗ ਨੂੰ ਕਿਸਾਨਾਂ ਦੇ ਨਾਲ ਖੜਨਾ ਚਾਹੀਦਾ ਹੈ ਜੇ ਕਿਸਾਨ ਹੀ ਜਾਂ ਵਪਾਰੀ ਕੁਚਲਿਆ ਗਿਆ ਤਾਂ ਆਮ ਲੋਕ ਕਿਵੇਂ ਜੀ ਸਕਣਗੇ ਅਤੇ ਜਗਜੀਤ ਸਿੰਘ ਡੱਲੇਵਾਲ ਜੀਂ ਦੇ ਇਸ ਸੰਗ੍ਰਹਿ ਵਿਚ ਓਹਨਾਂ ਦੇ ਸਾਥ ਦਈਏ ਅਤੇ ਸੰਯੁਕਤ ਕਿਸਾਨ ਮੋਰਚਾ ਵਲੋਂ ਵੀ 23 ਤਾਰੀਖ ਨੂੰ ਪੂਰੇ ਭਾਰਤ ਦੇ ਡੀ ਸੀ ਦਫਤਰ ਦਾ ਘੇਰਾਵ ਕਿੱਤਾ ਜਾਵੇਗਾ ਤਾਂ ਕੇ ਸਰਕਾਰ ਦੀਆਂ ਅੱਖਾਂ ਖੁੱਲ ਸਕਣ

## ਭਾਟੀਆ ਬਰਾਦਰੀ ਨੇ ਜਰੂਰਤਮੰਦਾਂ ਨੂੰ ਵੰਡੇ ਕੰਬਲ

**ਅੰਮ੍ਰਿਤਸਰ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਟੀਆ ਵੈਲਫੇਅਰ ਆਰਗੇਨਾਈਜੇਸ਼ਨ ਵਲੋ ਪਿਛਲੇ ਲੰਬੇ ਸਮੇਂ ਤੋ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਅਸ਼ੋਕ ਭਾਟੀਆ ਰਿਟਾਇਡ ਕਮਿਸ਼ਨਰ ਐਕਸਾਈਜ ਐਂਡ ਟੈਕਸਟੇਸ਼ਨ ਦੀ ਅਗਵਾਈ ਵਿਚ ਠੰਢ ਦੇ ਮੋਸਮ ਨੂੰ ਦੇਖਦੇ ਹੋਏ ਜਰੂਰਤਮੰਦ ਲੋਕਾ ਨੂੰ ਗਰਮ ਕੰਬਲ ਵੰਡੇ ਗਏ।

ਇਸ ਦੋਰਾਨ ਬ੍ਰਿਗੇਡੀਅਰ ਮਹਿੰਦਰ ਸਿੰਘ ਸੀ.ਉਪ.ਪ੍ਰਧਾਨ ਜਰਨਲ ਸੈਕਟਰੀ ਕਵਲਜੀਤ ਸਿੰਘ ਭਾਟੀਆ, ਪ੍ਰੈਸ ਸੈਕਟਰੀ ਗਿੰਨੀ ਭਾਟੀਆ, ਜਰਨਲ ਸੈਕਟਰੀ ਰਾਕੇਸ਼ ਭਾਟੀਆ,ਵਿਜੇ ਭਾਟੀਆ ਵਿੱਤ ਸਕੱਤਰ, ਸ਼ਕਤੀ ਭਾਟੀਆ ਸੀਨੀਅਰ ਵਾਇਜ਼ ਪ੍ਰਧਾਨ ਹਰਬੰਸ ਸਿੰਘ ਭਾਟੀਆ ਐਗਜੇਕਟਿਵ ਮੈਂਬਰ, ਸ਼ੈਂਕੀ ਭਾਟੀਆ, ਯੂਥ ਕੋਆਰਡੀਨੇਟਰ ਸ਼ਾਮਲ ਹੋਏ। ਪ੍ਰਧਾਨ ਅਸ਼ੋਕ ਭਾਟੀਆ ਤੇ ਸਮੂਹ ਅਹੁਦੇਦਾਰਾਂ ਨੇ ਸਾਂਝੇ ਤੋਰ ਤੇ ਗੱਲ ਬਾਤ ਕਰਦਿਆ ਕਿਹਾ ਕਿ ਭਾਟੀਆ ਬਰਾਦਰੀ ਦਾ ਮੁੱਖ ਉਦੇਸ਼ ਜਰੂਰਤਮੰਦ ਲੋਕਾ ਦੀ ਸੇਵਾ ਕਰਨਾ ਹੈ ਅਤੇ ਸਮੇ ਸਮੇ ਤੇ ਬਰਾਦਰੀ ਵਲੋ ਭਾਟੀਆ ਬਰਾਦਰੀ ਨਾਲ ਸੰਬੰਧਤ ਗਰੀਬ ਬੱਚਿਆ ਦੀ ਪੜ੍ਹਾਈ ਲਈ ਸਹਿਯੋਗ ਕੀਤਾ ਜਾਂਦਾ ਹੈ, ਤਾਂ ਜੋ ਵੱਧ ਰਹੀ ਮਹਿੰਗਾਈ ਦੇ ਇਸ ਦੋਰ ਵਿਚ ਗਰੀਬ ਲੋਕਾ ਨੂੰ ਰਾਹਤ ਮਿਲ ਸਕੇ।

## ਵਾਰਡ ਨੰ: 48 ਦੇ ਲੋਕਾ ਦਾ ਕਹਿਣਾ, ਬੀਜੇਪੀ ਉਮੀਦਵਾਰ ਕੇ.ਪੀ. ਰਾਣਾ ਸਾਡੇ ਵਾਰਡ ਦਾ ਗਹਿਣਾ

**ਲੁਧਿਆਣਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਵਿੱਚ ਮੋਦੀ ਸਰਕਾਰ ਨੇ ਦੇਸ਼ ਵਿਚ ਵੀ ਬਹੁਤ ਜ਼ਿਆਦਾ ਸਫਲਤਾ ਹਾਸਿਲ ਕੀਤੀ ਹੈ, ਇਸ ਵਾਰ ਲੁਧਿਆਣੇ ਦੇ ਲੋਕਾਂ ਲਈ ਵੀ ਮੋਦੀ ਸਰਕਾਰ ਨੇ ਬਹੁਤ ਸਾਰੇ ਕੰਮਾਂ ਨੂੰ ਕਰਨ ਦਾ ਵਾਅਦਾ ਕੀਤਾ ਹੈ ਜਿਨ੍ਹਾਂ ਨੂੰ ਪਿਛਲੀ ਕੋਈ ਵੀ ਸਰਕਾਰਾਂ ਕਰਵਾ ਨਹੀਂ ਸਕੀਆਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਾਰਡ 48 ਤੋਂ ਬੀਜੇਪੀ ਦੇ ਉਮੀਦਵਾਰ ਕੇ.ਪੀ ਰਾਣਾ ਨੇ ਮੀਡੀਆ ਨਾਲ ਗੱਲ ਬਾਤ ਦੌਰਾਨ ਕੀਤਾ। ਇਸ ਵਾਰਡ ਵਿਚ ਰਾਣਾ ਨੇ ਸਰਕਾਰ ਵਿੱਚ ਨਾਂ ਵੀ ਹੁੰਦਿਆਂ ਹੋਏ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਜੋੜਕੇ ਖੜਿਆ ਰਿਹਾ ਹੈ। ਲੋਕਾ ਵਲੋ ਰਾਣੇ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ, ਲੋਕਾ ਦਾ ਕਹਿਣਾ ਹੈ ਕਿ ਕੇ.ਪੀ. ਰਾਣਾ ਸਾਡੇ ਵਾਰਡ ਦਾ ਹੈ ਗਹਿਣਾ। ਕਿਉਂਕਿ ਏਹ ਬਿਨਾ ਕਿਸੇ ਵੀ ਭੇਦ ਭਾਵ ਦੇ ਸਭ ਦਾ ਸਾਥ ਹਮੇਸ਼ਾ ਦਿੰਦਾ ਆਇਆ ਹੈ।ਰਾਣੇ ਨੇ ਅੱਗੇ ਕਿਹਾ ਕਿ ਇਸ ਵਾਰ ਜੇਕਰ ਲੋਕ ਮੈਨੂੰ ਅਸ਼ੀਰਵਾਦ ਦਿੰਦੇ ਹਨ ਤਾਂ ਮੈਂ ਲੋਕਾਂ ਲਈ ਹੋਰ ਵੀ ਤਾਕਤ ਨਾਲ ਕੰਮ ਕਰਾਂਗਾ। ਮੈਂ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਵੱਧ ਤੋਂ ਵੱਧ ਬੀਜੇਪੀ ਦੇ ਉਮੀਦਵਾਰਾਂ ਨੂੰ ਜਿਤਾਓ ਤੇ ਬੀਜੇਪੀ ਦਾ ਮੇਯਰ ਲੁਧਿਆਣਾ ਵਿੱਚ ਬਣਾਓ ਫੇਰ ਦੇਖਣਾ ਸ਼ਹਿਰ ਦਾ ਵਿਕਾਸ ਕਿਵੇਂ ਨਹੀਂ ਹੁੰਦਾ। ਡੋਰ ਟੂ ਡੋਰ ਵਿੱਚ ਵੀ ਲੋਕਾਂ ਵੱਲੋਂ ਰਾਣੇ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ।

ਲੋਕਾਂ ਦਾ ਕਹਿਣਾ ਹੈ ਕਿ ਬਾਕੀ ਉਮੀਦਵਾਰ ਤਾਂ ਏਹੀ ਸੋਚੀ ਬੈਠੇ ਹਨ ਕਿ ਬਿਨਾਂ ਕੰਮ ਕੀਤੇ ਹੀ ਵੋਟ ਪੈ ਜਾਣੀ ਹੈ, ਲੋਕਾਂ ਦਾ ਕਹਿਣਾ ਹੈ ਕਿ ਰਾਣਾ ਸਾਡਾ ਨੇਤਾ ਨਹੀਂ ਬਲਕਿ ਬੇਟਾ ਹੈ।ਇਸ ਵਾਰ ਅਸੀਂ 2 ਨੰਬਰ ਦਾ ਬਟਨ ਦਬਾ ਕੇ ਆਪਣੇ ਬੇਟੇ ਨੂੰ ਜੇਤੂ ਬਣਾਉਣਾ ਹੈ।

## ਜ਼ਿਲ੍ਹਾ ਲੈਪਰੋਸੀ ਅ.ਫ਼ਸਰ ਵੱਲੋਂ ਡਾਕਟਰ ਅਤੇ ਸਿਹਤ ਕਰਮਚਾਰੀਆਂ ਨੂੰ ਟਰੇਨਿੰਗ ਦਿੱਤੀ ਗਈ



**ਬਰਨਾਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਬਰਨਾਲਾ ਵੱਲੋਂ ਡਾ. ਬਲਦੇਵ ਸਿੰਘ ਸਿਵਲ ਸਰਜਨ ਬਰਨਾਲਾ ਦੇ ਦਿਸ਼ਾ ਨਿਰਦੇਸ਼ਾ ਅਧੀਨ ਕੁਸ਼ਟ ਰੋਗ ਸਬੰਧੀ ਜ਼ਿਲ੍ਹਾ ਪੱਧਰ 'ਤੇ ਡਾ. (ਮੇਜਰ ) ਕਾਕੁਲ ਬਾਜਵਾ ( ਚਮੜੀ ਰੋਗਾਂ ਦੇ ਮਾਹਿਰ) ਜ਼ਿਲ੍ਹਾ ਲੈਪਰੋਸੀ ਅਫ਼ਸਰ ਵੱਲੋਂ ਡਾਕਟਰ ਅਤੇ ਸਿਹਤ ਕਰਮਚਾਰੀਆਂ ਨੂੰ ਟਰੇਨਿੰਗ ਦਿੱਤੀ ਗਈ।

ਡਾ. (ਮੇਜਰ) ਕਾਕੁਲ ਬਾਜਵਾ ਨੇ ਦੱਸਿਆ ਕਿ 1983 ਚ ਨੈਸ਼ਨਲ ਲੈਪਰੋਸੀ ਅਰੈਡੀਕੇਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਗਿਆ । ਜਿਸ ਦਾ ਮੁੱਖ ਉਦੇਸ਼ ਕੁਸ਼ਟ ਰੋਗ ਸਬੰਧੀ ਡਰ, ਭਰਮ-ਭੁਲੇਖੇ ਦੂ ਕਰਕੇ ਸਮੇਂ ਸਿਰ ਇਲਾਜ ਲਈ ਪ੍ਰੇਰਿਤ ਕਰਨਾ ਹੈ । ਸਿਵਲ ਹਸਪਤਾਲ ਬਰਨਾਲਾ 'ਚ ਇਸਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਜ਼ਿਲ੍ਹਾ ਲੈਪਰੋਸੀ ਅਫ਼ਸਰ ਨੇ ਦੱਸਿਆ ਕਿ ਚਮੜੀ 'ਤੇ ਹਲਕੇ ਲਾਲ, ਚਿੱਟੇ ਜਾਂ ਤਾਂਬੇ ਰੰਗ ਦੇ ਗੋਲ ਦਾਗ ਜੋ ਕਿ ਸੁੰਨ ਹੋਣ ਜਾਂ ਦਾਗ ਵਾਲੀ ਜਗ੍ਹਾਂ ਤੋਂ ਵਾਲ ਝੜ ਜਾਣ , ਹੱਥਾਂ ਤੇ ਪੈਰਾਂ ਦੇ ਅੰਦਰਲੇ ਹਿਸਾ ਸੁੰਨ ਹੋਵੇ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਪੂਰਾ ਸਮਾਂ ਇਲਾਜ ਕਰਾਉਣਾ ਚਾਹੀਦਾ ਹੈ। ਕੁਸ਼ਟ ਰੋਗ ਚਮੜੀ ਅਤੇ ਨਾੜੀਤੰਤਰ 'ਤੇ ਮਾੜਾ ਅਸਰ ਕਰਦਾ ਹੈ।

ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਅਤੇ ਹਰਜੀਤ ਸਿੰਘ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਨੇ ਦੱਸਿਆ ਕਿ ਕੁਸ਼ਟ ਰੋਗ ਆਮ ਰੋਗਾਂ ਵਾਂਗ ਰੋਗ ਹੈ ਜੋ ਕਿ ਇਲਾਜਯੋਗ ਹੈ।

ਜੇਕਰ ਕਿਸੇ ਨੂੰ ਵੀ ਸਿਹਤ ਸਮੱਸਿਆ ਹੋਵੇ ਤਾਂ ਸਿਵਲ ਹਸਪਤਾਲ ਬਰਨਾਲਾ 'ਚ ਮੁਫ਼ਤ ਸਿਹਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਸਿਹਤ ਕਰਮਚਾਰੀਆਂ ਵੱਲੋਂ ਸਮੇਂ-ਸਮੇਂ 'ਤੇ ਜਾਗਰੂਕ ਕੀਤਾ ਜਾਂਦਾ ਹੈ।

## ਖੇਤੀਬਾੜੀ ਵਿਭਾਗ ਵੱਲੋਂ ਪਿੰਡ ਨਰੈਣਗੜ੍ਹ ਸੋਹੀਆਂ ਵਿਖੇ ਕਿਸਾਨ ਗੋਸ਼ਟੀ ਲਗਾਈ



**ਬਰਨਾਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਕਟਰ ਜਗਦੀਸ਼ ਸਿੰਘ ਮੁੱਖ ਖੇਤੀਬਾੜੀ ਅਫਸਰ, ਬਰਨਾਲਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਮਹਿਲ ਕਲਾਂ ਵੱਲੋਂ ਪਿੰਡ ਨਰੈਣਗੜ੍ਹ ਸੋਹੀਆਂ, ਵਿਖੇ ਆਤਮਾ ਸਕੀਮ ਤਹਿਤ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਨਦੀਨਾਂ ਦੀ ਰੋਕਥਾਮ, ਕੀੜੇ ਮਕੌੜੇ, ਬਿਮਾਰੀਆਂ ਅਤੇ ਉਹਨਾਂ ਦੇ ਹੱਲ ਸਬੰਧੀ ਬਲਾਕ ਪੱਧਰੀ ਕਿਸਾਨ ਗੋਸ਼ਟੀ ਕਰਵਾਈ ਗਈ। ਇਸ ਦੌਰਾਨ ਡਾਕਟਰ ਹਰਮਨਦੀਪ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਮਹਿਲ ਕਲਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸ਼ਿਫਾਰਸ਼ਾਂ ਅਤੇ ਮਾਹਿਰਾਂ ਦੀ ਸਲਾਹ ਨਾਲ ਹੀ ਸਹੀ ਮਿਕਦਾਰ ਵਿੱਚ ਦਵਾਈਆਂ ਅਤੇ ਖਾਦਾਂ ਆਦਿ ਦੀ ਵਰਤੋਂ ਨਾਲ ਖੇਤੀ ਕਰਨ ਦੀ ਸਲਾਹ ਦਿੱਤੀ।

ਇਸ ਮੌਕੇ ਡਾ. ਅਮਨਦੀਪ ਕੌਰ ਸਹਾਇਕ ਪ੍ਰੋਫੈਸਰ, ਫਾਰਮ ਸਲਾਹਕਾਰ ਕੇਂਦਰ, ਬਰਨਾਲਾ ਨੇ ਹਾੜ੍ਹੀ ਦੀ ਫਸਲਾਂ (ਕਣਕ,ਸਰੋਂ) ਸਬੰਧੀ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਸਨਵਿੰਦਰਪਾਲ ਸਿੰਘ ਬਰਾੜ, ਬਲਾਕ ਤਕਨੀਕੀ ਮੈਨੇਜਰ, ਮਹਿਲ ਕਲਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਆਤਮਾ ਅਧੀਨ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਇਸ ਗੋਸ਼ਟੀ ਦੌਰਾਨ ਹਰਪਾਲ ਸਿੰਘ, ਖੇਤੀ ਉਪ ਨਿਰੀਖਕ, ਮਹਿਲ ਕਲਾਂ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੇ ਸੈਂਪਲ ਲੈਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ। ਇਸ ਮੌਕੇ ਸ੍ਰੀ ਕੁਲਵੀਰ ਸਿੰਘ ਏ.ਟੀ.ਐਮ. ਨੇ ਪੀ.ਐਮ.ਕਿਸਾਨ ਨਿਧੀ ਯੋਜਨਾ ਦੇ ਲਾਭਪਾਤਰੀਆਂ ਦੀ ਈ.ਕੇ. ਵਾਈ. ਸੀ. ਕੀਤੀ। ਇਸ ਦੌਰਾਨ ਖੇਤੀਬਾੜੀ ਮਾਹਿਰਾਂ ਦੀ ਟੀਮ ਸ੍ਰੀ ਕੁਲਦੀਪ ਸਿੰਘ ਬੇਲਦਾਰ, ਸ੍ਰੀ ਜਸਵੀਰ ਸਿੰਘ ਅਤੇ ਕੰਵਲਦੀਪ ਸਿੰਘ ਆਰ ਜੀ ਆਰ ਸੈਲ ਤੋਂ ਇਲਾਵਾ ਕਿਸਾਨ ਅਜੀਤ ਸਿੰਘ, ਅਮਰ ਸਿੰਘ, ਗੁਰਪ੍ਰੀਤ ਸਿੰਘਆਦਿ ਕਿਸਾਨ ਹਾਜ਼ਰ ਸਨ।

## ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਸਕੂਲੀ ਪੱਧਰ ਤੇ ਹੀ ਵਿਦਿਆਰਥੀਆਂ ਨੂੰ ਸਾਂਝ ਸੁਵਿਧਾਵਾਂ ਅਤੇ ਨਸ਼ਿਆਂ ਵਿਰੁੱਧ ਕਰ ਰਹੀ ਹੈ ਜਾਗਰੂਕ: ਸੁਖਜਿੰਦਰ ਸਿੰਘ

**ਪਟਿਆਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਮੈਰੀਟੋਰੀਅਸ ਸਕੂਲ ਵਿਖੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਿਊਨਿਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ, ਐਸ ਪੀ ਹੈਡਕੁਆਰਟਰ ਹਰਵੰਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡਣ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਦੀਪ ਮਾਲਾ ਗੋਇਲ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ,ਵਿਸ਼ੇਸ਼ ਤੌਰ ਤੇ ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਸੁਖਜਿੰਦਰ ਸਿੰਘ ਨੇ ਕਿਹਾ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸੀਨੀਅਰ ਅਫ਼ਸਰ ਸਾਹਿਬਾਨ ਦੇ ਹੁਕਮਾਂ ਅਨੁਸਾਰ ਸਕੂਲੀ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸਟੇਸ਼ਨਰੀ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਾਂਝ ਕੇਂਦਰ ਵੱਲੋਂ ਦਿੱਤੀ ਜਾ ਰਹੀ ਸਟੇਸ਼ਨਰੀ ਵਿਚ ਸਕੂਲੀ ਵਿਦਿਆਰਥੀਆਂ ਨੂੰ ਸਾਂਝ ਕੇਂਦਰ ਵੱਲੋਂ ਦਿਤੀਆਂ ਜਾ ਰਹੀਆਂ ਇੱਕ ਪਲੇਟਫਾਰਮ ਤੇ ਸੁਵਿਧਾਵਾਂ ਬਾਰੇ ਜਾਣਕਾਰੀ ਸਾਈਬਰ ਸੁਰੱਖਿਆ ਬਾਰੇ ਜਾਣਕਾਰੀ। ਇਸ ਤੋਂ ਇਲਾਵਾ ਨਸ਼ਿਆਂ ਵਿਰੁੱਧ ਜਾਣਕਾਰੀ ਅਤੇ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸਕੂਲ ਪੱਧਰ ਤੇ ਹੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾ ਸਕੇ, ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਵਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ, ਮੌਕੇ 400 ਦੇ ਕਰੀਬ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਿੱਤੀ ਗਈ। ਪ੍ਰੋਗਰਾਮ ਦੌਰਾਨ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੀ ਟੀਮ ਵੱਲੋਂ ਵਲੰਟੀਅਰਜ਼ ਸੇਵਾਵਾਂ ਦਿੱਤੀਆਂ ਗਈਆਂ।

## ਰੋਟਰੀ ਕਲੱਬ ਧੂਰੀ ਵੱਲੋਂ ਯੂਨੀਵਰਸਿਟੀ ਕਾਲਜ ਬੇਨੜਾ ਦੇ ਲੋੜਵੰਦ ਵਿਦਿਆਰਥੀਆਂ ਦੀ ਮਦਦ



**ਧੂਰੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਧੂਰੀ ਵੱਲੋਂ ਸਮਾਜ ਸੇਵਾ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਅੱਗੇ ਵਧਾਉਂਦੇ ਹੋਏ ਯੂਨੀਵਰਸਿਟੀ ਕਾਲਜ ਬੇਨੜਾ ਦੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੀ ਮਦਦ ਲਈ 75380 ਰੁਪਏ ਦੀ ਰਕਮ ਫੀਸ ਦੇ ਰੂਪ ਵਿੱਚ ਪ੍ਰਦਾਨ ਕੀਤੀ ਗਈ। ਉਪਰੋਕਤ ਰਾਸ਼ੀ ਦਾ ਚੈੱਕ ਸ੍ਰੀ ਮੱਖਣ ਲਾਲ ਗਰਗ ਦੁਆਰਾ ਰੋਟਰੀ ਕਲੱਬ ਦੇ ਪ੍ਰਧਾਨ ਸ. ਬਲਜੀਤ ਸਿੰਘ ਸਿੱਧੂ ਅਤੇ ਵਿੱਤ ਸੈਕਟਰੀ ਸ੍ਰੀ ਹੁਕਮ ਚੰਦ ਸਿੰਗਲਾ ਦੀ ਮੌਜੂਦਗੀ ਵਿੱਚ ਡਾ. ਹਰਵਿੰਦਰ ਸਿੰਘ ਮੰਡ ਨੂੰ ਦਿੱਤਾ ਗਿਆ।

ਇਹ ਪ੍ਰੋਗਰਾਮ ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਦੀ ਸਰਪ੍ਰਸਤੀ ਹੇਠ ਹੋਇਆ। ਡਾ. ਹਰਵਿੰਦਰ ਸਿੰਘ ਮੰਡ ਨੇ ਰੋਟਰੀ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਯਤਨ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਜਾਰੀ ਰੱਖਣ ਲਈ ਬਹੁਤ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਸਹਿਕਾਰੀ ਯਤਨਾਂ ਦੀ ਸਾਰੇ ਸਮਾਜ ਨੂੰ ਲੋੜ ਹੈ, ਤਾਂ ਜੋ ਕੋਈ ਵੀ ਵਿਦਿਆਰਥੀ ਪੜ੍ਹਾਈ ਤੋਂ ਵਾਂਝਾ ਨਾ ਰਹੇ।

ਇਸ ਮੌਕੇ ਤੇ ਕਾਲਜ ਦੇ ਸਟਾਫ਼ ਮੈਂਬਰ ਡਾ. ਅਸ਼ੋਕ ਕੁਮਾਰ ਅਤੇ ਡਾ. ਗਗਨਦੀਪ ਸਿੰਘ ਨੇ ਵੀ ਵਿਦਿਆਰਥੀਆਂ ਦੇ ਲਈ ਕੀਤੇ ਗਏ ਇਸ ਯੋਗਦਾਨ ਦੀ ਸ਼ਲਾਘਾ ਕੀਤੀ।

ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਸ. ਬਲਜੀਤ ਸਿੰਘ ਸਿੱਧੂ ਨੇ ਕਿਹਾ ਕਿ ਰੋਟਰੀ ਕਲੱਬ ਹਮੇਸ਼ਾ ਸਮਾਜ ਸੇਵਾ ਦੇ ਕੰਮਾਂ ਵਿੱਚ ਅੱਗੇ ਰਿਹਾ ਹੈ ਅਤੇ ਇਹ ਯਤਨ ਵੀ ਇਸ ਕੜੀ ਦਾ ਹਿੱਸਾ ਹੈ। ਸ੍ਰੀ ਮੱਖਣ ਲਾਲ ਗਰਗ, ਸ੍ਰੀ ਹੁਕਮ ਚੰਦ ਸਿੰਗਲਾ, ਅਤੇ ਡਾ. ਰਮੇਸ਼ ਸ਼ਰਮਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਹੌਂਸਲਾ ਦੇਣਾ ਅਤੇ ਆਰਥਿਕ ਸਹਾਇਤਾ ਮੁਹੱਈਆ ਕਰਵਾਉਣਾ ਕਲੱਬ ਦੀ ਪਹਿਲ ਰਹੀ ਹੈ।

ਇਸ ਮੌਕੇ ਕਲੱਬ ਦੇ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਸਿੱਖਿਆ ਪ੍ਰਤੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਾਰੇ ਮੈਂਬਰਾਂ ਨੇ ਵਚਨ ਦਿੱਤਾ ਕਿ ਅਜਿਹੇ ਸਮਾਜਿਕ ਕਾਰਜਾਂ ਨੂੰ ਹਮੇਸ਼ਾ ਜਾਰੀ ਰੱਖਿਆ ਜਾਵੇਗਾ।

# ਡੱਲੇਵਾਲ ਦੀ ਸਿਹਤ ਸੰਭਾਲ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ: ਸੁਪਰੀਮ ਕੋਰਟ

## ਮਰਨ ਵਰਤ ਉੱਤੇ ਬੈਠੇ ਕਿਸਾਨ ਆਗੂ ਨੂੰ ਹਸਪਤਾਲ ਦਾਖ਼ਲ ਕਰਨ ਦਾ ਫੈਸਲਾ ਪੰਜਾਬ ਸਰਕਾਰ ਤੇ ਡਾਕਟਰਾਂ ਉੱਤੇ ਛੱਡਿਆ



**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਪਿਛਲੇ 24 ਦਿਨਾਂ ਤੋਂ ਮਰਨ ਵਰਤ ਉੱਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ ਵਿਚ ਦਾਖਲ ਕਰਵਾਉਣ ਸਬੰਧੀ ਫੈਸਲਾ ਪੰਜਾਬ ਸਰਕਾਰ ਦੇ ਅਧਿਕਾਰੀਆਂ ਤੇ ਡਾਕਟਰਾਂ ਉੱਤੇ ਛੱਡ ਦਿੱਤਾ ਹੈ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਕਿਹਾ ਕਿ ਡੱਲੇਵਾਲ ਦੀ ਸਿਹਤ ਸੰਭਾਲ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ। ਸਰਬਉੱਚ ਕੋਰਟ ਨੇ ਡੱਲੇਵਾਲ ਦੀ ਮੈਡੀਕਲ ਹਾਲਤ ਬਾਰੇ ਪੰਜਾਬ ਦੇ ਮੁੱਖ ਸਕੱਤਰ ਤੇ ਸਿਹਤ ਅਧਿਕਾਰੀਆਂ ਤੋਂ 2 ਜਨਵਰੀ ਤੱਕ ਰਿਪੋਰਟਾਂ ਮੰਗੀਆਂ ਹਨ। ਬੈਂਚ ਨੇ ਕਿਹਾ ਕਿ ਲੋੜ ਪੈਣ ਉੱਤੇ ਸੂਬਾ ਸਰਕਾਰ ਕੋਰਟ ਨਾਲ ਰਾਬਤਾ ਕਰ ਸਕਦੀ ਹੈ। ਬੈਂਚ ਨੇ ਕਿਹਾ ਕਿ 70 ਸਾਲਾ ਡੱਲੇਵਾਲ ਨੂੰ ਪੰਜਾਬ ਤੇ ਹਰਿਆਣਾ ਦੀ ਸਰਹੱਦ ਖਨੌਰੀ ਬਾਰਡਰ ਉੱਤੇ ਧਰਨੇ ਵਾਲੀ ਥਾਂ ਤੋਂ 700 ਮੀਟਰ ਦੇ ਘੇਰੇ ਵਿਚ ਸਥਾਪਿਤ ਆਰਜ਼ੀ ਹਸਪਤਾਲ ਵਿਚ ਤਬਦੀਲ ਕੀਤਾ ਜਾ ਸਕਦਾ ਹੈ।

ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਸਾਨ ਆਗੂ ਦੀ ਮੈਡੀਕਲ ਹਾਲਤ ਬਾਰੇ ਮੁੱਖ ਸਕੱਤਰ ਦਾ ਹਲਫ਼ਨਾਮਾ ਕੋਰਟ ਨੂੰ ਸੌਂਪਿਆ। ਸਿੰਘ ਨੇ ਕਿਹਾ ਕਿ ਕਿਸਾਨ ਆਗੂ ਨੂੰ ਧਰਨੇ ਵਾਲੀ ਥਾਂ ਤੋਂ ਜਬਰੀ ਚੁੱਕਣ ਨਾਲ ਸਦਮਾ ਲੱਗ ਸਕਦਾ ਹੈ ਤੇ ਹਾਲਾਤ ਵਿਗੜ ਸਕਦੇ ਹਨ। ਇਸ ਉੱਤੇ ਬੈਂਚ ਨੇ ਕਿਹਾ ਕਿ ਅਥਾਰਿਟੀਜ਼ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਲਈ ਮਨਾਉਣ ਵਾਸਤੇ ਕੋਸ਼ਿਸ਼ਾਂ ਜਾਰੀ ਰੱਖਣ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਅੱਜ ਸੁਣਵਾਈ ਦੌਰਾਨ ਕਿਹਾ ਸੀ ਕਿ ਪੰਜਾਬ ਸਰਕਾਰ ਡੱਲੇਵਾਲ ਨੂੰ ਖਨੌਰੀ ਬਾਰਡਰ ਨੇੜਲੇ ਆਰਜ਼ੀ ਹਸਪਤਾਲ ਵਿਚ ਤਬਦੀਲ ਕਰੇ, ਜਿੱਥੇ ਉਨ੍ਹਾਂ ਦੀ ਸਿਹਤ ਦੀ 24 ਘੰਟੇ ਨਿਗਰਾਨੀ ਕੀਤੀ ਜਾ ਸਕੇ। ਬੈਂਚ ਨੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੂੰ ਕਿਹਾ ਕਿ ਉਹ 70 ਸਾਲਾ ਆਗੂ ਨੂੰ ਖਨੌਰੀ ਬਾਰਡਰ ਉੱਤੇ ਰੋਸ ਧਰਨੇ ਵਾਲੀ ਥਾਂ ਨੇੜੇ ਆਰਜ਼ੀ ਹਸਪਤਾਲ ਵਿਚ ਤਬਦੀਲ ਕਰਨ ਸਬੰਧੀ ਅੱਜ ਹੀ ਹਲਫ਼ਨਾਮਾ ਦਾਇਰ ਕਰਨ। ਸਿੰਘ ਨੇ ਸੁਣਵਾਈ ਦੌਰਾਨ ਬੈਂਚ ਨੂੰ ਦੱਸਿਆ ਕਿ ਕਿਸਾਨ ਆਗੂ ਵੱਲੋਂ ਈਸੀਜੀ ਤੇ ਬਲੱਡ ਟੈਸਟ ਸਣੇ ਹੋਰ ਕਈ ਟੈਸਟਾਂ ਲਈ ਸਹਿਯੋਗ ਦਿੱਤਾ ਜਾ ਰਿਹਾ ਹੈ। ਸਿੰਘ ਨੇ ਕਿਹਾ ਕਿ ਡੱਲੇਵਾਲ ਦੀ ਸਿਹਤ ਹਾਲ ਦੀ ਘੜੀ ਸਥਿਰ ਹੈ। ਸੁਪਰੀਮ ਕੋਰਟ ਨੇ ਲੰਘੇ ਦਿਨ ਵੀ ਪੰਜਾਬ ਸਰਕਾਰ ਨੂੰ ਕਿਹਾ ਸੀ ਕਿ ਉਹ ਡੱਲੇਵਾਲ ਨੂੰ ਮੈਡੀਕਲ ਜਾਂਚ ਵਾਸਤੇ ਰਾਜ਼ੀ ਕਰੇ। ਬੈਂਚ ਨੇ ਕਿਸਾਨ ਆਗੂ ਦੇ ਮੈਡੀਕਲ ਟੈਸਟ ਨਾ ਕਰਵਾਉਣ ਲਈ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਸੀ। ਬੈਂਚ ਨੇ ਡੱਲੇਵਾਲ ਨੂੰ ਮੈਡੀਕਲ ਸਹਾਇਤਾ ਲਈ ਆਰਜ਼ੀ ਤੌਰ 'ਤੇ ਮਰਨ ਵਰਤ ਤੋਂ ਹਟਾਉਣ ਤੇ ਓਨਾ ਚਿਰ ਉਨ੍ਹਾਂ ਦੀ ਥਾਂ ਕਿਸੇ ਹੋਰ ਨੂੰ ਬਿਠਾਉਣ ਦਾ ਵੀ ਸੁਝਾਅ ਦਿੱਤਾ ਸੀ। ਬੈਂਚ ਨੇ ਸਿਵਲ ਹੱਕਾਂ ਬਾਰੇ ਕਾਰਕੁਨ ਈਰੋਮ ਸ਼ਰਮੀਲਾ ਦੀ ਵੀ ਮਿਸਾਲ ਦਿੱਤੀ ਸੀ।

# ਇੰਡੀਆ ਗੱਠਜੋੜ ਦੇ ਆਗੂਆਂ ਵੱਲੋਂ ਸ਼ਾਹ ਵਿਰੁੱਧ ਰੋਸ ਮਾਰਚ



**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਆ ਗੱਠਜੋੜ ਨੇ ਸ਼ੁੱਕਰਵਾਰ ਨੂੰ ਵਿਜੇ ਚੌਕ ਤੋਂ ਸੰਸਦ ਤੱਕ ਰੋਸ ਮਾਰਚ ਕੱਢਿਆ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਡਾਕਟਰ ਬੀਆਰ ਅੰਬੇਦਕਰ ਬਾਰੇ ਕੀਤੀ ਗਈ ਟਿੱਪਣੀ 'ਤੇ ਉਨ੍ਹਾਂ ਤੋਂ ਮੁਆਫੀ ਮੰਗਣ ਅਤੇ ਅਸਤੀਫੇ ਦੀ ਮੰਗ ਕੀਤੀ।

ਵਿਰੋਧੀ ਧਿਰ ਦੇ ਗਠਜੋੜ ਦੇ ਵਿਰੋਧ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਿਰੁੱਧ ਦਾਇਰ ਐਫਆਈਆਰ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਇਹ ਸ਼ਾਹ ਦੀਆਂ ਟਿੱਪਣੀਆਂ ਤੋਂ ਧਿਆਨ ਹਟਾਉਣ ਲਈ ਭਾਜਪਾ ਵੱਲੋਂ ਇਕ ਚਾਲ ਹੈ। ਆਈਏਐਨਐਸ ਨਾਲ ਗੱਲ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਮੁੱਖ ਮੁੱਦਾ ਅਮਿਤ ਸ਼ਾਹ ਵੱਲੋਂ ਡਾ. ਅੰਬੇਡਕਰ 'ਤੇ ਅਪਣੀ ਅਸਵੀਕਾਰਯੋਗ ਟਿੱਪਣੀ ਲਈ ਮੁਆਫ਼ੀ ਮੰਗਣਾ ਹੈ। ਭਾਜਪਾ ਰਾਹੁਲ ਗਾਂਧੀ ਖ਼ਿਲਾਫ਼ ਐਫਆਈਆਰ ਦਰਜ ਕਰਕੇ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਮੋਦੀ ਦੀ ਕੁਵੈਤ ਯਾਤਰਾ ਨਾਲ ਸ਼ੁਰੂ ਹੋਵੇਗਾ ਦੋ-ਪੱਖੀ ਸੰਬੰਧਾਂ 'ਚ ਨਵਾਂ ਅਧਿਆਏ

**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦੇਸ਼ ਮੰਤਰਾਲਾ (ਐਮ.ਈ.ਏ.) ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨੀਵਾਰ ਤੋਂ ਸ਼ੁਰੂ ਹੋ ਰਹੀ 2 ਦਿਨਾ ਕੁਵੈਤ ਯਾਤਰਾ ਨਾਲ ਦੋ-ਪੱਖੀ ਸੰਬੰਧਾਂ 'ਚ ਇਕ ਨਵਾਂ ਅਧਿਆਏ ਸ਼ੁਰੂ ਕਰਨ 'ਚ ਮਦਦ ਮਿਲੇਗੀ। ਮੰਤਰਾਲਾ ਨੇ ਕਿਹਾ ਕਿ ਇਸ ਯਾਤਰਾ ਨਾਲ ਭਾਰਤ-ਕੁਵੈਤ ਸੰਬੰਧਾਂ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਨੇ ਕਿਹਾ ਕਿ ਭਾਰਤ ਰੱਖਿਆ ਅਤੇ ਵਪਾਰ ਸਮੇਤ ਕਈ ਖੇਤਰਾਂ 'ਚ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਉਤਸੁਕ ਹੈ। ਮੰਤਰਾਲਾ ਨੇ ਕਿਹਾ ਕਿ ਮੋਦੀ ਕੁਵੈਤ ਦੇ ਅਮੀਰ ਸ਼ੇਖ ਮੇਸ਼ਾਲ ਅਲ-ਅਹਿਮਦ ਅਲ-ਜਬਰ ਅਲ-ਸਬਾ ਦੇ ਸੱਦੇ 'ਤੇ ਇਸ ਯਾਤਰਾ 'ਤੇ ਜਾਣਗੇ।



ਯਾਤਰਾ ਦੌਰਾਨ ਮੋਦੀ ਕੁਵੈਤ ਦੇ ਨੇਤਾਵਾਂ ਨਾਲ ਚਰਚਾ ਕਰਨਗੇ ਅਤੇ ਉੱਥੇ ਰਹਿਣ ਵਾਲੇ ਭਾਰਤੀ ਭਾਈਚਾਰੇ ਨਾਲ ਵੀ ਗੱਲਬਾਤ ਕਰਨਗੇ।

ਇਸ ਤੋਂ ਪਹਿਲੇ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1981 'ਚ ਕੁਵੈਤ ਦਾ ਦੌਰਾ ਕੀਤਾ ਸੀ। ਭਾਰਤ, ਕੁਵੈਤ ਦੇ ਸੀਨੀਅਰ ਵਪਾਰਕ ਭਾਈਵਾਲਾਂ 'ਚੋਂ ਇਕ ਹੈ ਅਤੇ ਭਾਰਤੀ ਭਾਈਚਾਰਾ ਕੁਵੈਤ 'ਚ ਸਭ ਤੋਂ ਵੱਡਾ ਪ੍ਰਵਾਸੀ ਭਾਈਚਾਰਾ ਹੈ। ਕੁਵੈਤ, ਭਾਰਤ ਦੇ ਸੀਨੀਅਰ ਵਪਾਰਕ ਭਾਈਵਾਲਾਂ 'ਚੋਂ ਇਕ ਹੈ, ਜਿਸ ਦਾ ਦੋ-ਪੱਖੀ ਵਪਾਰ ਵਿੱਤੀ ਸਾਲ 2023-24 'ਚ 10.47 ਅਰਬ ਅਮਰੀਕੀ ਡਾਲਰ ਰਿਹਾ। ਕੁਵੈਤ, ਭਾਰਤ ਦਾ 6ਵਾਂ ਸਭ ਤੋਂ ਵੱਡਾ ਕੱਚੇ ਤੇਲ ਦਾ ਸਪਲਾਈਕਰਤਾ ਹੈ, ਜੋ ਦੇਸ਼ ਦੀ ਊਰਜਾ ਜ਼ਰੂਰਤਾਂ ਨੂੰ ਤਿੰਨ ਫ਼ੀਸਦੀ ਤੱਕ ਪੂਰਾ ਕਰਦਾ ਹੈ। ਅਮੀਰ ਸ਼ੇਖ ਸਬਾਹ ਅਲ ਅਹਿਮਦ ਅਲ ਜਾਬਰ ਅਲ ਸਬਾਹ ਜੁਲਾਈ 2017 'ਚ ਨਿੱਜੀ ਯਾਤਰਾ 'ਤੇ ਭਾਰਤ ਆਏ ਸਨ। ਇਸ ਤੋਂ ਪਹਿਲੇ 2013 'ਚ ਕੁਵੈਤ ਦੇ ਪ੍ਰਧਾਨ ਮੰਤਰੀ ਨੇ ਭਾਰਤ ਦੇ ਉੱਚ ਪੱਧਰੀ ਯਾਤਰਾ ਕੀਤੀ ਸੀ।

# ਭਾਜਪਾ ਸੰਸਦ ਮੈਂਬਰ ਨੇ ਪ੍ਰਿਅੰਕਾ ਗਾਂਧੀ ਨੂੰ ਗਿਫਟ ਕੀਤਾ '1984' ਲਿਖਿਆ ਬੈਗ

**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਸਦ ਮੈਂਬਰ ਅਪਰਾਜਿਤਾ ਸਾਰੰਗੀ ਨੇ ਸ਼ੁੱਕਰਵਾਰ ਨੂੰ ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਨੂੰ ਇਕ ਬੈਗ ਤੋਹਫੇ ਵਿਚ ਦਿੱਤਾ, ਜਿਸ 'ਤੇ ਲਾਲ ਰੰਗ ਵਿਚ '1984' ਲਿਖਿਆ ਹੋਇਆ ਹੈ। ਸਾਰੰਗੀ ਨੇ ਪ੍ਰਿਅੰਕਾ ਨੂੰ ਇਹ ਬੈਗ ਅਜਿਹੇ ਸਮੇਂ 'ਚ ਦਿੱਤਾ ਹੈ, ਜਦੋਂ ਕੁਝ ਦਿਨ ਪਹਿਲਾਂ ਕਾਂਗਰਸੀ ਸੰਸਦ ਮੈਂਬਰ ਫਲਸਤੀਨ ਅਤੇ ਬੰਗਲਾਦੇਸ਼ 'ਤੇ



ਲਿਖੇ ਸੰਦੇਸ਼ ਵਾਲਾ ਬੈਗ ਲੈ ਕੇ ਸੰਸਦ ਭਵਨ ਪਹੁੰਚੇ ਸਨ।

ਭੁਵਨੇਸ਼ਵਰ ਤੋਂ ਭਾਜਪਾ ਸੰਸਦ ਮੈਂਬਰ ਸਾਰੰਗੀ ਨੇ ਸੰਸਦ ਦੇ ਗਲਿਆਰੇ 'ਚ ਪ੍ਰਿਅੰਕਾ ਗਾਂਧੀ ਨੂੰ ਇਹ ਬੈਗ ਦਿੱਤਾ। ਸਾਰੰਗੀ ਨੇ ਇਹ ਬੈਗ ਉਸ ਸਮੇਂ ਕਾਂਗਰਸੀ ਆਗੂ ਨੂੰ ਸੌਂਪਿਆ ਜਦੋਂ ਉਹ ਸੰਸਦ ਦੇ ਗਲਿਆਰੇ ਵਿੱਚੋਂ ਲੰਘ ਰਹੀ ਸੀ। ਪ੍ਰਿਅੰਕਾ ਨੇ ਸਾਰੰਗੀ ਤੋਂ ਬੈਗ ਲਿਆ ਅਤੇ ਅੱਗੇ ਵਧ ਗਈ। ਭਾਜਪਾ ਆਗੂ ਨੇ ਕਿਹਾ ਕਿ ਬੈਗ 'ਤੇ "1984" ਲਿਖਿਆ ਹੋਇਆ ਸੀ। ਉਸ ਨੇ ਕਿਹਾ ਕਿ ਇਹ ਵੀ ਇੱਕ ਮੁੱਦਾ ਹੈ ਜੋ ਕਾਂਗਰਸੀ ਆਗੂ ਨੂੰ ਉਠਾਉਣਾ ਚਾਹੀਦਾ ਹੈ ਕਿਉਂਕਿ ਉਹ ਆਪਣੇ ਬੈਗ 'ਤੇ ਬਿਆਨ ਦੇ ਰਹੀ ਹੈ।

# ਪੰਜਾਬ ਦੇ ਅਧਿਕਾਰੀਆਂ ਲਈ ਸਖ਼ਤ ਹੁਕਮ ਜਾਰੀ, ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰਾਂ 'ਤੇ ਹੋਈ ਸਖ਼ਤੀ

**ਚੰਡੀਗੜ੍ਹ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਤਾ ਦੀ ਖੱਜਲ-ਖੁਆਰੀ ਰੋਕਣ ਲਈ ਪੰਜਾਬ ਸਰਕਾਰ ਨੇ ਸਖ਼ਤ ਹੁਕਮ ਜਾਰੀ ਕੀਤੇ ਹਨ। ਪੰਜਾਬ ਸਰਕਾਰ ਦੇ ਮਾਲ, ਪੁਨਰਵਾਸ ਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ ਵੱਲੋਂ ਸਮੂਹ ਡੀ.ਸੀ ਦਫਤਰਾਂ ਨੂੰ ਸਮੂਹ ਸਬ-ਰਜਿਸਟਰਾਰ, ਜੁਆਇੰਟ ਸਬ-ਰਜਿਸਟਰਰਾਰ, ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰਾਂ ਦੀ ਹਾਜ਼ਰੀ ਚੈੱਕ ਕਰਨ ਸਬੰਧੀ ਪੱਤਰ ਜਾਰੀ ਕਰ ਦਿੱਤਾ ਹੈ। ਪੰਜਾਬ ਸਰਕਾਰ ਵਲੋਂ ਜਾਰੀ ਹੁਕਮਾਂ ਵਿਚ ਆਖਿਆ ਗਿਆ ਹੈ ਕਿ ਨਿਮਨਹਸਤਾਖਰ ਦੇ ਧਿਆਨ ਵਿਚ ਆਇਆ ਹੈ ਕਿ ਕਈ ਸਬ-ਰਜਿਸਟਰਾਰ/ਜੁਆਇੰਟ ਸਬ-ਰਜਿਸਟਰਾਰ/ਤਹਿਸੀਲਦਾਰ/ਨਾਇਬ ਤਹਿਸੀਲਦਾਰ ਸਮੇਂ ਸਿਰ ਵਸੀਕੇ ਤਸਦੀਕ ਕਰਨਾ ਸ਼ੁਰੂ ਨਹੀਂ ਕਰਦੇ, ਜਿਸ ਕਾਰਨ ਆਮ ਪਬਲਿਕ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲਿਹਾਜ਼ਾ ਹੁਕਮ ਦਿੱਤਾ ਜਾਂਦਾ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਜਿਸ ਵੀ ਸਬ-ਰਜਿਸਟਰਾਰ/ਜੁਆਇੰਟ ਸਬ-ਰਜਿਸਟਰਾਰ/ਤਹਿਸੀਲਦਾਰ/ਨਾਇਬ ਤਹਿਸੀਲਦਾਰ ਦੀ ਜਿਸ ਦਿਨ ਵਸੀਕੇ ਤਸਦੀਕ ਕਰਨ ਦੀ ਡਿਊਟੀ ਹੈ, ਉਹ ਉਸ ਦਿਨ ਸਵੇਰੇ 9.00 ਵਜੇ ਤੋਂ ਵਸੀਕੇ ਤਸਦੀਕ ਕਰਨ ਲਈ ਆਪਣੇ ਦਫ਼ਤਰ ਵਿਚ ਉਪਲੱਬਧ ਹੋਵੇ। ਜਿਸ ਸਬ-ਰਜਿਸਟਰਾਰ/ਜੁਆਇੰਟ ਸਬ-ਰਜਿਸਟਰਾਰ/ਤਹਿਸੀਲਦਾਰ/ਨਾਇਬ ਤਹਿਸੀਲਦਾਰ ਦੀ ਜਿਸ ਦਿਨ ਵਸੀਕੇ ਤਸਦੀਕ ਕਰਨ ਦੀ ਡਿਊਟੀ ਹੈ, ਉਸ ਦਿਨ ਕੋਈ ਹੋਰ ਡਿਊਟੀ ਨਾ ਲਗਾਈ ਜਾਵੇ। ਇਹ ਵੀ ਆਖਿਆ ਜਾਂਦਾ ਹੈ ਕਿ ਤਹਿਸੀਲਾਂ ਵਿਚ ਫੋਨ ਕਰਕੇ ਸਵੇਰੇ 9.00 ਵਜੇ ਸਬ-ਰਜਿਸਟਰਾਰ/ਜੁਆਇੰਟ ਸਬ-ਰਜਿਸਟਰਾਰ/ਤਹਿਸੀਲਦਾਰ/ਨਾਇਬ ਤਹਿਸੀਲਦਾਰ ਦੀ ਹਾਜ਼ਰੀ ਚੈੱਕ ਕੀਤੀ ਜਾਵੇ।

# ਸੰਧਵਾਂ ਨੇ ਓਮ ਪ੍ਰਕਾਸ਼ ਚੌਟਾਲਾ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ

**ਚੰਡੀਗੜ੍ਹ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਇੱਕ ਪ੍ਰੈਸ ਰਾਹੀਂ , ਸ. ਸੰਧਵਾਂ ਨੇ ਚੌਟਾਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਭਾਰਤੀ ਰਾਜਨੀਤੀ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਅਤੇ ਹਰਿਆਣਾ ਦੇ ਪੰਜ ਵਾਰ ਬਤੌਰ ਮੁੱਖ ਮੰਤਰੀ ਦੇ ਕਾਰਜਕਾਲ ਨੂੰ ਯਾਦ ਕੀਤਾ।

89 ਸਾਲਾ ਸ੍ਰੀ ਚੌਟਾਲਾ, ਭਾਰਤ ਦੇ 6ਵੇਂ ਉਪ ਪ੍ਰਧਾਨ ਮੰਤਰੀ, ਚੌਧਰੀ ਦੇਵੀ ਲਾਲ ਦੇ ਪੁੱਤਰ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਸੁਪਰੀਮੋ ਸਨ। ਸ. ਸੰਧਵਾਂ ਨੇ ਚੌਟਾਲਾ ਦੇ ਹਰਿਆਣਾ ਦੇ ਲੋਕਾਂ ਪ੍ਰਤੀ ਸਮਰਪਣ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



ਸਪੀਕਰ ਨੇ ਚੌਟਾਲਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਇਸ ਔਖੀ ਘੜੀ ਵਿੱਚ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਲਈ ਬਲ ਬਖਸ਼ਣ ਦੀ ਅਰਦਾਸ ਕੀਤੀ।

# ਈਵੀਐਮ ਵੈਰੀਫਿਕੇਸ਼ਨ : ਸੁਪਰੀਮ ਕੋਰਟ ਦੇ ਕਿਸੇ ਦੂਜੇ ਬੈਂਚ ਵੱਲੋਂ ਜਨਵਰੀ ਵਿਚ ਕੀਤੀ ਜਾਵੇਗੀ ਸੁਣਵਾਈ

**ਨਵੀਂ ਦਿੱਲੀ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈਵੀਐਮਜ਼) ਦੀ ਤਸਦੀਕ ਲਈ ਪਾਲਿਸੀ (ਨੀਤੀ) ਬਣਾਉਣ ਦੀ ਮੰਗ ਕਰਦੀ ਪਟੀਸ਼ਨ ਉੱਤੇ ਹੁਣ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਵੱਲੋਂ ਅਗਲੇ ਸਾਲ ਜਨਵਰੀ ਵਿਚ ਸੁਣਵਾਈ ਕੀਤੀ ਜਾਵੇਗੀ। ਚੀਫ਼ ਜਸਟਿਸ ਸੰਜੀਵ ਖੰਨਾ ਤੇ ਜਸਟਿਸ ਸੰਜੇ ਕੁਮਾਰ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਹਰਿਆਣਾ ਦੇ ਸਾਬਕਾ ਮੰਤਰੀ ਤੇ ਪੰਜ ਵਾਰ ਵਿਧਾਇਕ ਕਰਨ ਸਿੰਘ ਦਲਾਲ ਤੇ ਲਖਨ ਕੁਮਾਰ ਸਿੰਗਲਾ ਵੱਲੋਂ ਦਾਇਰ ਪਟੀਸ਼ਨ ਉੱਤੇ ਜਸਟਿਸ ਦੱਤਾ ਦੇ ਬੈਂਚ ਵੱਲੋਂ 20 ਜਨਵਰੀ ਤੋਂ ਸ਼ੁਰੂ ਹੋ ਰਹੇ ਹਫ਼ਤੇ ਦੌਰਾਨ ਸੁਣਵਾਈ ਕੀਤੀ ਜਾਵੇਗੀ। ਕਾਬਿਲੇਗੌਰ ਹੈ ਕਿ ਜਸਟਿਸ ਖੰਨਾ ਤੇ ਜਸਟਿਸ ਦੱਤਾ ਦੇ ਬੈਂਚ ਨੇ ਇਸ ਸਾਲ ਅਪਰੈਲ ਵਿਚ ਸੁਣਾਏ ਫੈਸਲੇ 'ਚ ਚੋਣਾਂ ਮੁੜ ਬੈਲੇਟ ਪੇਪਰਾਂ ਨਾਲ ਕਰਵਾਉਣ ਦੀ ਮੰਗ ਕਰਦੀ ਪਟੀਸ਼ਨ ਖਾਰਜ ਕਰ ਦਿੱਤੀ ਸੀ। ਇਸ ਤੋਂ ਪਹਿਲਾਂ 13 ਦਸੰਬਰ ਨੂੰ ਜਸਟਿਸ ਵਿਕਰਮ ਨਾਥ ਤੇ ਜਸਟਿਸ ਪੀਬੀ ਵਾਰਾਲੇ ਦੇ ਬੈਂਚ ਨੇ ਪਟੀਸ਼ਨ 'ਤੇ ਸੁਣਵਾਈ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਸੀ ਕਿ ਮਿਲਦੀਆਂ ਜੁਲਦੀਆਂ ਪਟੀਸ਼ਨਾਂ 'ਤੇ ਪਹਿਲਾਂ ਸੁਣਵਾਈ ਕਰਨ ਵਾਲੇ ਬੈਂਚ ਵੱਲੋਂ ਹੀ ਇਹ ਮਾਮਲਾ ਸੁਣਿਆ ਜਾਵੇ। ਹੁਣ ਇਹ ਮਾਮਲਾ ਸੀਜੇਆਈ ਦੀ ਅਗਵਾਈ ਵਾਲੇ ਬੈਂਚ ਅੱਗੇ ਸੂਚੀਬੱਧ ਕੀਤਾ ਗਿਆ ਸੀ।

# ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਲਈ ਪ੍ਰੀਲਿਮਿਨਰੀ ਇਮਤਿਹਾਨ 'ਚ ਸੀ ਸੈਟ ਦਾ ਪੇਪਰ ਹੁਣ ਕੇਵਲ ਕੁਆਲੀਫਾਇੰਗ ਪੇਪਰ ਹੀ ਹੋਵੇਗਾ: ਚੇਅਰਮੈਨ ਜਤਿੰਦਰ ਸਿੰਘ ਔਲਖ

**ਪਟਿਆਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਲੋਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ) ਵੱਲੋਂ ਪੰਜਾਬ ਸਿਵਲ ਸੇਵਾ (ਕਾਰਜਕਾਰੀ ਸ਼ਾਖਾ) ਦੀਆਂ ਅਸਾਮੀਆਂ ਦੀ ਭਰਤੀ ਵਾਸਤੇ ਲਈ ਜਾਣ ਵਾਲੀ ਪ੍ਰੀਲਿਮਿਨਰੀ ਪ੍ਰੀਖਿਆ ਵਿੱਚ ਸੀ ਸੈਟ ਦਾ ਪੇਪਰ ਹੁਣ ਕੇਵਲ ਕੁਆਲੀਫਾਇੰਗ ਪੇਪਰ ਵਜੋਂ ਹੀ ਲਿਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਪੀ.ਪੀ.ਐਸ.ਸੀ. ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਅਜਿਹਾ ਕਰਨ ਲਈ ਪੰਜਾਬ ਸਰਕਾਰ ਨੂੰ ਸਿਫ਼ਾਰਿਸ਼ ਭੇਜੀ ਸੀ, ਜਿਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਮੰਨ ਲਿਆ ਹੈ।



ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਅੱਜ ਇੱਥੇ ਕਮਿਸ਼ਨ ਦੇ ਦਫ਼ਤਰ ਵਿਖੇ ਦੱਸਿਆ ਕਿ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਪੰਜਾਬ ਸਿਵਲ ਸੇਵਾ (ਕਾਰਜਕਾਰੀ ਸ਼ਾਖਾ) ਦੀ ਭਰਤੀ ਦੇ ਪ੍ਰੀਲਿਮਿਨਰੀ ਇਮਤਿਹਾਨ ਵਿੱਚ ਸੀ ਸੈਟ ਦੇ ਪੇਪਰ ਨੂੰ ਸੰਘੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਦੀ ਤਰਜ 'ਤੇ ਕਰਨ ਦਾ ਫ਼ੈਸਲਾ ਕੀਤਾ ਅਤੇ ਆਪਣੀ ਸਿਫ਼ਾਰਿਸ਼ ਪੰਜਾਬ ਸਰਕਾਰ ਨੂੰ ਭੇਜੀ, ਜਿਸ ਨੂੰ ਮੁੱਖ ਮੰਤਰੀ ਦੀ ਮਨਜ਼ੂਰੀ ਨਾਲ ਸੂਬਾ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ। ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਨੇ ਅੱਗੇ ਦੱਸਿਆ ਕਿ ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਦੀ ਪ੍ਰੀਲਿਮਿਨਰੀ ਪ੍ਰੀਖਿਆ ਵਿੱਚ ਸੀ ਸੈਟ ਪੇਪਰ ਨੂੰ ਹੁਣ ਯੂ.ਪੀ.ਐਸ.ਸੀ. ਦੀ ਤਰਜ 'ਤੇ ਕੇਵਲ ਕੁਆਲੀਫਾਇੰਗ ਪੇਪਰ ਵਜੋਂ ਹੀ ਲਿਆ ਜਾਵੇਗਾ ਅਤੇ ਪੀ.ਸੀ.ਐਸ. ਦੀ ਪ੍ਰੀਲਿਮਿਨਰੀ ਪ੍ਰੀਖਿਆ ਦੀ ਮੈਰਿਟ ਹੁਣ ਕੇਵਲ ਜਨਰਲ ਸਟੱਡੀਜ਼ ਦੇ ਪੇਪਰ ਦੇ ਅਧਾਰਤ ਹੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੀ.ਪੀ.ਐਸ.ਸੀ. ਵੱਲੋਂ ਭਵਿੱਖ ਦੇ ਪੀ.ਸੀ.ਐਸ. ਮੇਨ ਇਮਤਿਹਾਨ ਵਿੱਚ ਜਨਰਲ ਸਟੱਡੀਜ਼ ਦੇ ਪੇਪਰ-1 ਵਿੱਚ ਪੰਜਾਬ ਦੇ ਇਤਿਹਾਸ, ਭੂਗੋਲ, ਸੱਭਿਆਚਾਰ ਅਤੇ ਅਰਥ ਵਿਵਸਥਾ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ।

ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਇਸ ਫ਼ੈਸਲੇ ਨਾਲ ਸਰਕਾਰੀ ਨੌਕਰੀਆਂ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਪੰਜਾਬ ਦੇ ਲੱਖਾਂ ਨੌਜਵਾਨਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਖਾਸ ਕਰਕੇ ਪੇਂਡੂ ਤੇ ਪੱਛੜੇ ਖੇਤਰਾਂ ਦੇ ਨੌਜਵਾਨ ਵੀ ਹੁਣ ਮੁਕਾਬਲੇ ਦੀ ਪੀ.ਸੀ.ਐਸ. ਦੀ ਇਸ ਉਚ ਪੱਧਰੀ ਪ੍ਰੀਖਿਆ ਵਿੱਚ ਬੈਠਕੇ ਦੂਜੇ ਪ੍ਰੀਖਿਆਰਥੀਆਂ ਦਾ ਮੁਕਾਬਲਾ ਕਰ ਸਕਣਗੇ। ਇਸ ਮੌਕੇ ਕਮਿਸ਼ਨ ਦੇ ਸਕੱਤਰ ਚਰਨਜੀਤ ਸਿੰਘ ਅਤੇ ਸਕੱਤਰ (ਪ੍ਰੀਖਿਆਵਾਂ) ਵਿਊਮ ਭਾਰਦਵਾਜ ਵੀ ਮੌਜੂਦ ਸਨ।

# ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦਾ ਦੇਹਾਂਤ

## ਗੁਰੂਗ੍ਰਾਮ ਸਥਿਤ ਘਰ 'ਚ ਦਿਲ ਦਾ ਦੌਰਾ ਪਿਆ; ਮੇਦਾਂਤਾ ਹਸਪਤਾਲ 'ਚ ਆਖਰੀ ਸਾਹ ਲਏ; ਮੋਦੀ, ਸੁਖਬੀਰ, ਸੈਣੀ ਤੇ ਹੁੱਡਾ ਸਣੇ ਹੋਰਨਾਂ ਵੱਲੋਂ ਦੁੱਖ ਦਾ ਇਜ਼ਹਾਰ

**ਗੁਰੂਗ੍ਰਾਮ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਪ੍ਰਧਾਨ ਤੇ ਪੰਜ ਵਾਰ ਹਰਿਆਣਾ ਦੇ ਮੁੱਖ ਮੰਤਰੀ ਰਹੇ ਓਮ ਪ੍ਰਕਾਸ਼ ਚੌਟਾਲਾ ਦਾ ਅੱਜ ਇਥੇ ਇਕ ਨਿੱਜੀ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 89 ਸਾਲਾਂ ਦੇ ਸਨ। ਦੇਸ਼ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਦੇਵੀ ਲਾਲ ਦੇ ਪੁੱਤਰ ਓਮ ਪ੍ਰਕਾਸ਼ ਚੌਟਾਲਾ ਨੂੰ ਆਪਣੇ ਘਰ ਵਿਚ ਹੀ ਦਿਲ ਦਾ ਦੌਰਾ ਪਿਆ। ਉਨ੍ਹਾਂ ਨੂੰ ਬਿਨਾਂ ਦੇਰੀ ਦੇ ਹਸਪਤਾਲ ਲਿਜਾਇਆ ਗਿਆ, ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਚੌਟਾਲਾ ਨੇ ਅੱਜ ਦੁਪਹਿਰੇ 12 ਵਜੇ ਮੇਦਾਂਤਾ ਹਸਪਤਾਲ ਵਿਚ ਆਖਰੀ ਸਾਹ ਲਏ। ਇਸ ਦੌਰਾਨ ਪ੍ਰਧਾਨ ਮੰਤਰੀ



ਨਰਿੰਦਰ ਮੋਦੀ ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਣੇ ਹੋਰਨਾਂ ਆਗੂਆਂ ਨੇ ਓਮ ਪ੍ਰਕਾਸ਼ ਚੌਟਾਲਾ ਦੇ ਅਕਾਲ ਚਲਾਣੇ ਉੱਤੇ ਦੁੱਖ ਜਤਾਇਆ ਹੈ। ਚੌਟਾਲਾ ਪਿਛਲੇ ਕੁਝ ਸਮੇਂ ਤੋਂ ਉਮਰ ਨਾਲ ਜੁੜੇ ਸਿਹਤ ਵਿਗਾੜਾਂ ਨਾਲ ਜੂਝ ਰਹੇ ਸਨ। ਉਨ੍ਹਾਂ ਦੇ ਪਰਿਵਾਰ ਵਿਚ ਦੋ ਪੁੱਤਰ ਤੇ ਤਿੰਨ ਧੀਆਂ ਹਨ। ਉਨ੍ਹਾਂ ਦੀ ਪਤਨੀ ਸਨੇਹ ਲਤਾ ਦੀ ਪੰਜ ਸਾਲ ਪਹਿਲਾਂ ਮੌਤ ਹੋ ਗਈ ਸੀ। ਇਸ ਦੌਰਾਨ ਹਰਿਆਣਾ ਸਰਕਾਰ ਨੇ ਸੂਬੇ ਵਿਚ ਤਿੰਨ ਦਿਨਾ ਰਾਜਸੀ ਸੋਗ ਐਲਾਨ ਦਿੱਤਾ ਹੈ। ਇਸ ਅਰਸੇ ਦੌਰਾਨ ਸੂਬੇ ਵਿਚ ਸਾਰੀਆਂ ਸਰਕਾਰੀ ਇਮਾਰਤਾਂ 'ਤੇ ਤਿਰੰਗਾ ਝੰਡਾ ਅੱਧਾ ਝੁਕਿਆ ਰਹੇਗਾ। ਚੌਟਾਲਾ ਦਾ ਭਲਕੇ ਸਿਰਸਾ ਜ਼ਿਲ੍ਹੇ ਵਿਚਲੇ ਤੇਜਾ ਖੇੜਾ ਫਾਰਮ ਵਿਚ ਸ਼ਾਮੀਂ 3 ਵਜੇ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਜਾਵੇਗਾ। ਸ੍ਰੀ ਮੋਦੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਉਹ (ਚੌਟਾਲਾ) ਕਈ ਸਾਲਾਂ ਤੱਕ ਸੂਬੇ ਦੀ ਸਿਆਸਤ ਵਿਚ ਸਰਗਰਮ ਰਹੇ ਤੇ ਉਨ੍ਹਾਂ ਦੇਵੀ ਲਾਲ ਦੇ ਕੰਮ ਨੂੰ ਅੱਗੇ ਵਧਾਇਆ।" ਮੁੱਖ ਮੰਤਰੀ ਸੈਣੀ ਨੇ ਕਿਹਾ, "ਮੇਰੇ ਵੱਲੋਂ ਉਨ੍ਹਾਂ ਨੂੰ ਨਿਮਾਣੀ ਜੀ ਸ਼ਰਧਾਂਜਲੀ। ਉਨ੍ਹਾਂ ਆਪਣੀ ਪੂਰੀ ਜ਼ਿੰਦਗੀ ਦੌਰਾਨ ਸੂਬੇ ਤੇ ਸਮਾਜ ਦੀ ਸੇਵਾ ਕੀਤੀ। ਇਹ ਦੇਸ਼ ਤੇ ਹਰਿਆਣਾ ਸੂਬੇ ਦੀ ਸਿਆਸਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।" ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਭੂਪਿੰਦਰ ਸਿੰਘ ਹੁੱਡਾ ਨੇ ਅਤੀਤ ਨੂੰ ਯਾਦ ਕਰਦਿਆਂ ਕਿਹਾ ਕਿ ਜਦੋਂ ਚੌਟਾਲਾ ਮੁੱਖ ਮੰਤਰੀ ਸਨ, ਉਹ ਹਰਿਆਣਾ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਆਗੂ ਹੁੰਦੇ ਸਨ। ਚੌਟਾਲਾ ਨੇ ਸੂਬੇ ਦੇ ਲੋਕਾਂ ਦੀ ਸੇਵਾ ਕੀਤੀ। ਉਨ੍ਹਾਂ ਨਾਲ ਕਈ ਚੰਗੀਆਂ ਯਾਦਾਂ ਹਨ। ਉਹ ਮੇਰੇ ਲਈ ਵੱਡੇ ਭਰਾ ਵਾਂਗ ਸਨ। ਕਾਂਗਰਸ ਆਗੂ ਰਣਦੀਪ ਸਿੰਘ ਹੁੱਡਾ ਤੇ ਕੁਮਾਰੀ ਸ਼ੈਲਜਾ ਨੇ ਵੀ ਚੌਟਾਲਾ ਦੇ ਅਕਾਲ ਚਲਾਣੇ ਉੱਤੇ ਦੁੱਖ ਜਤਾਇਆ ਹੈ।

## ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਲਈ ਵੋਟਾਂ ਅੱਜ, ਸਮੁੱਚੀਆਂ ਤਿਆਰੀਆਂ ਮੁਕੰਮਲ

# ਚੋਣਾਂ ਇੱਕ ਤਿਉਹਾਰ, ਵੋਟਰ ਬਿਨ੍ਹਾਂ ਕਿਸੇ ਡਰ-ਭੈਅ ਤੇ ਲਾਲਚ ਤੋਂ ਜਮਹੂਰੀ ਹੱਕ ਦੀ ਵਰਤੋਂ ਕਰਨ : ਡਾ. ਪ੍ਰੀਤੀ ਯਾਦਵ

**ਪਟਿਆਲਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਦੀਆਂ 45 ਵਾਰਡਾਂ, ਨਗਰ ਪੰਚਾਇਤ ਘੱਗਾ ਤੇ ਭਾਦਸੋਂ ਦੀਆਂ ਆਮ ਚੋਣਾਂ ਸਮੇਤ ਨਗਰ ਕੌਂਸਲ ਰਾਜਪੁਰਾ, ਨਾਭਾ ਤੇ ਪਾਤੜਾਂ ਦੀ ਇੱਕ-ਇੱਕ ਵਾਰਡ ਦੀ ਉਪ ਚੋਣ ਲਈ ਵੋਟਾਂ 21 ਦਸੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਪੁਆਈਆਂ ਜਾਣਗੀਆਂ, ਅਤੇ ਵੋਟਾਂ ਪੈਣ ਮਗਰੋਂ ਵੋਟਾਂ ਦੀ ਗਿਣਤੀ ਪੋਲਿੰਗ ਸਟੇਸ਼ਨਾਂ ਵਿਖੇ ਹੀ ਹੋਵੇਗੀ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੁੱਚੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਇਨ੍ਹਾਂ ਚੋਣਾਂ ਨੂੰ ਪੂਰੀ ਤਰ੍ਹਾਂ ਨਿਰਪੱਖ ਤੇ ਅਮਨ-ਅਮਾਨ ਨਾਲ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਅੱਜ ਜ਼ਿਲ੍ਹੇ ਦੇ ਚੋਣਾਂ ਵਾਲੇ ਵਾਰਡਾਂ ਵਿੱਚ ਪੋਲਿੰਗ ਬੂਥਾਂ ਵਿਖੇ ਵੋਟਾਂ ਪੁਆਉਣ ਲਈ ਚੋਣ ਅਮਲੇ ਦੀਆਂ ਰਵਾਨਾ ਕੀਤੀਆਂ ਪੋਲਿੰਗ ਪਾਰਟੀਆਂ ਦੇਰ ਸ਼ਾਮ ਚੋਣ ਸਮੱਗਰੀ ਨਾਲ ਆਪਣੇ ਪੋਲਿੰਗ ਸਟੇਸ਼ਨਾਂ ਵਿਖੇ ਪੁੱਜ ਗਈਆਂ। ਇਸ ਦੌਰਾਨ ਚੋਣ ਆਬਜ਼ਰਵਰ ਤੇ ਸਕੱਤਰ ਸਹਿਕਾਰਤਾ ਅਨਿੰਦਿਤਾ ਮਿੱਤਰਾ ਅਤੇ ਜ਼ਿਲ੍ਹਾ ਚੋਣ ਅਫ਼ਸਰ ਡਾ. ਪ੍ਰੀਤੀ ਯਾਦਵ ਨੇ ਪੋਲ ਪਾਰਟੀਆਂ ਨੂੰ ਰਵਾਨਾ ਕਰਨ ਅਤੇ ਚੋਣ



ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਰਿਟਰਨਿੰਗ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਦਿੱਤੀਆਂ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਸਾਰੇ ਰਿਟਰਨਿੰਗ ਅਧਿਕਾਰੀਆਂ ਵੱਲੋਂ ਚੋਣ ਅਮਲ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰੀਜ਼ਾਈਡਿੰਗ ਅਫ਼ਸਰਾਂ ਅਤੇ ਪੋਲਿੰਗ ਅਫ਼ਸਰਾਂ ਦੀਆਂ ਪਾਰਟੀਆਂ ਨੂੰ ਵੋਟਿੰਗ ਮਸ਼ੀਨਾਂ ਤੇ ਹੋਰ ਚੋਣ ਸਮਗਰੀ ਸੌਂਪਕੇ ਸੁਰੱਖਿਆ ਦਸਤਿਆਂ ਦੀ ਜ਼ੇਰੇ ਨਿਗਰਾਨੀ ਰਵਾਨਾ ਕੀਤਾ ਗਿਆ ਹੈ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਲੋਕਤੰਤਰ ਵਿੱਚ ਚੋਣਾਂ ਇੱਕ ਤਿਉਹਾਰ ਹੁੰਦੀਆਂ ਹਨ, ਇਸ ਲਈ ਵੋਟਰ ਬਿਨਾਂ ਕਿਸੇ ਡਰ ਭੈਅ ਤੋਂ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਦਿਆਂ ਵੋਟਾਂ ਪਾਉਣ ਅਤੇ ਚੋਣਾਂ ਦੌਰਾਨ ਅਮਨ ਤੇ ਸ਼ਾਂਤੀ ਬਣਾਈ ਰੱਖਣ ਲਈ ਪ੍ਰਸ਼ਾਸਨ ਨੂੰ ਸਹਿਯੋਗ ਦੇਣ।

ਡਿਪਟੀ ਕਮਿਸ਼ਨਰ ਨੇ ਚੋਣ ਅਮਲੇ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਡਿਊਟੀ ਪੂਰੀ ਤਰ੍ਹਾਂ ਨਿਰਪੱਖਤਾ, ਸ਼ਿੱਦਤ, ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਚੋਣ ਡਿਊਟੀ ਦੌਰਾਨ ਕਿਸੇ ਕਿਸਮ ਦੀ ਕੁਤਾਹੀ ਕਰਨ ਵਾਲੇ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਅਨੁਸ਼ਾਸ਼ਨੀ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਗੱਲੋਂ ਵਚਨਬੱਧ ਹੈ ਕਿ ਇਹ ਚੋਣ ਪੂਰ ਅਮਨ, ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ ਜਾਵੇਗਾ। ਇਸੇ ਦੌਰਾਨ ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਦੱਸਿਆ ਕਿ ਅਜ਼ਾਦਾਨਾ ਢੰਗ ਨਾਲ ਚੋਣਾਂ ਕਰਵਾਉਣ ਅਤੇ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਲਈ ਪੁਲਿਸ ਨੇ ਪੁਖ਼ਤਾ ਇੰਤਜ਼ਾਮ ਕੀਤੇ ਹਨ ਤੇ ਜਿਸ ਲਈ ਲੋੜੀਂਦੀ ਫੋਰਸ ਦੀ ਤਾਇਨਾਤੀ ਕੀਤੀ ਗਈ ਹੈ। ਜਦਕਿ ਪੈਟਰੋਲਿੰਗ ਪਾਰਟੀਆਂ ਵੀ ਵਾਇਰਲੈਸ ਨਾਲ ਲੈਸ ਕਰਕੇ ਤਾਇਨਾਤ ਹਨ। ਇਸ ਤੋਂ ਇਲਾਵਾ ਵਿਸ਼ੇਸ਼ ਨਾਕੇ ਲਗਾਏ ਗਏ ਹਨ ਅਤੇ ਸੰਵੇਦਨਸ਼ੀਲ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇਗੀ ਅਤੇ ਵੀਡੀਓਗ੍ਰਾਫ਼ੀ ਵੀ ਕਰਵਾਈ ਜਾ ਰਹੀ ਹੈ।

ਡਾ. ਨਾਨਕ ਸਿੰਘ ਨੇ ਹੋਰ ਕਿਹਾ ਕਿ ਕਿਸੇ ਵੀ ਗ਼ੈਰ ਸਮਾਜੀ ਅਨਸਰ ਨੂੰ ਕੋਈ ਗੜਬੜੀ ਨਹੀਂ ਕਰਨ ਦਿੱਤੀ ਜਾਵੇਗੀ ਅਤੇ ਅਜਿਹਾ ਕਰਨ ਵਾਲੇ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਅਤੇ ਕਿਸੇ ਵੀ ਵਿਅਕਤੀ ਨੂੰ ਮਾਹੌਲ ਖ਼ਰਾਬ ਕਰਨ ਅਤੇ ਕਾਨੂੰਨ ਵਿਵਸਥਾ ਭੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਇਸੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਨੁਪ੍ਰਿਤਾ ਜੌਹਲ ਨੇ ਤਾਇਨਾਤ ਚੋਣ ਅਮਲੇ ਨੂੰ ਸਫ਼ਲਤਾ ਪੂਰਵਕ ਵੋਟਾਂ ਪੁਆਉਣ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਸਮੂਹ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਹ ਚੋਣਾਂ ਪੂਰ ਅਮਨ ਤੇ ਸਫ਼ਲਤਾ ਪੂਰਵਕ ਨੇਪਰੇ ਚੜ੍ਹਾਉਣ ਲਈ ਆਪਣਾ ਸਹਿਯੋਗ ਦੇਣ।

ਵਾਰਡ ਨੰਬਰ 1 ਤੋਂ 14 ਦੇ ਰਿਟਰਨਿੰਗ ਅਧਿਕਾਰੀ ਤੇ ਆਰ.ਟੀ.ਓ. ਨਮਨ ਮਾਰਕੰਨ ਨੇ ਦੱਸਿਆ ਕਿ ਇਨ੍ਹਾਂ ਵਾਰਡਾਂ ਵਿੱਚ ਕੁਲ ਪੋਲਿੰਗ ਬੂਥ 46 ਹਨ ਅਤੇ ਕੁਲ ਵੋਟਰ 57836 ਹਨ, ਜਿਨ੍ਹਾਂ 'ਚ 29483 ਮਰਦ ਅਤੇ 28353 ਮਹਿਲਾ ਵੋਟਰ ਹਨ। ਵਾਰਡ ਨੰਬਰ 15 ਤੋਂ 29 ਦੇ ਰਿਟਰਨਿੰਗ ਅਧਿਕਾਰੀ ਐਸ.ਡੀ.ਐਮ. ਮਨਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਵਾਰਡਾਂ ਵਿੱਚ ਵਾਰਡ ਨੰਬਰ 17 ਨੂੰ ਛੱਡਕੇ 14 ਲੋਕੇਸ਼ਨਾਂ ਦੇ ਕੁਲ ਪੋਲਿੰਗ ਬੂਥ 63 ਮਰਦ 39773 ਤੇ ਮਹਿਲਾ 36869 ਅਤੇ 5 ਹੋਰ ਵੋਟਰ ਤੇ ਕੁਲ 76647 ਵੋਟਰ ਹਨ।

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਡਾ ਭਗਵਾਨ ਅਮਿਤ ਸ਼ਾਹ ਦੇਸ਼ ਤੋਂ ਮੰਗਣ ਮਾਫੀ: ਪ੍ਰਧਾਨ ਸੁਖਜਿੰਦਰ ਕਕਰਾਲਾ

**ਸਮਾਣਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦਾ ਸੰਸਦ ਵਿੱਚ ਅਪਮਾਨ ਕੀਤਾ ਹੈ ਕਿ, ਅੰਬੇਡਕਰ ਅੰਬੇਡਕਰ ਇਕ ਫੈਸ਼ਨ ਜਿਹਾ ਬਣ ਗਿਆ ਹੈ, ਜੇਕਰ ਇਨ੍ਹਾਂ ਨਾਮ ਰੱਬ ਦਾ ਲਿਆ ਹੁੰਦਾ, ਤਾਂ ਸੱਤ ਜਨਮ ਸਵਰਗ ਮਿਲਿਆ ਹੁੰਦਾ,ਬੀ ਐਸ ਪੀ ਦੇ ਪ੍ਰਧਾਨ ਸੁਖਜਿੰਦਰ ਕਕਰਾਲਾ ਨੇ ਬਾਬਾ ਸਾਹਿਬ ਖਿਲਾਫ ਵਰਤੀ ਗਈ ਭਾਸ਼ਾਂ ਦਾ ਸਖਤ ਵਿਰੋਧ ਕੀਤਾ ਇਥੇ ਮੈਂ ਤਰੀ ਪਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ਼ੂਦਰਾਂ, ਅਤੀ ਸ਼ੂਦਰਾਂ, ਔਰਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਜੋ ਅਧਿਕਾਰ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਨੇ ਲੈਕੇ ਦਿੱਤੇ ਹਨ, ਉਹ ਹਜਾਰਾਂ ਸਾਲ ਕਿਸੇ ਰੱਬ ਜਾਂ ਤੇਤੀ ਕਰੋੜ ਦੇਵਤਿਆਂ ਨੇ ਨਹੀਂ ਦਿਵਾਏ, ਇਸ ਲਈ ਬਾਬਾ ਸਾਹਿਬ ਡਾਕਟਰ ਅੰਬੇਦਕਰ ਸਾਡੇ ਲਈ ਕਿਸੇ ਭਗਵਾਨ ਤੋਂ ਘੱਟ ਨਹੀਂ ਹਨ। ਦੂਜੇ ਪਾਸੇ ਕਾਂਗਰਸ ਝੂਠੀ ਮੂਠੀ ਬਾਬਾ ਸਾਹਿਬ ਅੰਬੇਡਕਰ ਲਈ ਮਗਰਮੱਛ ਦੇ ਹੰਝੂ ਵਹਾ ਰਹੀ ਹੈ, ਜਦੋਂ ਕਿ ਇਸੇ ਕਾਂਗਰਸ ਨੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਵਾਰ ਵਾਰ ਹਰਾਇਆ ਅਤੇ ਬਾਬਾ ਸਾਹਿਬ ਦੁਆਰਾ ਪੇਸ਼ ਕੀਤਾ ਹਿੰਦੂ ਕੋਡ ਬਿਲ ਪਾਸ ਨਹੀਂ ਹੋਣ ਦਿੱਤਾ, ਜਿਸ ਕਾਰਨ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਮੰਤਰੀ ਪਦ ਤੋਂ ਅਸਤੀਫਾ ਦੇਣਾ ਪਿਆ। ਕਾਂਗਰਸ ਹਰ ਵਕਤ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੇ ਰਸਤੇ ਵਿੱਚ ਕੰਡੇ ਵਿਛਾਉਣ ਦਾ ਕੰਮ ਕਰਦੀ ਰਹੀ।ਇਸ ਕਰਕੇ ਬਾਬਾ ਸਾਹਿਬ ਨੇ ਕਿਹਾ ਸੀ ਕਿ ਕਾਂਗਰਸ ਇਕ ਜਲਦਾ ਹੋਇਆ ਘਰ ਹੈ, ਕਦੀ ਵੀ ਇਸਦੇ ਦੋ ਆਨੇ ਦੇ ਮੈਂਬਰ ਨਾ ਬਣਿਓ, ਸਾਹਿਬ ਕਾਂਸੀ ਰਾਮ ਜੀ ਅਕਸਰ ਕਿਹਾ ਕਰਦੇ ਸਨ ਕਿ ਇਹ ਮਨੂੰਵਾਦੀ ਪਾਰਟੀਆਂ ਮਨੂੰਵਾਦ ਨੂੰ ਬਚਾਉਣ ਲਈ ਹੀ ਇਕ ਦੂਜੇ ਵਿਰੁੱਧ ਲੜਦੀਆਂ ਹਨ, ਅਸੀਂ ਲੋਕ ਭੁਲੇਖੇ ਵਿੱਚ ਰਹਿੰਦੇ ਹਾਂ ਕਿ ਇਹ ਪਾਰਟੀਆਂ ਬਹੁਜਨ ਸਮਾਜ ਦੇ ਹਿਤਾਂ ਲਈ ਲੜਦੀਆਂ ਹਨ। ਸਾਹਿਬ ਕਾਂਸੀ ਰਾਮ ਜੀ ਇਹ ਵੀ ਕਹਿੰਦੇ ਹੁੰਦੇ ਸਨ ਕਿ ਜੋ ਇਹ ਸਰਮਾਏਦਾਰਾਂ ਦੀਆਂ ਪਾਰਟੀਆਂ ਮਨੂੰਵਾਦ ਨੂੰ ਬਚਾਉਣ ਲਈ ਇਕ ਦੂਜੇ ਵਿਰੁੱਧ ਲੜਨ ਦਾ ਭੁਲੇਖਾ ਪਾਉਂਦੀਆਂ ਹਨ, ਜਦੋਂ ਬਸਪਾ ਮਜ਼ਬੂਤ ਹੋ ਗਈ, ਤਾਂ ਇਹ ਸਰਮਾਏਦਾਰ ਪਾਰਟੀਆਂ ਇਕੱਠੀਆਂ ਹੋਕੇ ਮਨੂੰਵਾਦ ਨੂੰ ਬਚਾਉਣ ਲਈ ਯਤਨ ਕਰਨਗੀਆਂ। ਇਸ ਲਈ ਇਹਨਾਂ ਪਾਰਟੀਆਂ ਤੋਂ ਬਹੁਜਨ ਸਮਾਜ ਨੂੰ ਸੁਚੇਤ ਰਹਿਣ ਦੀ ਲੋੜ ਹੈ। ਜੇਕਰ ਇਹ ਪਾਰਟੀਆਂ ਸੱਚੀ ਮੁੱਚੀ ਬਹੁਜਨ ਸਮਾਜ ਦੇ ਹਿਤਾਂ ਲਈ ਕੰਮ ਕਰਦੀਆਂ, ਤਾਂ 77 ਸਾਲਾਂ ਵਿਚ ਸਾਡਾ ਸਮਾਜ ਆਟਾ ਦਾਲ, ਬਿਜਲੀ ਫਰੀ ਜਾਂ ਸਗਨ ਸਕੀਮਾਂ ਲਈ ਨਾ ਲੜਦਾ, ਸਗੋਂ ਵੱਡੀਆਂ ਸਬਸਿਡੀਆਂ ਲੈਕੇ ਇੰਡਸਟਰੀਆਂ,ਸ਼ੈਲਰ,ਭੱਠੇ, ਪੈਟਰੋਲ ਪੰਪ ਆਦਿ ਲਈ ਲਾਇਸੈਂਸ ਲੈਂਦਾ। ਇਸ ਲਈ ਸਾਥੀਓ ਇਹਨਾਂ ਪਾਰਟੀਆਂ ਤੋਂ ਸੁਚੇਤ ਰਹੋ। ਸੰਭਲੋ, ਅਜੇ ਵੀ ਡੁੱਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ, ਮੌਕਾ ਸਾਂਭੋ।

# ਆਂਗਣਵਾੜੀ ਵਰਕਰਾਂ ਅਤੇ ਆਸ਼ਾ ਵਰਕਰਾਂ ਦੀ ਓਰੀਐਂਟਸ਼ੇਨ ਅਤੇ ਕੈਪੇਸਿਟੀ ਬਿਲਡਿੰਗ ਲਈ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਫਾਜਿਲਕਾ ਵਿਖੇ ਕਰਵਾਇਆ ਗਿਆ ਬਲਾਕ ਪੱਧਰੀ ਜਾਗਰੂਕਤਾ ਪ੍ਰੋਗਰਾਮ

**ਫਾਜ਼ਿਲਕਾ, 21 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੜਕੀਆਂ / ਔਰਤਾਂ ਦੇ ਮਨੋਬਲ ਅਤੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਫਾਜਿਲਕਾ ਵਿਖੇ ਸਰਕਾਰੀ ਸ.ਸ ਸਕੂਲ ਲੜਕੇ ਵਿਖੇ ਬਲਾਕ ਪੱਧਰੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਵੱਖ ਵੱਖ ਵਿਭਾਗਾਂ ਜਿਵੇਂ ਕਿ ਸਿੱਖਿਆ ਵਿਭਾਗ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਨਰ ਵਿਕਾਸ ਵਿਭਾਗ, ਸਿਹਤ ਵਿਭਾਗ , ਬਾਲ ਸੁਰੱਖਿਆ ਯੂਨਿਟ ਅਤੇ ਸਖੀ ਵਨ ਸਟਾਪ ਸੈਂਟਰ ਦੇ ਅਧਿਕਾਰੀਆਂ/ ਰਿਸੋਰਸਨ ਪਰਸਨਾਂ ਵੱਲੋਂ ਲੜਕੀਆਂ / ਔਰਤਾਂ ਲਈ ਚਲਾਈ ਜਾ ਰਹੀਆਂ ਵੱਖ – ਵੱਖ ਸਕੀਮਾਂ ਬਾਰੇ ਆਂਗਣਵਾੜੀ ਵਰਕਰਾਂ ਅਤੇ ਆਸ਼ਾ ਵਰਕਰਾਂ ਨੂੰ ਜਾਗਰੂਕ ਕੀਤਾ ਗਿਆ।

ਇਸ ਮੌਕੇ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਹਲਕਾ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਦੀ ਪਤਨੀ ਖੁਸ਼ਬੂ ਸਾਵਨਸੁਖਾ ਸਵਨਾ ਵੱਲੋਂ ਸ਼ਿਰਕਤ ਕੀਤੀ ਗਈ। ਪ੍ਰੋਗਰਾਮ ਦੀ ਅਗਵਾਈ ਕਰ ਰਹੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ਼੍ਰੀਮਤੀ ਨਵਦੀਪ ਕੌਰ ਨੇ ਕਿਹਾ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿਮ ਦਾ ਉਦੇਸ਼ ਸਾਰਿਆਂ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬੇਟੀਆਂ ਨੂੰ ਅਗੇ ਵਧਣ ਦੇ ਜਿੰਨੇ ਮੌਕੇ ਦੇਵਾਂਗੇ ਲੜਕੀਆਂ ਉਨ੍ਹਾਂ ਹੀ ਸਾਡੇ ਸਮਾਜ ਅੰਦਰ ਆਪਣੀ ਪਹਿਚਾਣ ਸਾਬਿਤ ਕਰਨਗੀਆਂ। ਉਨ੍ਹਾਂ ਕਿਹਾ ਕਿ ਇਹ ਮੁਹਿਮ ਸਾਨੂੰ ਦੱਸਦੀ ਹੈ ਕਿ ਲੜਕਾ ਲੜਕੀ ਵਿੱਚ ਕੋਈ ਫਰਕ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਬੇਟੀਆ ਬਿਨਾ ਸੰਸਾਰ ਵਿੱਚ ਕੁਝ ਵੀ ਸੰਭਵ ਨਹੀਂ ਹੈ। ਰਿਸੋਰਸ ਪਰਸਨ ਵੀਰਾ ਰਾਣੀ ਵੋਮੈਨ ਸੈਲ ਨੇ ਦੱਸਿਆ ਕਿ ਔਰਤਾਂ ਜਿਥੇ ਵੱਖ-ਵੱਖ ਪਦਵੀਆਂ ਹਾਸਲ ਕਰ ਰਹੀਆਂ ਹਨ ਉਥੇ ਸਵੈ ਨਿਰਭਰ ਵੀ ਬਣ ਰਹੀਆਂ ਹਨ ਤਾਂ ਜੋ ਆਪਣੇ ਪੈਰਾ ਸਿਰ ਖੜੇ ਹੋ ਕੇ ਆਪਣੇ ਪਰਿਵਾਰ ਦਾ ਆਮਦਨ ਦਾ ਸਹਾਰਾ ਬਣ ਰਹੀਆਂ ਹਨ। ਮੁੱਖ ਮਹਿਮਾਨ ਮੈਡਮ ਖੁਸ਼ਬੂ ਸਵਨਾ ਜੀ ਨੇ ਸੰਬੋਧਨ ਕਰਦਿਆ ਕਿਹਾ ਕਿ ਅਜੋਕੇ ਯੁੱਗ ਵਿਚ ਔਰਤਾਂ ਕਿਸੇ ਵੀ ਪਖੋਂ ਘਟ ਨਹੀਂ ਹਨ। ਲੜਕੀਆਂ ਹਰ ਖੇਤਰ ਵਿਚ ਆਪਣੀ ਛਾਪ ਛੱਡ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿੰਨਾ ਹੋ ਸਕੇ ਲੜਕੀਆਂ ਨੂੰ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਦੇ ਚਾਹੀਦੇ ਹਨ ਤਾਂ ਜੋ ਹੋਰ ਉਚੇ ਮੁਕਾਮਾਂ ਤੇ ਪਹੁੰਚ ਸਕਣ। ਉਨ੍ਹਾਂ ਕਿਹਾ ਕਿ ਲੜਕੀਆਂ ਲੜਕਿਆਂ ਨਾਲੋਂ ਉਚੀਆਂ ਪਦਵੀਆਂ 'ਤੇ ਪਹੁੰਚ ਕੇ ਚੰਗਾ ਨਾਮਨਾ ਖਟ ਰਹੀਆਂ ਹਨ। ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਮਹਿਮਾਨ ਮੈਡਮ ਖੁਸ਼ਬੂ ਸਵਨਾ ਦੀ ਹਾਜਰੀ ਵਿੱਚ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰੋਗਰਾਮ ਵਿਖੇ ਮੌਜੂਦ ਨਵ-ਜੰਮੀਆਂ ਲੜਕੀਆਂ ਨੂੰ ਬੇਬੀ ਕੇਅਰ ਕਿੱਟਾਂ ਅਤੇ ਬੇਬੀ ਬਲੈਂਕਟ ਦੀ ਵੰਡ ਕੀਤੀ ਗਈ। ਮੰਚ ਦਾ ਸੰਚਾਲਨ ਸੁਰਿੰਦਰ ਕੁਮਾਰ ਵੱਲੋਂ ਕੀਤਾ ਗਿਆ। ਇਸ ਮੌਕੇ ਸਿੱਖਿਆ ਵਿਭਾਗ ਤੋਂ ਸ਼੍ਰੀ ਵਿਜੈ ਪਾਲ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਪ੍ਰੀਤਮ ਸਿੰਘ, ਖੰਡਾ ਸਿੰਘ, ਹੁਨਰ ਵਿਕਾਸ ਵਿਭਾਗ ਤੋਂ ਸ਼੍ਰੀ ਕਿਰਨ ਕੁਮਾਰ, ਸਿਹਤ ਵਿਭਾਗ ਤੋਂ ਸ਼੍ਰੀ ਦਿਵੇਸ਼ ਕੁਮਾਰ, ਬਾਲ ਸੁਰੱਖਿਆ ਵਿਭਾਗ ਤੋਂ ਸ਼੍ਰੀਮਤੀ ਰਣਵੀਰ ਕੌਰ, ਸਖੀ. ਵਨ ਸਟਾਪ ਸੈਂਟਰ ਤੋਂ ਸ਼੍ਰੀਮਤੀ ਗੌਰੀ ਅਤੇ 'ਸ਼੍ਰੀਮਤੀ ਸੰਜੋਲੀ ਆਦਿ ਹਾਜ਼ਰ ਸਨ।

# ਪੁਲਸ ਮੁਲਾਜਮਾਂ ਤਰਫੋਂ ਰਿਸ਼ਵਤ ਲੈਣ ਵਾਲਾ ਸਾਬਕਾ ਸਰਪੰਚ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

ਏਜੰਸੀਆਂ

ਚੰਡੀਗੜ੍ਹ 21 ਦਸੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿਮ ਦੌਰਾਨ ਮੰਗਲਵਾਰ ਨੂੰ ਸਾਬਕਾ ਪੰਚਾਇਤ ਮੈਂਬਰ ਕਰਨੈਲ ਸਿੰਘ ਵਾਸੀ ਪਿੰਡ ਦਿਉਗੜ੍ਹ, ਜਿ਼ਲ੍ਹਾ ਪਟਿਆਲਾ ਨੂੰ ਪੁਲਸ ਮੁਲਾਜਮਾਂ ਦੀ ਤਰਫੋਂ 1,40,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਓਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਨੂੰ ਉਸ ਦੇ ਪਿੰਡ ਦੇ ਹੀ ਵਸਨੀਕ ਸੇਰਾ ਸਿੰਘ ਵੱਲੋਂ ਦਰਜ ਕਰਵਾਈ ਸਿ਼ਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਸਿ਼ਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੱਸਿਆ ਕਿ ਉਸ ਦੇ ਖਿ਼ਲਾਫ ਥਾਣਾ ਘੱਗਾ, ਜ਼ਿਲ੍ਹਾ ਪਟਿਆਲਾ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਐੱਫ.ਆਈ.ਆਰ. ਦਰਜ ਹੈ। ਉਸ ਨੇ ਦੋਸ ਲਾਇਆ ਕਿ ਸੀ.ਆਈ.ਏ. ਸਮਾਨਾ ਦੇ ਇੰਚਾਰਜ ਸਬ ਇੰਸਪੈਕਟਰ (ਐੱਸ.ਆਈ.) ਮਨਪ੍ਰੀਤ ਸਿੰਘ ਅਤੇ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਪ੍ਰਗਟ ਸਿੰਘ ਨੇ ਇਸ ਪੁਲਸ ਕੇਸ ਵਿੱਚ ਉਸ ਦੀ ਮਦਦ ਕਰਨ ਬਦਲੇ 2 ਲੱਖ ਰੁਪਏ ਦੀ ਰਿਸਵਤ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਨੇ ਰਿਸਵਤ ਦੀ ਇਹ ਰਕਮ ਆਪਣੇ ਜਾਣਕਾਰ ਉਕਤ ਵਿਅਕਤੀ ਕਰਨੈਲ ਸਿੰਘ ਨੂੰ ਸੌਂਪਣ ਲਈ ਕਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸਿ਼ਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜਮ ਕਰਨੈਲ ਸਿੰਘ ਨੂੰ ਉਸ ਸਮੇਂ ਦਬੋਚ ਲਿਆ ਜਦੋਂ ਉਹ ਸਿ਼ਕਾਇਤਕਰਤਾ ਤੋਂ ਐਸ.ਆਈ. ਮਨਪ੍ਰੀਤ ਅਤੇ ਏ.ਐੱਸ.ਆਈ. ਪ੍ਰਗਟ ਸਿੰਘ ਦੀ ਤਰਫੋਂ 1,40,000 ਰੁਪਏ ਦੀ ਰਿਸਵਤ ਦੋ 2 ਲੱਖ ਰੁਪਏ ਦੀ ਰਿਸਵਤ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਨੇ ਰਿਸਵਤ ਦੀ ਇਹ ਰਕਮ ਆਪਣੇ ਜਾਣਕਾਰ ਉਕਤ ਵਿਅਕਤੀ ਕਰਨੈਲ ਸਿੰਘ ਨੂੰ ਸੌਂਪਣ ਲਈ ਕਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸਿ਼ਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਐੱਨ.ਡੀ.ਪੀ.ਐੱਸ. ਐਕਟ ਤਹਿਤ ਐੱਫ.ਆਈ.ਆਰ. ਦਰਜ ਹੈ। ਉਸ ਨੇ ਦੋਸ ਲਾਇਆ ਕਿ ਸੀ.ਆਈ.ਏ. ਸਮਾਨਾ ਦੇ ਇੰਚਾਰਜ ਸਬ ਇੰਸਪੈਕਟਰ (ਐੱਸ.ਆਈ.) ਮਨਪ੍ਰੀਤ ਸਿੰਘ ਅਤੇ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਪ੍ਰਗਟ ਸਿੰਘ ਨੇ ਇਸ ਪੁਲਸ ਕੇਸ ਵਿੱਚ ਉਸ ਦੀ ਮਦਦ ਕਰਨ ਬਦਲੇ 2 ਲੱਖ ਰੁਪਏ ਦੀ ਰਿਸਵਤ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਨੇ ਰਿਸਵਤ ਦੀ ਇਹ ਰਕਮ ਆਪਣੇ ਜਾਣਕਾਰ ਉਕਤਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜਮ ਕਰਨੈਲ ਸਿੰਘ ਨੂੰ ਉਸ ਸਮੇਂ ਦਬੋਚ ਲਿਆ ਜਦੋਂ ਉਹ ਸਿ਼ਕਾਇਤਕਰਤਾਸਰਕਾਰੀ ਗਵਾਹਾਂ ਦੀ ਮੌਜੂਦਗੀ ਲੈ ਰਿਹਾ ਸੀ। ਇਸ ਸਬੰਧੀ ਮੁਲਜਮ ਕਰਨੈਲ ਸਿੰਘ ਖਿ਼ਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਇਸ ਕੇਸ ਅਗਲੇਰੀ ਤਫਤੀਸ ਦੌਰਾਨ ਉਕਤ ਐੱਸ.ਆਈ. ਮਨਪ੍ਰੀਤ ਸਿੰਘ ਅਤੇ ਏ.ਐੱਸ.ਆਈ. ਪਰਗਟ ਸਿੰਘ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ ਅਤੇ ਉਸ ਮੁਤਾਬਿਕ ਇਸ ਕੇਸ ਵਿੱਚ ਉਨਾਂ ਨੂੰ ਨਾਮਜਦ ਕੀਤਾ ਜਾਵੇਗਾ।

# ਇਤਿਹਾਸਕ ਗੁਰਦੁਆਰਾ ਸਾਹਿਬ 'ਚ ਕਰੋੜਾਂ ਦੇ ਫੰਡ ਗਬਨ ਮਾਮਲੇ 'ਚ ਨਵਾਂ ਮੋੜ

ਸਰਦੂਲ ਸਿੰਘ

ਮਾਛੀਵਾੜਾ ਸਾਹਿਬ 21 ਦਸੰਬਰ। ਇਤਿਹਾਸਕ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਾਹਿਬ ਵਿਖੇ ਪ੍ਰਬੰਧਕ ਕਮੇਟੀ 'ਤੇ ਲੱਗੇ ਕਰੋੜਾਂ ਰੁਪਏ ਫੰਡਾਂ ਦੇ ਗਬਨ ਦੋਸ਼ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਪੁਲਸ ਨੇ ਇਸ ਮਾਮਲੇ 'ਚ ਬਾਬਾ ਵਧਾਵਾ ਸਿੰਘ 'ਤੇ ਵੀ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਅੱਜ ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਸ਼ਿਕਾਇਤ ਕਾਰ ਸੇਵਾ ਵਾਲੇ ਬਾਬਾ ਬਚਨ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਤੋਂ ਪ੍ਰਾਪਤ ਹੋਈ। ਇਸ ਵਿਚ ਲਿਖਿਆ ਗਿਆ ਕਿ ਬਾਬਾ ਵਧਾਵਾ ਸਿੰਘ ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਵਿਖੇ ਬਾਬਾ ਮਹਿੰਦਰ ਸਿੰਘ ਦੀ ਦੇਖ-ਰੇਖ ਹੇਠ ਕਾਰ ਸੇਵਾ ਦਾ ਕੰਮ ਸੰਭਾਲਦਾ ਹੈ। ਉਨ੍ਹਾਂ ਕਿਹਾ ਕਿ ਬਾਬਾ ਵਧਾਵਾ ਸਿੰਘ ਨੇ ਬਿਨਾਂ ਪ੍ਰਵਾਨਗੀ ਤੋਂ ਦਲਜੀਤ ਸਿੰਘ ਅਤੇ ਜਗਦੀਸ਼ ਸਿੰਘ ਨਾਲ ਮਿਲ ਕੇ ਇੱਕ ਜਾਅਲੀ ਪ੍ਰਬੰਧਕ ਕਮੇਟੀ ਦਾ ਗਠਨ ਕਰ ਲਿਆ। ਇਹ ਜਾਅਲੀ ਪ੍ਰਬੰਧਕ ਕਮੇਟੀ ਦਾ ਗਠਨ ਕਰਨ ਤੋਂ ਬਾਅਦ ਮਾਛੀਵਾੜਾ ਸਾਹਿਬ ਦੇ ਪੰਜਾਬ ਨੈਸ਼ਨਲ ਬੈਂਕ ਵਿਚ ਜੋ 2 ਕਰੋੜ 95 ਲੱਖ ਰੁਪਏ ਜਮ੍ਹਾਂ ਸਨ, ਉਹ ਇੱਕ ਨਵਾਂ ਖਾਤਾ ਖੁੱਲ੍ਹਵਾ ਕੇ ਇੱਕ ਹੋਰ ਬੈਂਕ ਵਿਚ ਟਰਾਂਸਫਰ ਕਰ ਦਿੱਤੇ ਗਏ। ਥਾਣਾ ਮੁਖੀ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਅਨੁਸਾਰ ਕਿਸੇ ਵੀ ਪ੍ਰਬੰਧਕ ਕਮੇਟੀ ਦੇ ਖਾਤੇ 'ਚੋਂ 50 ਹਜ਼ਾਰ ਤੋਂ ਵੱਧ ਨਕਦ ਨਹੀਂ ਕੱਢਵਾਏ ਜਾ ਸਕਦੇ ਪਰ ਇਨ੍ਹਾਂ ਸਾਰਿਆਂ ਨੇ ਜਿੱਥੇ ਲੱਖਾਂ ਰੁਪਏ ਨਕਦ ਕੱਢਵਾਏ, ਉੱਥੇ ਇਨ੍ਹਾਂ ਆਪਣੇ ਨਿੱਜੀ ਖਾਤਿਆਂ ਵਿਚ ਵੀ ਲੱਖਾਂ ਰੁਪਏ ਟਰਾਂਸਫਰ ਕਰ ਦਿੱਤੇ, ਜੋ ਕਿ ਗੈਰ-ਕਾਨੂੰਨੀ ਹਨ। ਥਾਣਾ ਮੁਖੀ ਨੇ ਦੱਸਿਆ ਕਿ ਜਾਂਚ ਦੌਰਾਨ ਬਾਬਾ ਵਧਾਵਾ ਸਿੰਘ ਦੀ ਵੀ



ਪ੍ਰਬੰਧਕ ਕਮੇਟੀ ਨਾਲ ਮਿਲੀ-ਭੁਗਤ ਸਾਹਮਣੇ ਆਈ, ਜਿਨ੍ਹਾਂ ਨੇ ਲੱਖਾਂ ਰੁਪਏ ਨਕਦ ਕੱਢਵਾਏ। ਥਾਣਾ ਮੁਖੀ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਵਲੋਂ ਪਹਿਲਾਂ ਕੀਤੇ ਗਏ ਗਬਨ ਮਾਮਲੇ ਵਿਚ ਪ੍ਰਬੰਧਕ ਕਮੇਟੀ ਦੇ ਨਾਲ ਬਾਬਾ ਵਧਾਵਾ ਸਿੰਘ ਨੂੰ ਵੀ ਨਾਮਜ਼ਦ ਕਰ ਲਿਆ ਗਿਆ ਹੈ ਅਤੇ ਉਸ ਨੂੰ ਵੀ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਫੰਡਾਂ ਦੇ ਗਬਨ ਮਾਮਲੇ ਦੀ ਜਾਂਚ ਦੌਰਾਨ ਵੱਡੇ ਖੁਲਾਸੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਬੰਧਕ ਕਮੇਟੀ ਨੇ 9.60 ਲੱਖ ਰੁਪਏ ਸੋਲਰ ਸਿਸਟਮ ਲਗਾਉਣ ਲਈ ਇਸ ਸਬੰਧੀ ਇੱਕ ਕੰਪਨੀ ਦੇ ਖਾਤੇ ਵਿਚ ਗੁਰਦੁਆਰਾ ਸਾਹਿਬ ਦੇ ਖਾਤੇ 'ਚੋਂ ਪੈਸੇ ਟਰਾਂਸਫਰ ਕੀਤੇ ਗਏ। ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ 9.60 ਲੱਖ ਰੁਪਏ ਕੰਪਨੀ ਤੋਂ ਨਕਦ ਵਾਪਸ ਲੈ ਲਏ ਗਏ, ਜਦਕਿ ਸੋਲਰ ਸਿਸਟਮ ਲਗਾਇਆ ਹੀ ਨਹੀਂ ਗਿਆ। ਇਸ ਤੋਂ ਇਲਾਵਾ 5.50 ਲੱਖ ਰੁਪਏ 10 ਮਹੀਨਿਆਂ ਅੰਦਰ ਗੁਰੂ ਸਾਹਿਬ ਦੀ ਪਾਲਕੀ ਲਈ ਪੈਟਰੋਲ ਖਰਚਾ ਕਰ ਦਿੱਤਾ ਗਿਆ, ਜੋ ਕਿ ਸ਼ੱਕ ਦੇ ਘੇਰੇ 'ਚ ਹੈ, ਉਸਦੀ ਵੀ ਜਾਂਚ ਕੀਤੀ ਜਾ ਰਹੀ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਾਹਿਬ ਫੰਡਾਂ ਦੇ ਗਬਨ ਮਾਮਲੇ ਦੀ ਜਾਂਚ ਬੜੀ ਬਰੀਕੀ ਨਾਲ ਕੀਤੀ ਜਾ ਰਹੀ ਹੈ। ਫਿਲਹਾਲ ਤਾਂ ਬਾਬਾ ਵਧਾਵਾ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ ਅਤੇ ਜਾਂਚ ਦੌਰਾਨ ਹੋਰ ਵੀ ਕਈ ਵਿਅਕਤੀ ਸ਼ੱਕ ਦੇ ਘੇਰੇ ਵਿਚ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਖਾਤੇ 'ਚੋਂ ਜਿਨ੍ਹਾਂ ਵਿਅਕਤੀਆਂ ਨੇ ਆਪਣੇ ਨਿੱਜੀ ਖਾਤੇ ਵਿਚ ਪੈਸੇ ਪਵਾਏ ਹਨ ਅਤੇ ਉਸ ਤੋਂ ਬਾਅਦ ਇਹ ਪੈਸੇ ਗਬਨ ਕਰਨ ਦੀ ਨੀਅਤ ਨਾਲ ਹੋਰ ਵਿਅਕਤੀਆਂ ਦੇ ਖਾਤੇ ਵਿਚ ਗਏ ਹਨ, ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜੋ ਵੀ ਇਸ ਵਿਚ ਦੋਸ਼ੀ ਹੋਣਗੇ, ਉਹ ਬਖ਼ਸ਼ੇ ਨਹੀਂ ਜਾਣਗੇ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਇਤਿਹਾਸਕ ਗੁਰਦੁਆਰਾ ਸਾਹਿਬ ਨਾਲ ਜੁੜਿਆ ਹੈ ਅਤੇ ਪੁਲਸ ਉੱਚ ਅਧਿਕਾਰੀਆਂ ਦੇ ਸਖ਼ਤ ਨਿਰਦੇਸ਼ ਹਨ

## "ਹੈਲੋ, ਮੈਂ ਤੇਰਾ ਦੋਸਤ ਬੋਲ ਰਿਹਾ ਹਾਂ..." ,ਠੱਗ ਨੇ ਅਜਿਹੇ ਤਰੀਕੇ ਨਾਲ ਮਾਰੀ ਠੱਗੀ ਕਿ ਤੁਸੀਂ ਵੀ ਰਹਿ ਜਾਓਗੇ ਹੈਰਾਨ

ਜਲੰਧਰ 21 ਦਸੰਬਰ। ਵਟਸਐਪ 'ਤੇ ਵੈਸਟਰਨ ਮਨੀ ਦੀ ਫਰਜੀ ਰਸੀਦ ਭੇਜ ਕੇ ਇਕ ਵਿਅਕਤੀ ਨਾਲ ਲੱਖਾਂ ਰੁਪਏ ਦੀ ਧੋਖਾਦੇਹੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਨੰਬਰ 2 ਦੀ ਪੁਲਸ ਨੇ 2 ਲੋਕਾਂ ਖਿ਼ਲਾਫ ਧੋਖਾਦੇਹੀ ਦਾ ਮੁਕੱਦਮਾ ਦਰਜ ਕੀਤਾ ਹੈ। ਸ਼ਿਕਾਇਤਰਤਾ ਕ੍ਰਿਸ਼ਨ ਕੁਮਾਰ ਮਲਹੋਤਰਾ ਵਾਸੀ ਗੁਪਤਾ ਕਾਲੋਨੀ ਜਲੰਧਰ ਨੇ ਦੱਸਿਆ ਕਿ ਉਸਨੂੰ ਵਟਸਐਪ 'ਤੇ ਇਕ ਵਿਦੇਸ਼ੀ ਨੰਬਰ ਤੋਂ ਕਾਲ ਆਈ ਅਤੇ ਕਿਹਾ ਕਿ ਉਹ ਆਸਟ੍ਰੇਲੀਆ ਤੋਂ ਉਸ ਦਾ ਪੁਰਾਣਾ ਦੋਸਤ ਬੋਲ ਰਿਹਾ ਹੈ। ਉਸ ਨੇ ਸਮਝਿਆ ਕਿ ਸਤਬੀਰ ਫੋਨ ਕਰ ਰਿਹਾ ਹੈ। ਉਸ ਨੇ ਕਿਹਾ ਕਿ ਵੈਸਟਰਨ ਮਨੀ 'ਚ ਲੱਖਾਂ ਰੁਪਏ ਭੇਜੇ ਗਏ ਹਨ, ਜਿਸ ਦੀ ਰਸੀਦ ਤੁਹਾਡੇ ਨੰਬਰ 'ਤੇ ਭੇਜ ਦਿੱਤੀ ਗਈ ਹੈ। ਉਸ ਨੇ ਕਿਹਾ ਕਿ ਡਾਕਟਰ ਨੇ ਆਪਣੇ ਦੋਸਤ ਦਾ ਆਪ੍ਰੇਸ਼ਨ ਕੀਤਾ ਹੈ, ਜਿਸ ਨੂੰ 3 ਲੱਖ ਰੁਪਏ ਦੇਣੇ ਹੋਣਗੇ। ਉਸ ਨੇ ਦੁਬਾਰਾ ਫੋਨ ਕੀਤਾ ਅਤੇ ਕਿਹਾ ਕਿ ਮੈਂ ਤੁਹਾਡਾ ਨੰਬਰ ਉਸ ਲੜਕੇ ਨੂੰ ਦੇ ਦਿੱਤਾ ਹੈ। ਉਹ ਆਪਣਾ ਅਕਾਊਂਟ ਦੇ ਦੇਵੇਗਾ ਅਤੇ 3 ਲੱਖ ਰੁਪਏ ਉਸ ਦੇ ਅਕਾਊਂਟ ਵਿਚ ਟਰਾਂਸਫਰ ਕਰ




ਦੇਣਾ ਅਤੇ ਇਹ ਕਹਿ ਕੇ ਉਸਨੇ ਫੋਨ ਕੱਟ ਦਿੱਤਾ। ਜਦੋਂ ਉਸ ਨੇ ਰਸੀਦ ਦੇਖੀ ਤਾਂ ਉਹ ਲੱਖਾਂ ਰੁਪਏ ਨਾਲ ਭਰੀ ਹੋਈ ਸੀ। ਇਸੇ ਦੌਰਾਨ ਰਾਜੂ ਨਾਂ ਦੇ ਇਕ ਨੌਜਵਾਨ ਦਾ ਫੋਨ ਆਉਂਦਾ ਹੈ, ਜੋ ਉਸ ਨੂੰ ਵਿਦੇਸ਼ ਵਿਚ ਰਹਿਣ ਵਾਲੇ ਆਪਣੇ ਦੋਸਤ ਬਾਰੇ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਉਸਨੇ ਤੁਹਾਡਾ ਨੰਬਰ ਦਿੱਤਾ ਹੈ ਅਤੇ ਉਹ ਤੁਹਾਨੂੰ ਆਪਣਾ ਬੈਂਕ ਖਾਤਾ ਭੇਜ ਰਿਹਾ ਹੈ, ਜਿਸ ਵਿਚ ਹਸਪਤਾਲ ਲਈ 3 ਲੱਖ ਰੁਪਏ ਜਮ੍ਹਾ ਕਰਵਾਉਣੇ ਹਨ। ਆਪ੍ਰੇਸ਼ਨ ਦਾ ਨਾਂ ਸੁਣ ਕੇ ਮੈਂ ਤੁਰੰਤ ਉਸਦੇ ਖਾਤੇ 'ਚ 3 ਲੱਖ ਰੁਪਏ ਟਰਾਂਸਫਰ ਕਰ ਦਿੱਤੇ, ਜਿਸ ਦੀ ਰਸੀਦ ਵੀ ਉਸ ਕੋਲ ਹੈ। ਇਸ ਦੌਰਾਨ ਜਦੋਂ ਬੇਟੇ ਨੂੰ ਫੋਨ ਕਰ ਕੇ ਉਸ ਨੂੰ ਰਸੀਦ ਦੇ ਕੇ ਪੈਸੇ ਕਢਵਾਉਣ ਲਈ ਭੇਜਿਆ ਤਾਂ ਏਜੰਸੀ ਨੇ ਦੱਸਿਆ ਕਿ ਇਹ ਫਰਜੀ ਰਸੀਦ ਹੈ। ਤੁਹਾਡੇ ਨਾਲ ਧੋਖਾ ਹੋਇਆ ਹੈ। ਉਸ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ, ਜਿਥੋਂ ਪਤਾ ਲੱਗਾ ਕਿ ਉਕਤ ਦੋਵੇਂ ਨੰਬਰ ਫਰਜੀ ਹਨ। ਇਕ ਨੰਬਰ ਇਥੇ ਰਹਿਣ ਵਾਲੇ ਪ੍ਰਦੀਪ ਸਾਹੂ ਦਾ ਹੈ। ਗੁਪਤਾ ਕਾਲੋਨੀ, ਆਨੰਦ ਨਗਰ, ਭੋਪਾਲ, ਬਿਹਾਰ, ਜਿ ਸਦੇ ਖਾਤੇ ਵਿਚ 3 ਲੱਖ ਰੁਪਏ ਜਮ੍ਹਾ ਹੋਏ ਹਨ। ਪੁਲਸ ਨੇ ਖਾਤਾਧਾਰਕ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ। ਜਿਸ ਨੰਬਰ ਤੋਂ ਫੋਨ ਆਇਆ ਸੀ, ਉਹ ਨੰਬਰ ਵੀ ਟਰੇਸ ਕਰ ਕੇ ਉਸ ਵਿਅਕਤੀ ਨੂੰ ਵੀ ਪਰਚੇ ਵਿਚ ਨਾਮਜਦ ਕਰ ਲਿਆ ਗਿਆ ਹੈ।

## ਅਸਾਮ 'ਚ ਹੜ੍ਹ ਦੀ ਸਥਿਤੀ ਵਿਗੜੀ

ਗੁਹਾਟੀ 21 ਦਸੰਬਰ। ਅਸਾਮ 'ਚ ਹੜ੍ਹ ਦੀ ਸਥਿਤੀ ਸੋਮਵਾਰ ਨੂੰ ਖਰਾਬ ਹੋ ਗਈ ਅਤੇ ਸੂਬੇ ਦੇ ਅੱਠ ਜਿ਼ਲ੍ਹਿਆਂ 'ਚ ਹੜ੍ਹ ਨਾਲ 1.05 ਲੱਖ ਤੋਂ ਜਿ਼ਆਦਾ ਲੋਕ ਪ੍ਰਭਾਵਿਤ ਹੋਏ। ਇਹ ਜਾਣਕਾਰੀ ਇੱਕ ਅਧਿਕਾਰਤ ਬੁਲੇਟਿਨ ਵਿੱਚ ਦਿੱਤੀ ਗਈ ਹੈ। ਅਸਾਮ ਰਾਜ ਆਫਤ ਪ੍ਰਬੰਧਨ ਅਥਾਰਟੀ (ਏਐਸਡੀਐਮਏ) ਦੀ ਰੋਜਾਨਾ ਹੜ੍ਹ ਰਿਪੋਰਟ ਦੇ ਅਨੁਸਾਰ, ਬਕਸਾ, ਬਾਰਪੇਟਾ, ਦਰਰੰਗ, ਧੇਮਾਜੀ, ਗੋਲਪਾੜਾ, ਕਰੀਮਗੰਜ, ਨਗਾਓਂ ਅਤੇ ਨਲਬਾੜੀ ਜਿ਼ਲ੍ਹਿਆਂ ਵਿੱਚ ਹੜ੍ਹਾਂ ਕਾਰਨ 1,05,700 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਕਰੀਮਗੰਜ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ, ਜਿੱਥੇ ਹੜ੍ਹ ਨਾਲ 95,300 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਇਸ ਤੋਂ ਬਾਅਦ ਨਗਾਓਂ ਵਿੱਚ ਕਰੀਬ 5,000 ਲੋਕ ਪ੍ਰਭਾਵਿਤ ਹੋਏ ਹਨ ਅਤੇ ਧੇਮਾਜੀ ਵਿੱਚ 3,600 ਤੋਂ ਵੱਧ ਲੋਕ ਹੜ੍ਹ ਦੇ ਪਾਣੀ ਵਿੱਚ ਫਸੇ ਹੋਏ ਹਨ। ਏਐਸਡੀਐਮਏ ਨੇ ਕਿਹਾ ਕਿ ਇਸ ਵੇਲੇ 309 ਪਿੰਡ ਪਾਣੀ ਵਿੱਚ ਡੁੱਬੇ ਹੋਏ ਹਨ ਅਤੇ ਰਾਜ ਭਰ ਵਿੱਚ 1,005.7 ਹੈਕਟੇਅਰ ਖੇਤਰ ਵਿੱਚ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ।

# ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਵਿਸ਼ੇਸ਼ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

ਕਿਸ਼ਨ ਪਾਲ

ਚੰਡੀਗੜ੍ਹ/ਫਤਿਹਗੜ੍ਹ ਸਾਹਿਬ 21 ਦਸੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਜਿੱਥੇ ਨਸ਼ਾ ਤਸਕਰਾਂ 'ਤੇ ਨਕੇਲ ਕਸੀ ਜਾ ਰਹੀ ਹੈ, ਉੱਥੇ ਹੀ ਪੰਜਾਬ ਪੁਲਸ ਵੱਲੋਂ ਇਸ ਗੰਭੀਰ ਸਮੱਸਿਆ ਖਿ਼ਲਾਫ ਲੜਾਈ ਦੌਰਾਨ ਆਮ ਲੋਕਾਂ 'ਚ ਏਕਤਾ ਅਤੇ ਸਹਿਯੋਗ ਦੀ ਭਾਵਨਾ ਪੈਦਾ ਕਰਨ ਵਾਸਤੇ ਵਿਸੇਸ ਨਸਾ ਵਿਰੋਧੀ ਜਾਗਰੂਕਤਾ ਮੁਹਿੰਮ ਸੁਰੂ ਕੀਤੀ ਗਈ ਹੈ। ਨਸਿ਼ਆਂ ਖਿ਼ਲਾਫ ਇਸ ਵਿਸੇਸ ਜਾਗਰੂਕਤਾ ਮੁਹਿੰਮ ਤਹਿਤ ਪੁਲਸ ਕਮਿਸਨਰ ਅਤੇ ਸੀਨੀਅਰ ਪੁਲਸ ਕਪਤਾਨ (ਸੀਪੀਜ/ਐਸਐਸਪੀਜ) ਆਪੋ-ਆਪਣੇ ਜਿ਼ਲ੍ਹਿਆਂ 'ਚ ਵੱਖ-ਵੱਖ ਸਮਾਗਮਾਂ ਦਾ ਆਯੋਜਨ ਕਰਨਗੇ ਤਾਂ ਜੋ ਆਮ ਲੋਕਾਂ, ਨੌਜਵਾਨਾਂ, ਗੈਰ-ਸਰਕਾਰੀ ਸੰਸਥਾਵਾਂ (ਐਨਜੀਓਜ), ਕਲੱਬਾਂ ਆਦਿ ਨੂੰ ਨਸਿ਼ਆਂ ਖਿ਼ਲਾਫ ਜਾਗਰੂਕ ਕਰਕੇ ਇਸ ਲੜਾਈ ਦਾ ਹਿੱਸਾ ਬਣਾਇਆ ਜਾ ਸਕੇ। ਇਸ ਮੁਹਿੰਮ ਦੌਰਾਨ ਬਾਸਕਟਬਾਲ ਟੂਰਨਾਮੈਂਟ, ਕਬੱਡੀ, ਕ੍ਰਿਕਟ ਮੈਚ, ਵਾਲੀਬਾਲ, ਫੁੱਟਬਾਲ, ਸਾਈਕਲੋਥਨ, ਜਾਗਰੂਕਤਾ ਕੈਂਪ, ਨਾਟਕ, ਨੁੱਕੜ ਨਾਟਕ, ਮੈਰਾਥਨ, ਸੈਮੀਨਾਰ ਅਤੇ ਜਨਤਕ ਮੀਟਿੰਗਾਂ ਸਮੇਤ ਵੱਖ-ਵੱਖ ਸਮਾਗਮ ਕਰਵਾਏ ਜਾਣਗੇ। ਇਸ ਮੁਹਿੰਮ ਦੀ ਸੁਰੂਆਤ ਫਤਹਿਗੜ੍ਹ ਸਾਹਿਬ ਦੇ



ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿਖੇ ਬੀਤੇ ਸਨੀਵਾਰ ਨੂੰ ਫਤਿਹਗੜ੍ਹ ਸਾਹਿਬ ਪੁਲਿਸ ਵੱਲੋਂ ਕਰਵਾਏ ਗਏ 'ਫਤਹਿ ਕੱਪ-ਸੰਮਲਿਤ ਅਤੇ ਉਤਸਾਹੀ ਬਾਸਕਟਬਾਲ ਈਵੈਂਟ' ਨਾਲ ਹੋਈ। ਇਸ ਸਮਾਗਮ ਨੂੰ ਨਸਿ਼ਆਂ ਖਿ਼ਲਾਫ ਜਾਗਰੂਕਤਾ ਪੈਦਾ ਕਰਨ ਦਾ ਉਪਰਾਲਾ ਕਰਾਰ ਦਿੰਦਿਆਂ ਫਤਹਿਗੜ੍ਹ ਸਾਹਿਬ ਦੇ ਸੀਨੀਅਰ ਕਪਤਾਨ ਪੁਲਿਸ (ਐੱਸ. ਐੱਸ. ਪੀ.) ਡਾ. ਰਵਜੋਤ ਕੌਰ ਗਰੇਵਾਲ ਨੇ ਕਿਹਾ ਕਿ ਇਸ ਉਪਰਾਲੇ ਨਾਲ ਸਮਾਜ, ਖਾਸ ਕਰਕੇ ਨੌਜਵਾਨਾਂ ਨੂੰ ਖੇਡਾਂ ਰਾਹੀਂ ਜੋੜ ਕੇ ਉਨ੍ਹਾਂ ਦੇ ਜੀਵਨ ਅਨੁਸਾਸਨ ਅਤੇ ਸਿਹਤਮੰਦ ਜੀਵਨ, ਟੀਮ ਵਰਕ 'ਤੇ ਜੋਰ ਦਿੱਤਾ ਗਿਆ। ਇਸ ਈਵੈਂਟ 'ਚ ਸੁਚੱਜੀ ਸਮਾਂ-ਸਾਰਣੀ ਰਾਹੀਂ 17 ਟੀਮਾਂ ਵੱਲੋਂ ਕੁੱਲ 16 ਮੈਚ ਖੇਡੇ ਗਏ ਜਿਸ ਵਿੱਚ ਅੰਡਰ-14 ਲੜਕਿਆਂ ਦੀਆਂ ਚਾਰ ਟੀਮਾਂ, ਅੰਡਰ-17 ਲੜਕਿਆਂ ਦੀਆਂ ਪੰਜ ਟੀਮਾਂ, ਅੰਡਰ-17 ਲੜਕੀਆਂ ਦੀਆਂ ਚਾਰ ਟੀਮਾਂ ਅਤੇ ਸੀਨੀਅਰ ਪੁਰਸ ਵਰਗ ਦੀਆਂ ਚਾਰ ਟੀਮਾਂ ਸਾਮਲ ਸਨ। ਡਾ. ਰਵਜੋਤ ਨੇ ਕਿਹਾ ਕਿ ਫਤਿਹ ਕੱਪ ਨੇ ਨਾ ਸਿਰਫ ਮੁਕਾਬਲੇ ਦੇ ਪਲੇਟਫਾਰਮ ਵਜੋਂ ਕੰਮ ਕੀਤਾ ਹੈ, ਸਗੋਂ ਇਹ ਨਸਿ਼ਆਂ ਦੇ ਖਤਰਿਆਂ ਬਾਰੇ ਜਾਗਰੂਕਤਾ ਫੈਲਾਉਣ ਲਈ ਵੀ ਅਹਿਮ ਸਾਬਤ ਹੋਇਆ। ਉਨ੍ਹਾਂ ਕਿਹਾ ਕਿ ਇਸ ਪਹਿ ਲਕਦਮੀ ਰਾਹੀਂ ਫਤਿਹਗੜ੍ਹ ਸਾਹਿਬ ਪੁਲਿਸ ਨੇ ਆਪਣੇ ਭਾਈਚਾਰੇ ਦੀ ਭਲਾਈ ਪ੍ਰਤੀ ਆਪਣੇ ਸਮਰਪਣ ਨੂੰ ਹੋਰ ਮਜਬੂਤ ਕੀਤਾ ਹੈ।

## ਭਾਰਤੀ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਵਲੋਂ ਸਮਸੇਰ ਸੰਧੂ ਦੀ ਨਵੀਂ ਪੁਸਤਕ 'ਕਿੱਥੇ ਖੋ ਗਏ ਚੱਜ ਦੇ ਬੰਦੇ' ਰਿਲੀਜ

ਚੰਡੀਗੜ੍ਹ 21 ਦਸੰਬਰ। ਨਾਮੀਂ ਗੀਤਕਾਰ ਤੇ ਪੱਤਰਕਾਰ ਸਮਸੇਰ ਸੰਧੂ ਨੇ ਖੇਡਾਂ ਪ੍ਰਤੀ ਆਪਣੇ ਸਨੇਹ ਨੂੰ ਜਾਹਿਰ ਕਰਦਿਆਂ ਆਪਣੀ ਨਵੀਂ ਪੁਸਤਕ 'ਕਿੱਥੇ ਖੋ ਗਏ ਚੱਜ ਦੇ ਬੰਦੇ' ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਤੇ ਖਿਡਾਰੀ ਗੁਰਜੰਟ ਸਿੰਘ ਕੋਲੋਂ ਰਿਲੀਜ ਕਰਵਾਈ। ਸਮਸੇਰ ਸੰਧੂ, ਜਿਨ੍ਹਾਂ ਨੇ ਗੀਤ, ਕਹਾਣੀਆਂ, ਵਾਰਤਕ ਅਤੇ ਖਿਡਾਰੀਆਂ ਬਾਰੇ ਲਿਖਣ ਵਿਚ ਨਾਮਣਾ ਖੱਟਿਆ ਹੈ, ਇਹ ਉਨ੍ਹਾਂ ਦਾ ਪਹਿਲਾ ਕਾਵਿ ਸੰ੍ਗਹਿ ਹੈ। ਸਮਸੇਰ ਸੰਧੂ ਨੇ ਕਬੱਡੀ ਖਿਡਾਰੀਆਂ ਤੇ ਪਹਿਲਵਾਨਾਂ ਬਾਰੇ ਲਿਖ ਕੇ ਵੀ ਚੰਗੀ ਪਛਾਣ



ਬਣਾਈ ਹੈ ਅਤੇ ਨਵੀਂ ਪੁਸਤਕ ਨੂੰ ਚੰਡੀਗੜ੍ਹ ਵਿਖੇ ਹਾਕੀ ਸਟੇਡੀਅਮ ਵਿਚ ਭਾਰਤੀ ਟੀਮ ਦੇ ਮੌਜੂਦਾ ਕਪਤਾਨ ਹਰਮਨਪ੍ਰੀਤ ਸਿੰਘ ਤੇ ਫਾਰਵਰਡ ਗੁਰਜੰਟ ਸਿੰਘ ਕੋਲੋਂ ਖੇਡ ਲੇਖਕ ਨਵਦੀਪ ਸਿੰਘ ਗਿੱਲ ਦੀ ਹਾਜਰੀ ਵਿਚ ਰਿਲੀਜ ਕਰਵਾਇਆ। ਹਰਮਨਪ੍ਰੀਤ ਸਿੰਘ ਨੇ ਸਮਸੇਰ ਸੰਧੂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਅੱਜ ਅਸੀਂ ਨਾਮੀਂ ਗੀਤਕਾਰ ਦੀ ਕਿਤਾਬ ਨੂੰ ਰਿਲੀਜ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹਾਕੀ ਕੈਂਪਾਂ ਦੌਰਾਨ ਸਮੂਹ ਖਿਡਾਰੀ ਸਮਸੇਰ ਸੰਧੂ ਵਲੋਂ ਲਿਖੇ ਗੀਤਾਂ ਨੂੰ ਸੁਣ ਕੇ ਵਾਰਮ-ਅੱਪ ਹੁੰਦੇ ਰਹੇ ਹਨ। ਸਮਸੇਰ ਸੰਧੂ ਦੇ ਲਿਖੇ ਗੀਤ, ਜੋ ਸੁਰਜੀਤ ਬਿੰਦਰਖੀਆ, ਸਤਵਿੰਦਰ ਬਿੱਟੀ, ਸੁਰਜੀਤ ਖਾਨ ਆਦਿ ਵੱਡੇ ਗਾਇਕਾਂ ਨੇ ਗਾਏ ਹਨ, ਸਾਨੂੰ ਜੋਸ ਚੜ੍ਹਾਉਂਦੇ ਰਹੇ ਹਨ।

# ਪ੍ਰਵਾਸੀ ਮਜ਼ਦੂਰ ਨੇ ਕੀਤਾ ਪੰਜਾਬੀ ਵਿਅਕਤੀ ਦਾ ਕਤਲ

ਨਡਾਲਾ 21 ਦਸੰਬਰ। ਪਿੰਡ ਰਾਏਪੁਰ ਅਰਾਈਆਂ ਮੰਡ ਵਿਖੇ ਇਕ ਪ੍ਰਵਾਸੀ ਮਜ਼ਦੂਰ ਤੇ ਪੰਜਾਬੀ ਮਜ਼ਦੂਰ ਵਿਚਾਲੇ ਸ਼ਰਾਬੀ ਹਾਲਤ 'ਚ ਬਹਿਸ ਹੋ ਗਈ, ਜਿਸ ਦੌਰਾਨ ਪ੍ਰਵਾਸੀ ਨੇ ਪੰਜਾਬੀ ਮਜਦੂਰ ਨੂੰ ਸਿਰ 'ਚ ਲੋਹੇ ਦੀ ਰਾਡ ਮਾਰ-ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਦੀ ਪਛਾਣ ਮੰਗਤ ਰਾਮ ਉਰਫ ਮੰਗੀ ਪੁੱਤਰ ਬਾਵਾ ਵਾਸੀ ਰਾਏਪੁਰ ਅਰਾਈਆਂ ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਦੇ ਸਾਰ ਹੀ ਰਾਤ ਥਾਣਾ ਮੁਖੀ ਢਿੱਲਵਾਂ ਸੁਖਬੀਰ ਸਿੰਘ ਪੁਲਸ ਪਾਰਟੀ ਸਣੇ ਮੌਕੇ 'ਤੇ ਪੁੱਜੇ ਤੇ ਲਾਸ਼ ਨੂੰ ਕਬਜ਼ੇ 'ਚ ਲਿਆ। ਉਧਰ, ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਪ੍ਰਵਾਸੀ ਮਜ਼ਦੂਰ ਸੁਸ਼ੀਲ ਕੁਮਾਰ ਵਾਸੀ ਗਾਮੇਲ ਜ਼ਿਲਾ ਮਾਧੋਪੁਰ (ਬਿਹਾਰ) ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਮੁੰਡੇ ਨੇ ਸੜਕ ਵਿਚਾਲੇ ਵੱਢ 'ਤੀ ਸਹੇਲੀ, ਹੋ ਗਈ ਮੌਤ

ਮੁੰਬਈ, 21 ਦਸੰਬਰ। ਮਹਾਰਾਸਟਰ ਦੇ ਪਾਲਘਰ 'ਚ ਇਕ ਨੌਜਵਾਨ ਨੇ ਆਪਣੀ 20 ਸਾਲਾ ਪ੍ਰੇਮਿਕਾ ਦਾ ਸੜਕ ਵਿਚਾਲੇ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਵਸਈ ਦੇ ਚਿੰਚਪਾੜਾ ਇਲਾਕੇ 'ਚ ਸਵੇਰੇ ਕਰੀਬ 8.30 ਵਜੇ ਵਾਪਰੀ ਇਸ ਘਟਨਾ ਦਾ ਵੀਡੀਓ ਸੋਸਲ ਮੀਡੀਆ 'ਤੇ ਸਾਹਮਣੇ ਆਇਆ। ਪੀੜਤਾ ਦੀ ਪਛਾਣ ਆਰਤੀ ਯਾਦਵ ਵਜੋਂ ਹੋਈ ਹੈ। ਦਰਅਸਲ, ਪੀੜਤਾ ਆਪਣੇ ਬੁਆਏਫ੍ਰੈਂਡ ਰੋਹਿਤ ਯਾਦਵ ਨਾਲ ਕੰਮ 'ਤੇ ਜਾ ਰਹੀ ਸੀ, ਇਸੇ ਦੌਰਾਨ ਸੜਕ ਦੇ ਵਿਚਕਾਰ ਉਨ੍ਹਾਂ ਦੀ ਲੜਾਈ ਹੋ ਗਈ। ਇਸ ਦੌਰਾਨ ਦੋਸੀ ਨੇ ਪੀੜਤਾ 'ਤੇ ਹਮਲਾ ਕਰ ਦਿੱਤਾ। ਰੋਹਿਤ ਯਾਦਵ ਨੇ ਆਪਣੀ ਪ੍ਰੇਮਿਕਾ 'ਤੇ ਤੇਜਧਾਰ ਹਥਿਆਰਾਂ ਨਾਲ ਕਈ ਵਾਰ ਕੀਤੇ ਅਤੇ ਉਸਦੇ ਜਮੀਨ 'ਤੇ ਡਿੱਗਣ ਤੋਂ ਬਾਅਦ ਵੀ ਉਸ 'ਤੇ ਹਮਲਾ ਕਰਨਾ ਜਾਰੀ ਰੱਖਿਆ। ਇਸ ਘਟਨਾ ਤੋਂ ਬਾਅਦ ਰੋਹਿਤ ਮੌਕੇ ਤੋਂ ਫਰਾਰ ਨਹੀਂ ਹੋਇਆ। ਉਹ ਲਾਸ ਕੋਲ ਹੀ ਬੈਠਾ ਰਿਹਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ। ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲੀਸ ਨੇ ਮੁਲਜਮ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਹੈ। ਸੋਸਲ ਮੀਡੀਆ 'ਤੇ ਜਾਰੀ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਹਮਲੇ ਦੌਰਾਨ ਕਿਸੇ ਨੇ ਵੀ ਦੋਸੀ ਨੂੰ ਰੋਕਣ ਦੀ ਕੋਸਿ਼ਸ ਨਹੀਂ ਕੀਤੀ। ਫਿਲਹਾਲ ਪੁਲਿਸ ਮਾਮਲਾ ਦਰਜ ਕਰਨ ਦੀ ਤਿਆਰੀ ਕਰ ਰਹੀ ਹੈ।

# ਟਰਾਂਸਪੋਰਟ ਵਿਭਾਗ ਤੇ ਪੁਲਸ ਵੱਲੋਂ ਸਕੂਲ ਬੱਸਾਂ ਦੀ ਅਚਨਚੇਤ ਜਾਂਚ

ਏਜੰਸੀਆਂ

ਅੰਮ੍ਰਿਤਸਰ 21 ਦਸੰਬਰ। ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਵੱਲੋਂ ਦਿੱਤੀਆਂ ਹਦਾਇਤਾਂ ਦੇ ਮੱਦੇਨਜ਼ਰ ਸੈਕਟਰੀ ਆਰ. ਟੀ. ਏ., ਪੁਲਸ ਅਤੇ ਜਿ਼ਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਜਿ਼ਲ੍ਹੇ ਭਰ ਵਿਚ ਸਕੂਲ ਬੱਸਾਂ ਦੀ ਅਚਨਚੇਤੀ ਜਾਂਚ ਕਈ ਥਾਵਾਂ 'ਤੇ ਨਾਕੇ ਲਗਾ ਕੇ ਕੀਤੀ ਗਈ। ਸਕੂਲ ਵਾਹਨਾਂ ਦੀ ਸੁਰੱਖਿਆ ਨੂੰ ਲੈ ਕੇ ਸ਼ੁਰੂ ਕੀਤੀ ਗਈ ਇਸ ਮੁਹਿੰਮ ਤਹਿਤ ਪਹਿਲੇ ਦਿਨ ਹੀ ਇਨ੍ਹਾਂ ਟੀਮਾਂ ਨੇ 33 ਸਕੂਲ ਵਾਹਨਾਂ ਦੇ ਚਲਾਨ ਕੱਟੇ। ਇਸ ਮੌਕੇ ਸੈਕਟਰੀ ਆਰ. ਟੀ. ਏ. ਅਰਸ਼ਦੀਪ ਸਿੰਘ ਨੇ ਦੱਸਿਆ ਕਿ ਐੱਸ. ਡੀ. ਐਮਜ਼, ਸਕੂਲ ਸਿੱਖਿਆ ਅਤੇ ਪੁਲਸ ਵਿਭਾਗ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੇਫ ਸਕੂਲ ਵਾਹਨ ਪਾਲਿਸੀ ਨੂੰ ਇੰਨ ਬਿੰਨ ਲਾਗੂ ਕਰਨ ਹਿੱਤ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜੋ ਕਿ ਭਵਿੱਖ ਵਿਚ ਵੀ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ ਇਸੇ ਮੁਹਿੰਮ ਤਹਿਤ ਸਕੂਲੀ ਬੱਸਾਂ ਵਿਚ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਡਰਾਈਵਰਾਂ, ਜ਼ਰੂਰੀ ਉਪਕਰਣ, ਦਸਤਾਵੇਜ਼ ਅਤੇ ਹੋਰ ਸਹੂਲਤਾਂ ਦੀ ਜਾਂਚ ਕੀਤੀ ਗਈ ਅਤੇ ਜਿੱਥੇ ਕਿਧਰੇ ਵੀ ਕੁਤਾਹੀ ਮਿਲੀ, ਉਥੇ ਚਲਾਨ ਕੱਟਿਆ ਗਿਆ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾਂ ਕਰਨ ਵਾਲੀਆਂ 33 ਸਕੂਲੀ ਬੱਸਾਂ ਦੇ ਚਲਾਨ ਕੀਤੇ ਗਏ ਹਨ, ਜਿਨ੍ਹਾਂ



ਵਿਚੋਂ ਆਰ. ਟੀ. ਓ. ਦਫਤਰ ਵਲੋਂ 17 ਚਾਲਾਨ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵਲੋਂ 16 ਚਾਲਾਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਐੱਸ. ਡੀ. ਐੱਜ਼, ਡੀ. ਈ. ਓ. ਸਾਹਿਬਾਨ ਅਤੇ ਜਿ਼ਲ੍ਹਾ ਬਾਲ ਸੁਰੱਖਿਆ ਅਫਸਰ, ਟ੍ਰੈਫਿਕ ਪੁਲਸ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ, ਜਿਸ ਵਿਚ ਸਪੱਸ਼ਟ ਕੀਤਾ ਕਿ ਸਿੱਖਿਆ ਵਿਭਾਗ ਹਰੇਕ ਸਕੂਲ ਮੁਖੀ ਕੋਲੋਂ ਇਹ ਲਿਖਤੀ ਤੌਰ 'ਤੇ ਲਵੇ ਕਿ ਉਨ੍ਹਾਂ ਦੀਆਂ ਸਕੂਲ ਬੱਸਾਂ ਜਾਂ ਵਾਹਨ ਸਹੀ ਹਨ ਤੇ ਸੁਰੱਖਿਆ ਦਾ ਹਰ ਮਾਪਦੰਡ ਪੂਰਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਨੀਤੀ ਤਹਿਤ ਇਹ ਜਰੂਰੀ ਹੈ ਕਿ ਸਕੂਲ ਮੁਖੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲੀ ਬੱਸਾਂ ਵਿਚ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸਾਰੀਆਂ ਸ਼ਰਤਾਂ ਤੇ ਨਿਯਮਾਂ ਨੂੰ ਲਾਜ਼ਮੀ ਤੌਰ 'ਤੇ ਲਾਗੂ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦਾ ਹਾਦਸਾ ਹੁੰਦਾ ਹੈ ਤਾਂ ਇਸ ਲਈ ਸਕੂਲ ਮੁਖੀ ਉਤੇ ਪੁਲਸ ਕੇਸ ਦਰਜ ਹੋਵੇਗਾ। ਹਾਲ ਹੀ ਵਿਚ ਮਹਿੰਦਰਗੜ੍ਹ ਵਿਖੇ ਹੋਈ ਸੜਕ ਦੁਰਘਟਨਾ, ਜਿਸ ਵਿਚ 8 ਸਕੂਲੀ ਬੱਚਿਆਂ ਦੀ ਮੌਤ ਹੋਈ ਸੀ, ਸਬੰਧੀ ਸਕੂਲ ਪ੍ਰਿੰਸੀਪਲ, ਸਕੂਲ ਦੇ ਟ੍ਰੈਫਿਕ ਇੰਚਾਰਜ ਅਤੇ ਡਰਾਈਵਰ 'ਤੇ ਪੁਲਸ ਕੇਸ ਦਰਜ ਹੋਇਆ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਬੰਧੀ ਕਿਸੇ ਪ੍ਰਕਾਰ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਐਨਸੀਈਆਰਟੀ ਦੀਆਂ ਕਿਤਾਬਾਂ 'ਚ ਵੱਡਾ ਬਦਲਾਅ, ਬਾਬਰੀ ਮਸਜਿਦ ਤੋਂ ਲੈ ਕੇ ਗੁਜਰਾਤ ਦੰਗਿਆਂ ਤੱਕ ਹੋਇਆ ਫੇਰਬਦਲ

ਏਜੰਸੀਆਂ

ਨਵੀਂ ਦਿੱਲੀ 21 ਦਸੰਬਰ। ਨੈਸਨਲ ਕੌਂਸਲ ਆਫ ਐਜੂਕੇਸਨਲ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ) ਦੁਆਰਾ ਆਪਣੀਆਂ ਪਾਠ ਪੁਸਤਕਾਂ ਵਿਚ ਅਯੁੱਧਿਆ 'ਚ ਬਾਬਰੀ ਮਸਜਿਦ ਦੇ ਢਾਹੇ ਜਾਣ, ਗੁਜਰਾਤ ਦੰਗਿਆਂ , ਹਿੰਦੂਤਵ ਵਿੱਚ ਮੁਸਲਮਾਨਾਂ ਦੀ ਹੱਤਿਆ ਅਤੇ ਮਨੀਪੁਰ ਦੇ ਭਾਰਤ ਵਿੱਚ ਰਲੇਵੇਂ ਸਮੇਤ ਕਈ ਹੋਰ ਸੰਦਰਭਾਂ ਵਿੱਚ ਤਾਜਾ ਸੋਧਾਂ ਕੀਤੀਆਂ ਗਈਆਂ ਹਨ। ਦੀ ਸਿਲੇਬਸ ਡਰਾਫਟ ਕਮੇਟੀ ਦੁਆਰਾ ਤਿਆਰ ਕੀਤੇ ਗਏ ਬਦਲਾਅ ਦੇ ਵੇਰਵੇ ਵਾਲੇ ਇੱਕ ਦਸਤਾਵੇਜ ਅਨੁਸਾਰ, ਰਾਮ ਜਨਮ ਭੂਮੀ ਅੰਦੋਲਨ ਦੇ ਸੰਦਰਭਾਂ ਨੂੰ "ਰਾਜਨੀਤੀ ਦੇ ਤਾਜਾ ਘਟਨਾਕ੍ਰਮ ਦੇ ਅਨੁਸਾਰ" ਬਦਲਿਆ ਗਿਆ ਹੈ। 11ਵੀਂ ਜਮਾਤ ਦੀ ਪਾਠ ਪੁਸਤਕ ਵਿੱਚ ਧਰਮ ਨਿਰਪੱਖਤਾ ਬਾਰੇ ਅਧਿਆਏ 8 ਵਿੱਚ ਪਹਿਲਾਂ ਕਿਹਾ ਗਿਆ ਸੀ, "2002 ਵਿੱਚ ਗੁਜਰਾਤ ਵਿੱਚ ਗੋਧਰਾ ਤੋਂ ਬਾਅਦ ਦੇ ਦੰਗਿਆਂ ਦੌਰਾਨ 1,000 ਤੋਂ ਵੱਧ ਲੋਕ, ਜਿ਼ਆਦਾਤਰ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ।" ਇਸਨੂੰ "2002 ਵਿੱਚ ਗੁਜਰਾਤ ਵਿੱਚ ਗੋਧਰਾ ਤੋਂ ਬਾਅਦ ਦੇ ਦੰਗਿਆਂ ਦੌਰਾਨ 1,000 ਤੋਂ ਵੱਧ ਲੋਕ ਮਾਰੇ ਗਏ ਸਨ" ਵਿੱਚ ਬਦਲ ਦਿੱਤਾ ਗਿਆ ਹੈ। ਤਬਦੀਲੀ ਦੇ ਪਿੱਛੇ ਦਾ ਤਰਕ ਇਹ ਹੈ ਕਿ "ਕਿਸੇ ਵੀ ਦੰਗੇ ਵਿੱਚ ਸਾਰੇ ਭਾਈਚਾਰਿਆਂ ਦੇ ਲੋਕਾਂ ਦਾ ਨੁਕਸਾਨ ਹੁੰਦਾ ਹੈ। ਇਹ ਸਿਰਫ ਇੱਕ ਭਾਈਚਾਰਾ ਨਹੀਂ ਹੋ ਸਕਦਾ।" ਪਾਕਿਸਤਾਨ ਦੇ ਕਬਜੇ ਵਾਲੇ ਕਸਮੀਰ ਬਾਰੇ, ਪਾਠ ਪੁਸਤਕ ਵਿੱਚ ਪਹਿਲਾਂ ਕਿਹਾ ਗਿਆ ਸੀ, "ਭਾਰਤ ਦਾਅਵਾ ਕਰਦਾ ਹੈ ਕਿ ਇਹ ਖੇਤਰ ਗੈਰ-ਕਾਨੂੰਨੀ ਕਬਜੇ ਹੇਠ ਹੈ। ਪਾਕਿਸਤਾਨ ਇਸ ਖੇਤਰ ਨੂੰ "ਆਜਾਦ ਪਾਕਿਸਤਾਨ" ਵਜੋਂ ਦਰਸਾਉਂਦਾ ਹੈ। ਬਦਲੇ ਹੋਏ ਸੰਸਕਰਣ ਵਿੱਚ ਕਿਹਾ ਗਿਆ ਹੈ, "ਹਾਲਾਂਕਿ, ਇਹ ਭਾਰਤੀ ਇਲਾਕਾ ਹੈ ਜੋ ਪਾਕਿਸਤਾਨ ਦੇ ਗੈਰ-ਕਾਨੂੰਨੀ ਕਬਜੇ ਹੇਠ ਹੈ ਅਤੇ ਇਸਨੂੰ ਪਾਕਿਸਤਾਨ ਦੇ ਕਬਜੇ ਵਾਲਾ ਜੰਮੂ ਅਤੇ ਕਸਮੀਰ () ਕਿਹਾ ਜਾਂਦਾ ਹੈ।" ਇਸ ਬਦਲਾਅ ਪਿੱਛੇ ਦਾ ਤਰਕ ਹੈ ਕਿ "ਜੋ ਬਦਲਾਅ ਲਿਆਂਦਾ ਗਿਆ ਹੈ, ਉਹ ਜੰਮੂ-ਕਸਮੀਰ ਦੇ ਸਬੰਧ ਵਿੱਚ ਭਾਰਤ ਸਰਕਾਰ ਦੀ ਤਾਜਾ ਸਥਿਤੀ ਦੇ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ"। ਮਨੀਪੁਰ ਬਾਰੇ ਪਹਿਲਾਂ ਦੀ ਇੱਕ ਪਾਠ ਪੁਸਤਕ ਵਿੱਚ ਕਿਹਾ ਗਿਆ ਹੈ, "ਭਾਰਤ ਸਰਕਾਰ ਨੇ, ਮਣੀਪੁਰ ਦੀ ਲੋਕਪ੍ਰਿਯ ਚੁਣੀ ਹੋਈ ਵਿਧਾਨ ਸਭਾ ਨਾਲ ਸਲਾਹ ਕੀਤੇ ਬਿਨਾਂ, ਮਹਾਰਾਜਾ ਨੂੰ ਸਤੰਬਰ 1949 ਵਿੱਚ ਰਲੇਵਾਂ ਸਮਝੌਤੇ 'ਤੇ ਦਸਤਖਤ ਕਰਨ ਲਈ ਦਬਾਅ ਬਣਾਉਣ ਵਿਚ ਸਫਲ ਰਹੀ। ਇਸ ਨਾਲ ਮਨੀਪੁਰ ਵਿੱਚ ਬਹੁਤ ਗੁੱਸਾ ਅਤੇ ਨਾਰਾਜਗੀ ਪੈਦਾ ਹੋਈ, ਜਿਸ ਦਾ ਪ੍ਰਭਾਵ ਅਜੇ ਵੀ ਮਹਿਸੂਸ ਕੀਤਾ ਜਾ ਰਿਹਾ ਹੈ।" ਬਦਲੇ ਹੋਏ ਸੰਸਕਰਣ ਵਿੱਚ ਕਿਹਾ ਗਿਆ ਹੈ, "ਭਾਰਤ ਸਰਕਾਰ ਸਤੰਬਰ 1949 ਵਿੱਚ ਮਹਾਰਾਜਾ ਨੂੰ ਰਲੇਵੇਂ ਦੇ ਸਮਝੌਤੇ 'ਤੇ ਦਸਤਖਤ ਕਰਨ ਲਈ ਮਨਾਉਣ ਵਿੱਚ ਸਫਲ ਰਹੀ।" ਅਧਿਆਇ 8 ਵਿੱਚ, "ਅਯੁੱਧਿਆ ਢਾਹੁਣ" ਸਮੇਤ ਭਾਰਤੀ ਰਾਜਨੀਤੀ ਵਿੱਚ ਹਾਲ ਹੀ ਦੇ ਘਟਨਾਕ੍ਰਮ ਦੇ ਹਵਾਲੇ ਹਟਾ ਦਿੱਤੇ ਗਏ



ਹਨ। "ਰਾਜਨੀਤਿਕ ਲਾਮਬੰਦੀ ਦੇ ਸੁਭਾਅ ਕਾਰਨ ਰਾਮ ਜਨਮ ਭੂਮੀ ਅੰਦੋਲਨ ਅਤੇ ਅਯੁੱਧਿਆ ਢਾਹੁਣ ਦੀ ਵਿਰਾਸਤ ਕੀ ਹੈ?" ਇਸ ਦਾ ਸਿਰਲੇਖ ਸੀ "ਰਾਮ ਜਨਮ ਭੂਮੀ ਅੰਦੋਲਨ ਦੀ ਵਿਰਾਸਤ ਕੀ ਹੈ?" ਵਿੱਚ ਬਦਲ ਦਿੱਤਾ ਗਿਆ ਹੈ। ਇਸੇ ਅਧਿਆਇ ਵਿਚ ਬਾਬਰੀ ਮਸਜਿਦ ਅਤੇ ਹਿੰਦੂਤਵ ਰਾਜਨੀਤੀ ਦੇ ਹਵਾਲੇ ਹਟਾ ਦਿੱਤੇ ਗਏ ਹਨ। ਪਹਿਲੇ ਪੈਰੇ ਵਿੱਚ ਲਿਖਿਆ ਸੀ: " ਚੌਥਾ, ਕਈ ਘਟਨਾਵਾਂ ਦੀ ਇੱਕ ਲੜੀ ਦਸੰਬਰ 1992 ਵਿੱਚ ਅਯੁੱਧਿਆ ਵਿੱਚ ਵਿਵਾਦਿਤ ਢਾਂਚੇ (ਬਾਬਰੀ ਮਸਜਿਦ ਵਜੋਂ ਜਾਣੀ ਜਾਂਦੀ) ਨੂੰ ਢਾਹੁਣ ਦੇ ਰੂਪ ਵਿਚ ਹੋਈ। ਇਸ ਘਟਨਾ ਨੇ ਦੇਸ ਦੀ ਰਾਜਨੀਤੀ ਵਿੱਚ ਵੱਖ-ਵੱਖ ਤਬਦੀਲੀਆਂ ਦੀ ਸੁਰੂਆਤ ਕੀਤੀ ਅਤੇ ਭਾਰਤੀ ਰਾਸਟਰਵਾਦ ਅਤੇ ਧਰਮ ਨਿਰਪੱਖਤਾ ਨੂੰ ਲੈ ਕੇ ਬਹਿਸ ਨੂੰ ਤੇਜ ਕੀਤਾ। ਇਹ ਘਟਨਾਵਾਂ ਭਾਜਪਾ ਦੇ ਉਭਾਰ ਅਤੇ 'ਹਿੰਦੂਤਵ' ਦੀ ਰਾਜਨੀਤੀ ਨਾਲ ਜੁੜੀਆਂ ਹੋਈਆਂ ਹਨ।" ਇਸਨੂੰ ਇਸ ਵਿੱਚ ਬਦਲਿਆ ਗਿਆ: ਚੌਥਾ, ਅਯੁੱਧਿਆ ਵਿੱਚ ਰਾਮ ਜਨਮ ਭੂਮੀ ਮੰਦਰ ਨੂੰ ਲੈ ਕੇ ਸਦੀਆਂ ਪੁਰਾਣੇ ਕਾਨੂੰਨੀ ਅਤੇ ਰਾਜਨੀਤਿਕ ਵਿਵਾਦ ਨੇ ਭਾਰਤ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨਾ ਸੁਰੂ ਕਰ ਦਿੱਤਾ, ਜਿਸ ਨੇ ਵੱਖ-ਵੱਖ ਰਾਜਨੀਤਿਕ ਤਬਦੀਲੀਆਂ ਨੂੰ ਜਨਮ ਦਿੱਤਾ। ਰਾਮ ਜਨਮ ਭੂਮੀ ਮੰਦਰ ਅੰਦੋਲਨ ਇਕ ਕੇਂਦਰੀ ਮੁੱਦਾ ਬਣ ਗਿਆ ਜਿਸ ਨੇ ਧਰਮ ਨਿਰਪੱਖਤਾ ਅਤੇ ਲੋਕਤੰਤਰ ਦੀ ਦਿਸਾ ਬਦਲ ਦਿੱਤੀ । ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ (9 ਨਵੰਬਰ, 2019 ਨੂੰ ਘੋਸਿ਼ਤ) ਦੇ ਫੈਸਲੇ ਤੋਂ ਬਾਅਦ ਇਹ ਬਦਲਾਅ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਦੇ ਨਤੀਜੇ ਵਜੋਂ ਹੋਇਆ।" "ਜਮਹੂਰੀ ਅਧਿਕਾਰਾਂ" ਦੇ ਸਿਰਲੇਖ ਵਾਲੇ ਅਧਿਆਇ 5 ਵਿੱਚ ਇੱਕ ਨਿਊਜ ਕੋਲਾਜ ਦੇ ਕੈਪਸਨ ਵਿੱਚ ਗੁਜਰਾਤ ਦੰਗਿਆਂ ਦੀ ਹਵਾਲਾ ਹਟਾ ਦਿੱਤਾ ਗਿਆ ਸੀ। ਪਿਛਲਾ ਸੰਸਕਰਣ ਸੀ - "ਕੀ ਤੁਸੀਂ ਇਸ ਪੰਨੇ 'ਤੇ ਨਿਊਜ ਕੋਲਾਜ ਵਿੱਚ ਰਾਸਟਰੀ ਮਨੁੱਖੀ ਅਧਿਕਾਰ ਕਮਿਸਨ () ਦਾ ਹਵਾਲਾ ਦਿਖਾਈ ਦਿੰਦਾ ਹੈ?" ਇਹ ਹਵਾਲੇ ਮਨੁੱਖੀ ਅਧਿਕਾਰਾਂ ਪ੍ਰਤੀ ਵੱਧ ਰਹੀ ਜਾਗਰੂਕਤਾ ਅਤੇ ਮਨੁੱਖੀ ਸਨਮਾਨ ਲਈ ਸੰਘਰਸ ਨੂੰ ਦਰਸਾਉਂਦੇ ਹਨ। ਵੱਖ-ਵੱਖ ਖੇਤਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਬਹੁਤ ਸਾਰੇ ਮਾਮਲੇ, ਉਦਾਹਰਨ ਲਈ, ਗੁਜਰਾਤ ਦੰਗੇ, ਪੂਰੇ ਭਾਰਤ ਵਿੱਚ ਲੋਕਾਂ ਦੇ ਧਿਆਨ ਵਿੱਚ ਲਿਆਂਦੇ ਜਾ ਰਹੇ ਹਨ। ਇਸਨੂੰ ਬਦਲ ਕੇ "ਭਾਰਤ ਭਰ ਵਿੱਚ ਵੱਖ-ਵੱਖ ਖੇਤਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕਈ ਮਾਮਲਿਆਂ ਨੂੰ ਜਨਤਕ ਨੋਟਿਸ ਵਿੱਚ ਲਿਆਂਦਾ ਜਾ ਰਿਹਾ ਹੈ" ਕਰ ਦਿੱਤਾ ਗਿਆ। ਪਿਛਲੇ ਹਫਤੇ, ਨੇ ਸਕੂਲਾਂ ਨੂੰ ਸੂਚਿਤ ਕੀਤਾ ਸੀ ਕਿ ਕਲਾਸ 3 ਅਤੇ 6 ਲਈ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ, ਜਦੋਂ ਕਿ ਅਨੁਸਾਰ ਹੋਰ ਬਾਕੀ ਜਮਾਤਾਂ ਲਈ ਪਾਠ ਪੁਸਤਕਾਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਹਾਲਾਂਕਿ, ਬਦਲਾਵਾਂ ਦੀ ਇੱਕ ਲੜੀ ਹੁਣ ਉਨ੍ਹਾਂ ਕਿਤਾਬਾਂ ਵਿੱਚ ਪੇਸ ਕੀਤੀ ਜਾਵੇਗੀ ਜੋ ਅਜੇ ਤੱਕ ਮਾਰਕੀਟ ਵਿੱਚ ਨਹੀਂ ਆਈਆਂ ਹਨ, ਭਾਵੇਂ ਕਿ ਨਵਾਂ ਸੀਜਨ ਸੁਰੂ ਹੋ ਗਿਆ ਹੈ।